Punjabi Parwaz

# ਪੰਜਾਬੀ ਪਰਵਾਜ਼

ਅੰਕ ਨੌਂਵਾਂ (ਸ਼ਿਕਾਗੋ): 16 ਸਤੰਬਰ ਤੋਂ 29 ਸਤੰਬਰ 2023 ਤੱਕ | ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com | www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਦਿੱਲੀ ਐਲਾਨਨਾਮੇ ‘ਤੇ ਸਰਬਸੰਮਤੀ ਬਣਾਉਣ ‘ਚ ਡਰਾਫਟਕਾਰਾਂ ਦੀ ਅਹਿਮ ਭੂਮਿਕਾ

### *ਹਰ ਦੇਸ਼ ਆਪਣੇ ਅਨੁਕੂਲ ਮਤਲਬ ਕੱਢਣ ਲੱਗਾ ਦਿੱਲੀ ਐਲਾਨਨਾਮੇ ਦੇ*

**ਨਵੀਂ ਦਿੱਲੀ:** ਜੀ-20 ਸੰਮੇਲਨ ਵਿੱਚ ਬੀਤੇ ਐਤਵਾਰ ਬਣੀ ਸਰਬ ਸੰਮਤੀ ਦੇਸ਼ ਵਿੱਚ ਵੀ ਅਤੇ ਕੌਮਾਂਤਰੀ ਪੱਧਰ ‘ਤੇ ਵੀ ਭਾਰਤੀ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਪਾਰਟੀ ਲਈ ਹਾਂਪੱਖੀ ਸਾਬਤ ਹੋ ਸਕਦੀ ਹੈ। ਉਸ ਸਮੇਂ ਜਦੋਂ ਦੇਸ਼ ਦੇ ਪੰਜ ਰਾਜਾਂ ਤੋਂ ਇਲਾਵਾ ਅਗਲੇ ਸਾਲ ਲੋਕ ਸਭਾ ਚੋਣਾਂ ਹੋਣ ਜਾ ਰਹੀਆਂ ਹਨ ਤਾਂ ਭਾਜਪਾ ਦੀ ਡਿੱਗ ਰਹੀ ਸ਼ਾਖ ਲਈ ਇਸ ਕਿਸਮ

**ਜਸਵੀਰ ਸਿੰਘ ਸ਼ੀਰੀ**

ਦੇ ਸ਼ੋਅ ਬਿਜ਼ਨਸ ਵੱਡਾ ਸਹਾਰਾ ਬਣ ਸਕਦੇ ਹਨ। ਯਾਦ ਰਹੇ, ਮਨੀਪੁਰ ਵਿੱਚ ਚੱਲ ਰਹੀ ਨਸਲੀ ਹਿੰਸਾ, ਵਧ ਰਹੀ ਮਹਿੰਗਾਈ ਤੇ ਬੇਰੁਜ਼ਗਾਰੀ ਅਤੇ ਆਰਥਕ ਵਿਕਾਸ ਦਾ ਲਾਭ ਆਮ ਗਰੀਬ ਵਰਗਾਂ ਤੱਕ ਨਾ ਪੁੱਜਣ ਕਾਰਨ ਭਾਰਤੀ ਜਨਤਾ ਪਾਰਟੀ ਦੀ ਮਕਬੂਲੀਅਤ ਦਾ ਗਰਾਫ ਹੇਠਾਂ ਵੱਲ ਜਾ ਰਿਹਾ ਹੈ।

ਜੀ-20 ਦੇ ਦਿੱਲੀ ਸੰਮੇਲਨ ਵਿੱਚ ਰੂਸ-ਯੂਕਰੇਨ ਜੰਗ ਅਤੇ ਕਲਾਈਮੇਟ ਚੇਂਜ ਜਿਹੇ ਮੁੱਦਿਆਂ ‘ਤੇ ਦੁਨੀਆਂ ਦੇ ਬਹੁਤੇ ਮੁਲਕਾਂ ਨੂੰ ਕੋਈ ਸੰਮਤੀ ਬਣਨ ਦੀ ਆਸ ਨਹੀਂ ਸੀ, ਪਰ ਇਸ ਸਰਬ ਸੰਮਤੀ ਨਾਲ ਅਤੇ ਬਰਤਾਨੀਆ ਵਲੋਂ ਵਾਤਾਵਰਣਿਕ ਫੰਡ ਲਈ ਦੋ ਅਰਬ ਡਾਲਰ ਦੇਣ ਦੇ ਐਲਾਨ ਨਾਲ ਇਹ ਸੰਮੇਲਨ ਪ੍ਰਭਾਵੀ ਬਣ ਗਿਆ ਹੈ। ਇਸ ਤੋਂ ਅੱਗੇ 18 ਸਤੰਬਰ ਤੋਂ ਪੰਜ ਦਿਨ ਦਾ ਵਿਸ਼ੇਸ਼ ਪਾਰਲੀਮਾਨੀ ਸੰਮੇਲਨ ਵੀ ਸ਼ੁਰੂ ਹੋ ਰਿਹਾ ਹੈ। ਇਸ ਸਮੇਲਨ ਵਿੱਚ ਵੀ ਸਰਕਾਰ ਆਪਣੀ ਲੀਡਰਸ਼ਿਪ ਦੇ ਬਣੇ ਹਾਂਮੁਖੀ ਪ੍ਰਭਾਵ ਨੂੰ ਮਜ਼ਬੂਤ ਕਰਨ ਦਾ ਯਾਤਨ ਕਰੇਗੀ। ਸਰਕਾਰ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਕਾਟ ਕਰਨਾ ਵਿਰੋਧੀ ਪਾਰਟੀਆਂ ਦੇ ਗਠਜੋੜ ਲਈ ਕਠਿਨ ਚੁਣੌਤੀ ਹੋਏਗੀ।

ਉਂਝ ਵਿਰੋਧੀ ਧਿਰ ਵਲੋਂ ਅਤੇ ਕਈ ਕੌਮਾਂਤਰੀ ਆਗੂਆਂ ਵਲੋਂ, ਗਰੀਬਾਂ ਤੇ ਆਵਾਰਾ ਜਾਨਵਰਾਂ ਨੂੰ ਕੌਮਾਂਤਰੀ ਆਗੂਆਂ ਦੀ ਨਜ਼ਰ ਤੋਂ ਉਹਲੇ ਰੱਖਣ, ਯੂਕਰੇਨ ਉਤੇ ਰੂਸੀ ਹਮਲੇ ਕਾਰਨ ਉਸ ਖਿਲਾਫ ਸਖਤ ਭਾਸ਼ਾ ਨਾ ਵਰਤਣ ਕਰਕੇ ਭਾਰਤੀ ਲੀਡਰਸ਼ਿੱਪ ਦੀ ਆਲੋਚਨਾ ਵੀ ਹੋ ਰਹੀ ਹੈ। ਪਰ ਦਿਲਚਸਪ ਤੱਥ ਇਹ ਹੈ ਕਿ ਰੂਸ ਖਿਲਾਫ ਭਾਸ਼ਾ ਵਿੱਚ ਨਰਮਾਈ ਕਾਰਨ ਹੀ ਉਪਰੋਕਤ




ਸਰਬਸੰਮਤੀ ਬਣ ਸਕੀ ਹੈ। ਅਸਲ ਵਿੱਚ ਹਿੰਦੋਸਤਾਨੀ ਲੀਡਰਸ਼ਿੱਪ ਹਾਲੇ ਵੀ ਗੁੱਟ-ਨਿਰਲੇਪ ਲਹਿਰ ਵਾਲੀ ਵਿਚਾਰਧਾਰਾ ‘ਤੇ ਹੀ ਅੱਗੇ ਵਧਦੀ ਵਿਖਾਈ ਦੇ ਰਹੀ ਹੈ।

ਜਿੱਥੇ ਕਲਾਈਮੇਟ ਅਤੇ ਯੂਕਰੇਨ ਜੰਗ ਸਮੇਤ ਸਾਰੇ ਮੁੱਦਿਆਂ ‘ਤੇ ਜੀ-20 ਮੁਲਕਾਂ ਵਿੱਚ ਸਰਬਸੰਮਤੀ ਬਣਨਾ, ਅਫਰੀਕਨ ਯੂਨੀਅਨ ਦਾ ਇਸ ਗਠਜੋੜ ਵਿੱਚ ਪ੍ਰਵੇਸ਼ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਵਲੋਂ ਕਲਾਈਮੇਟ ਚੇਂਜ ਨਾਲ ਨਜਿੱਠਣ ਲਈ 2 ਅਰਬ ਡਾਲਰ ਦੇਣ ਦਾ ਐਲਾਨ ਕਰਨਾ ਇਸ ਸੰਮੇਲਨ ਦੀ ਪ੍ਰਾਪਤੀ ਹੈ, ਉਥੇ ਭਾਰਤ-ਮੱਧ ਪੂਰਬ -ਯੂਰਪ ਲਾਂਘਾ ਬਣਾਉਣ ਜਿਹੀ ਤਜਵੀਜ਼ ਵੀ ਵੱਡਾ ਹਾਂਪੱਖੀ ਕਦਮ ਹੈ। ਇਸ ਦੌਰਾਨ ਸੋਲਰ ਐਨਰਜੀ ਅਲਾਇੰਸ ਦੀ ਤਰਜ਼ ‘ਤੇ ਆਲਮੀ ਜੈਵਿਕ ਈਂਧਨ ਅਲਾਇੰਸ ਦਾ ਹੋਂਦ ਵਿੱਚ ਆਉਣਾ ਵੀ ਇਸ ਸੰਮੇਲਨ ਦੀ ਵੱਡੀ ਪ੍ਰਾਪਤੀ ਮੰਨੀ ਜਾ ਰਹੀ ਹੈ। ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ 2050 ਤੱਕ ਨੈਟ ਜ਼ੀਰੋ ਕਰਨ ਦਾ ਨਿਸ਼ਾਨਾ ਵੀ ਮਿੱਥਿਆ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬੀਤੇ ਸ਼ਨਿਚਰਵਾਰ ਜਾਰੀ ਕੀਤੇ ਗਏ ਐਲਾਨਾਮੇ ਵਿੱਚ ਉਪਰੋਕਤ ਤੋਂ ਇਲਾਵਾ ਅਤਿਵਾਦ ਤੇ ਮਨੀ ਲਾਂਡਰਿੰਗ ਖਿਲਾਫ ਜੰਗ, ਆਰਥਿਕਤਾ, ਵਾਤਾਵਰਣ, ਆਲਮੀ ਵਿਕਾਸ, ਬਹੁਪਰਤੀ ਵਿਕਾਸ ਬੈਂਕਾਂ ਦਾ ਪੁਨਰ ਉਥਾਨ,

⇒ *ਬਾਕੀ ਅਗਲੇ ਸਫੇ ਉਤੇ ਪੜ੍ਹੋ*

## ਜੀ-20 ਸੰਮੇਲਨ ਦੌਰਾਨ ਸੱਤ ਅਹਿਮ ਨੁਕਤਿਆਂ ‘ਤੇ ਜ਼ੋਰ

**ਨਵੀਂ ਦਿੱਲੀ:** ਜੀ-20 ਮੁਲਕਾਂ ਦਾ ਦੋ ਦਿਨਾ ਸੰਮੇਲਨ ਬੀਤੇ ਐਤਵਾਰ (10 ਸਤੰਬਰ) ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਖਤਮ ਹੋ ਗਿਆ। ਇਸ ਸੰਮੇਲਨ ਦੇ ਪਹਿਲੇ ਦਿਨ ਦੇ ਅੰਤ ‘ਤੇ ‘ਨਵੀਂ ਦਿੱਲੀ ਲੀਡਰਜ਼ ਸਮਿਟ ਡੈਕਲਰੇਸ਼ਨ’ ਨਾਂ ਦਾ ਇੱਕ ਐਲਾਨਨਾਮਾ ਜਾਰੀ ਕੀਤਾ ਗਿਆ। ਇਸ ਐਲਾਨਨਾਮੇ ਵਿੱਚ ਮੁੱਖ ਤੌਰ ‘ਤੇ 7 ਖੇਤਰਾਂ ‘ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਡਿਜ਼ੀਟਲ ਪਬਲਿਕ ਇਨਫਰਾਸਟਰਕਚਰ, ਮਲਟੀਲੇਟਰਲ ਡਿਵੈਲਪਮੈਂਟ ਬੈਂਕਾਂ ਨੂੰ ਮੁੜ ਨਵਿਆਉਣਾ (ਰੀਵੈਂਪ ਕਰਨਾ), ਮੌਸਮੀ ਤਬਦੀਲੀ (ਕਲਾਈਮੇਟ ਚੇਂਜ), ਕਰਿਪਟੋ ਕਰੰਸੀ ਨੂੰ ਰੈਗੂਲੇਰਾਈਜਲ ਕਰਨਾ, ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਮਨੁੱਖੀ ਭਲਾਈ ਲਈ ਵਰਤੋਂ, ਡਿਜ਼ਾਸਟਰ ਰਿਸਕ ਰਿਡਕਸ਼ਨ ਦਾ ਸੰਸਥਾਈਕਰਣ, ਫੌਰੀ ਚਣੌਤੀਆਂ ਆਦਿ ਸ਼ਾਮਲ ਹਨ।

ਜਿਥੋਂ ਤੱਕ ਡਿਜ਼ੀਟਲ ਪਬਲਿਕ ਇਨਫਰਾਸਟਰਕਚਰ ਦਾ ਸਵਾਲ ਹੈ, ਇਸ ਖੇਤਰ ਵਿੱਚ ਭਾਰਤ ਬਾਕੀ ਮੁਲਕਾਂ ਨਾਲੋਂ ਆਪਣੇ ਆਪ ਨੂੰ ਅੱਗੇ ਹੋਣ ਦਾ ਦਾਅਵਾ ਕਰਦਾ ਹੈ ਅਤੇ ਦੁਨੀਆਂ ਦੇ ਡਿਜੀਟਲ ਪਬਲਿਕ ਇਨਫਰਾਸਟਰਕਚਰ ਦੀ ਰਿਪੋਸਟਰੀ (ਡੈਟਾ ਬੈਂਕ) ਬਣਨਾ ਚਹੁੰਦਾ ਹੈ। ਐਲਾਨਨਾਮੇ ਅਨੁਸਾਰ ਇਹ ਕੋਸ਼ਿਸ਼ਾਂ ਇੱਕ ਭਵਿੱਖੀ ਗਠਜੋੜ ਵੱਲ ਵਧਣਗੀਆਂ। ਇਸ ਕਾਰਜ ਲਈ ਫੰਡ ਪਬਲਿਕ ਅਤੇ ਪ੍ਰਾਈਵੇਟ ਸੈਕਟਰ, ਦੋਹਾਂ ਪਾਸਿਆਂ ਤੋਂ ਜੁਟਾਏ ਜਾਣਗੇ।

ਮਲਟੀਲੇਟਰਲ ਡਿਵੈਲਪਮੈਂਟ ਬੈਂਕਾਂ ਨੂੰ ਮੁੜ ਨਵਿਆਉਣ ਦੇ ਅਮਲ ਦੇ ਕੇਂਦਰ ਵਿੱਚ ਸੰਸਾਰ ਬੈਂਕ ਦੀ ਭੂਮਿਕਾ ਹੋਏਗੀ। ਯਾਦ ਰਹੇ, ਮਲਟੀਲੇਟਰਲ ਡਿਵੈਲਪਮੈਂਟ ਬੈਂਕਾਂ ਦੂਜੀ ਸੰਸਾਰ ਜੰਗ ਤੋਂ ਬਾਅਦ ਹੋਂਦ ਵਿੱਚ ਆਈਆਂ ਸਨ, ਪਰ ਬਾਅਦ ਵਿੱਚ ਇਨ੍ਹਾਂ ਦੀ ਭੂਮਿਕਾ ਧੁੰਦਲੀ ਪੈਂਦੀ ਗਈ। ਇਸ ਕਾਰਜ ਨੂੰ ਅੱਗੇ ਤੋਰਨ ਲਈ ਇੱਕ ਇੰਡੀਪੈਂਡੈਂਟ ਐਕਸਪਰਟ ਗਰੁੱਪ ਦੀ ਸਥਾਪਨਾ ਵੀ ਕੀਤੀ ਗਈ ਹੈ। ਇਸ ਗਰੁੱਪ ਵਲੋਂ ਮਲਟੀਲੇਟਰਲ ਬੈਂਕਾਂ ਦੀ ਪੁਨਰਸੁਰਜੀਤੀ ਲਈ ਇੱਕ ਰੋਡਮੈਪ ਵੀ ਜਾਰੀ ਕੀਤਾ ਗਿਆ ਹੈ।

ਦਿੱਲੀ ਐਲਾਨਨਾਮੇ ਵਿੱਚ ਕਲਾਈਮੇਟ ਚੇਂਜ ਦੇ ਮਸਲੇ ਨੂੰ ਸੰਬੋਧਨ ਹੁੰਦਿਆਂ ਗਰੀਨ ਹਾਊਸ ਗੈਸਾਂ ਦੀ ਨਿਕਾਸੀ 2030 ਤੱਕ 43 ਫੀਸਦੀ ਘਟਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਮਕਸਦ ਲਈ ਵਿਕਾਸਸ਼ੀਲ ਦੇਸ਼ਾਂ ਨੂੰ 5.9 ਟ੍ਰਿਲੀਅਨ ਡਾਲਰ ਦੀ ਲੋੜ ਪਏਗੀ। ਇਸ ਮਾਮਲੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਲੀਨ ਊਰਜਾ ਵੱਲ ਤਬਦੀਲੀ ਅਤੇ 2050 ਤੱਕ ਨੈਟ-ਜ਼ੀਰੋ ਨਿਕਾਸੀ ਦਾ ਟੀਚਾ ਹਾਸਲ ਕਰਨ ਲਈ ਹਰੇਕ

⇒ *ਬਾਕੀ ਅਗਲੇ ਸਫੇ ਉਤੇ ਪੜ੍ਹੋ*

Maaco
COLLISION REPAIR & AUTO PAINTING
AMERICA'S BODYSHOP

*We Work With All Insurance Co.
*Referrals Receive 10% Off
*We Replace Windshields
*Rental Car On Site *Free Towing



252 Commonweal Dr,
Carol Stream, IL 60188

Ph: 630-752-9240
MAACOCAROLSTREAM@YAHOO.COM

Jatin Patel



# ਭਾਰਤ ਸਰਕਾਰ, ਮੀਡੀਆ ਨੇ ਟਰੂਡੋ ਨੂੰ ਪੰਚ ਬੌਕਸ ਬਣਾਇਆ

ਜਸਟਿਨ ਟਰੂਡੋ ਕੈਨੇਡਾ ਦੀ ਲਿਬਰਲ ਪਾਰਟੀ ਦੇ ਅਤਿ ਲਿਬਰਲ ਆਗੂ ਹਨ। ਇਹ ਵਿਚਾਰ ਉਨ੍ਹਾਂ ਨੂੰ ਆਪਣੇ ਪਿਤਾ ਤੋਂ ਵਿਰਾਸਤ ਵਿੱਚ ਮਿਲੇ ਹਨ। ਅਜਿਹੇ ਬੰਦਿਆਂ ਨੂੰ ਮਨੁੱਖ-ਮਨੁੱਖ ਵਿੱਚ ਫਰਕ ਨਹੀਂ ਦਿਸਦੇ ਹੁੰਦੇ! ਮਨੁੱਖ ਦੀਆਂ ਸਭ ਨਸਲਾਂ, ਜਾਤਾਂ, ਗੋਤਾਂ ਧਰਮਾਂ ਵਿੱਚੋਂ ਉਹ ਇਨਸਾਨ ਵੇਖ ਲੈਂਦੇ ਹਨ। ਸਾਡੇ ਵਰਗੇ ਮੁਲਕ ਵਿੱਚ ਜਿੱਥੇ ਵਿਅਕਤੀ ਚਿਹਰੇ ਮੋਹਰੇ ਅਤੇ ਕੱਪੜੇ-ਲੱਤੇ ਦੇ ਫਰਕ ਕਾਰਨ ਹੀ ਕਤਲ ਹੋ ਜਾਂਦਾ ਹੈ ਜਾਂ ਜਿਉਂਦਾ ਸਾੜ ਦਿੱਤਾ ਜਾਂਦਾ ਹੈ। ਜਿੱਥੇ ਭੀੜ ਹਰ

**ਜਸਵੀਰ ਸਿੰਘ ਸ਼ੀਰੀ**

ਆਏ ਦਿਨ ਵੱਖਰੇ ਵਿਸ਼ਵਾਸ਼ਾਂ, ਵੱਖਰੀ ਤਰ੍ਹਾਂ ਖਾਣ-ਪੀਣ ਵਾਲੇ ਬੰਦਿਆਂ ਨੂੰ ਕੋਹ ਕੋਹ ਕੇ ਮਾਰ ਦਿੰਦੀ ਹੈ, ਉਥੋਂ ਦੇ ਲੀਡਰਾਂ ਨੂੰ ਟਰੂਡੋ ਦੀ ਸਮਝ ਕਿਵੇਂ ਪਵੇ, ਬਈ ਉਹ ਕਹਿ ਕੀ ਰਿਹਾ ਹੈ? ਇਸ ਵਾਰ ਉਸ ਕੋਲੋਂ ਜਦੋਂ ਮੀਡੀਆ ਨੇ ਪੁੱਛਿਆ ਕਿ ਤੁਹਾਡੇ ਮੁਲਕ ਵਿੱਚ ਖਾਲਿਸਤਾਨੀ ਸਰਗਰਮੀਆਂ 'ਤੇ ਰੋਕ ਕਿਉਂ ਨਹੀਂ ਲਗਦੀ ਤਾਂ ਉਸ ਨੇ ਕਿਹਾ, "ਮੇਰੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇਸ ਵਾਰ ਵੀ ਤੇ ਕਈ ਵਾਰ ਪਹਿਲਾਂ ਵੀ ਗੱਲ ਹੋਈ ਹੈ। ਸਾਡੇ ਲਈ ਨਾਗਰਿਕਾਂ ਦੀ 'ਫਰੀਡਮ ਆਫ ਅਕਸਪ੍ਰੈਸ਼ਨ, ਫਰੀਡਮ ਆਫ ਪੀਸਫੁਲ ਪ੍ਰੋਟੈਸਟ ਅਤੇ ਫਰੀਡਮ ਆਫ ਕਨਸਾਇੰਸ (ਜ਼ਮੀਰ ਦੀ ਆਜ਼ਾਦੀ) ਅਤੀ {ਐਕਸਟਰੀਮਲੀ} ਮਹੱਤਵਪੂਰਨ ਹੈ।"

ਅਖੀਰਲੀ ਫਰੀਡਮ 'ਤੇ ਜ਼ਰਾ ਧਿਆਨ ਦਿਉ, 'ਜ਼ਮੀਰ ਦੀ ਆਜ਼ਾਦੀ!' ਸਾਡੇ ਇਥੇ ਇਹ ਸੰਵਿਧਾਨ ਵਿੱਚ ਵੀ ਨਾ ਲਿਖੀ ਹੋਵੇ ਸ਼ਾਇਦ। ਬੋਲਣ ਦੀ ਆਜ਼ਾਦੀ, ਪ੍ਰੋਟੈਸਟ ਕਰਨ ਦੀ ਆਜ਼ਾਦੀ ਨੂੰ ਉਥੇ ਸਾਡੇ ਧਾਰਮਿਕ ਅਕੀਦੇ ਜਿੰਨਾ ਮਹੱਤਵ ਦਿੱਤਾ ਜਾਂਦਾ ਹੈ। ਕੈਨੇਡੀਅਨ ਸਮਾਜ ਲਈ ਅਮੁੱਲ, ਫਰੀਡਮ ਆਫ ਅਕਸਪ੍ਰੈਸ਼ਨ ਦਾ ਸਾਡੇ ਇਥੇ ਹਾਲ ਇਹ ਹੈ ਕਿ ਇਥੇ ਆਣ ਕੇ ਅਮਰੀਕਾ ਦਾ ਰਾਸ਼ਟਰਪਤੀ ਆਪਣੇ ਨਾਲ ਆਏ ਅਮਰੀਕਾ ਦੇ ਪੱਤਰਕਾਰਾਂ ਨਾਲ ਵੀ ਗੱਲ ਨਹੀਂ ਕਰ ਸਕਿਆ! ਆਪਣੀ ਪ੍ਰੈਸ ਕਾਨਫਰੰਸ ਉਸ ਨੂੰ ਵੀਅਤਨਾਮ ਜਾ ਕੇ ਕਰਨੀ ਪਈ। ਇਸ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਇਸ ਮਾਮਲੇ ਵਿੱਚ ਆਮ ਨਾਗਰਿਕਾਂ ਦਾ ਕੀ ਹਾਲ ਹੁੰਦਾ ਹੋਵੇਗਾ? ਭੀੜਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ, ਵੱਖਰੇ ਧਰਮ, ਨਸਲ ਵਾਲਿਆਂ ਨੂੰ ਨਿਸ਼ਾਨਾ ਬਣਾ ਕੇ ਸੱਤਾ ਹਾਸਲ ਕਰਨ ਵਾਲੀਆਂ ਪਾਰਟੀਆਂ ਦੇ ਮੁਲਕ 'ਚ 'ਬੋਲਣ ਦੀ ਆਜ਼ਾਦੀ', 'ਜ਼ਮੀਰ ਦੀ ਆਜ਼ਾਦੀ' ਕਿਸੇ ਹੋਰ ਪਲੈਨਿਟ ਦੀਆਂ ਗੱਲਾਂ ਹਨ। ਇਹ ਤਾਂ ਸਗੋਂ ਸੱਤਾਵਾਨਾਂ ਲਈ ਸਮੱਸਿਆਵਾਂ ਬਣਨਗੀਆਂ। ਚੁੱਪ ਰਹੋ



ਜਸਟਿਨ ਟਰੂਡੋ ਜੀ-20 ਸੰਮੇਲਨ 'ਚ ਵਰਲਡ ਬੈਂਕ ਦੇ ਪ੍ਰੈਜ਼ੀਡੈਂਟ ਅਜੇ ਬੰਗਾ ਨਾਲ

ਤੇ ਹਕੂਮਤ ਦੀ ਬੱਲੇ ਬੱਲੇ ਕਰੋ, ਇਥੇ ਬੋਲਣ ਦੀ ਆਜ਼ਾਦੀ ਦਾ ਇਹੋ ਅਰਥ ਹੈ। ਬੋਲਣ ਦੀ ਆਜ਼ਾਦੀ ਦਾ ਮਤਲਬ ਵੱਖਰੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੈ। ਇਹ ਰਾਜ ਕਰ ਰਹੀ ਪਾਰਟੀ ਦੇ ਬਿਲਕੁਲ ਉਲਟ ਵੀ ਹੋ ਸਕਦੇ ਹਨ। ਹਰ ਸ਼ਹਿਰੀ ਆਪਣੇ ਦਿਲ ਦੀ ਗੱਲ ਕਹਿ ਸਕੇ ਕਿ ਕਿਸੇ ਸਰਕਾਰ, ਪਾਲਿਸੀ, ਪ੍ਰੋਗਰਾਮ ਆਦਿ ਬਾਰੇ ਉਹ ਕੀ ਸੋਚਦਾ।

ਟਰੂਡੋ ਵਾਲਾ ਮੁਲਕ ਨਾਗਰਿਕ ਆਧਾਰਤ ਸਮਾਜ/ਦੇਸ਼ ਹੈ, ਜਿਵੇਂ ਸਾਡੇ ਇਥੇ ਧਰਮ ਆਧਾਰਤ ਹੈ। ਨਾਗਰਿਕ ਦੀ ਬੋਲਣ ਦੀ ਆਜ਼ਾਦੀ, ਜੋ ਗਲਤ ਸਮਝਦਾ ਹੈ ਉਹਦੇ ਵਿਰੁਧ ਪ੍ਰਦਰਸ਼ਨ ਕਰਨ ਦੀ ਆਜ਼ਾਦੀ ਅਤੇ ਆਪਣੀ ਜ਼ਮੀਰ ਨੂੰ ਆਂਚ ਨਾ ਆਉਣ ਦੇਣ ਦੀ ਆਜ਼ਾਦੀ ਦੀ ਰਾਖੀ ਨੂੰ ਉਹ ਸਰਹੱਦਾਂ ਦੀ ਰਾਖੀ ਜਿੰਨਾ ਮਹੱਤਵ ਦਿੰਦੇ ਹਨ। ਆਪਾਂ ਨੂੰ ਯਾਦ ਹੀ ਹੋਣਾ ਕਿੰਨੇ ਸਾਰੇ ਮੁਲਕਾਂ ਦੇ ਕਿੰਨੇ ਸਾਰੇ ਸ਼ਰਨਾਰਥੀਆਂ ਲਈ ਕੈਨੇਡਾ ਦੀ ਟਰੂਡੋ ਅਤੇ ਜਰਮਨੀ ਦੀ ਐਂਜਲਾ ਮਾਰਕਲ ਸਰਕਾਰ ਨੇ ਆਪਣੇ ਦੇਸ਼ਾਂ ਦੇ ਬੂਹੇ ਚੁਪੱਟ ਖੋਲ੍ਹ ਦਿੱਤੇ ਸਨ। ਆਪਣਾ ਕਲਾਵਾ ਖੋਲ੍ਹ ਕੇ ਖੜ੍ਹੇ ਹੋ ਗਏ। ਸਾਡੇ ਲਈ ਭਾਰਤੀ ਮਹਾਂਦੀਪ ਵਿੱਚੋਂ ਆਉਣ ਵਾਲੇ ਸ਼ਰਨਾਰਥੀ ਵੀ ਸਮੱਸਿਆ ਹਨ। ਅਸੀਂ ਉਨ੍ਹਾਂ ਨੂੰ ਚੁਣ-ਚੁਣ ਕੇ ਬਾਹਰ ਧੱਕਣ ਦੀ ਸੋਚ ਰਹੇ ਹਾਂ। ਜਿਹੋ ਜਿਹੀਆਂ ਸਰਕਾਰਾਂ ਦੀਆਂ ਨੀਤੀਆਂ ਅਤੇ ਅਮਲ ਹੋਣਗੇ, ਉਹੋ ਜਿਹੇ ਉਨ੍ਹਾਂ ਮੁਲਕਾਂ ਦੇ ਲੀਡਰਾਂ ਦੇ ਮਨ ਹੋਣਗੇ। ਅਗਾਂਹ ਉਹੋ ਜਿਹੀ ਹੀ ਸਮਾਜਕ ਸੋਝੀ ਹੋਏਗੀ। ਇਕ ਪਾਸੇ ਇਹ ਸੋਚ ਹੈ ਕਿ ਸਾਡੇ ਰਾਜ ਦੀ ਸ਼ਕਤੀ ਮਨੁੱਖ ਦੀ ਜ਼ਮੀਰ ਨੂੰ ਕਿਧਰੇ ਛੋਹ ਨਾ ਜਾਵੇ। ਇੱਥੇ ਜ਼ਮੀਰ ਪਵੇ ਢੱਠੇ ਖੂਹ 'ਚ, ਦਾਹੜੀਆਂ, ਪੱਗਾਂ ਵਾਲੇ ਜਿਉਂਦੇ ਬੰਦੇ ਮੱਚਦੇ ਸਾਰੇ ਜਹਾਨ ਨੇ ਵੇਖੇ ਹਨ, ਹੁਣ ਵੀ ਗਾਹੇ-ਬਗਾਹੇ ਵੇਖ ਰਹੇ ਹਨ। ਪਿਛਲੀ ਵਾਰ ਜਦੋਂ ਕੈਨੇਡੀਆਨ ਪ੍ਰਧਾਨ ਆਇਆ ਸੀ ਤਾਂ ਭਾਰਤ ਸਰਕਾਰ ਦਾ ਉਸ ਪ੍ਰਤੀ ਇਸੇ ਕਿਸਮ ਦਾ ਵਿਹਾਰ ਰਿਹਾ ਸੀ। ਉਸ ਦੀ ਰਸੀਵਿੰਗ ਲਈ ਭਾਵੇਂ ਇਸ ਵਾਰ ਇੱਕ ਕੇਂਦਰ ਮੰਤਰੀ ਨੂੰ ਡੈਪਿਊਟ ਕੀਤਾ ਗਿਆ, ਪਰ ਬਾਅਦ ਵਿੱਚ ਉਹਦੀ ਹਾਲਤ ਮੇਲੇ ਵਿੱਚ ਗੁਆਚੀ ਗਾਂ ਵਰਗੀ ਹੀ ਰਹੀ। ਉਪਰੋਂ ਭਾਰਤੀ ਮੀਡੀਆ ਅਤੇ ਪਿਛਿਉਂ ਕਨਜ਼ਰਵੇਟਿਵ ਪਾਰਟੀ ਪੱਖੀ ਮੀਡੀਆ ਉਸ ਦੀ ਲਾਹ-ਪਾਹ ਕਰਨ ਲੱਗਾ।

ਸਾਡੇ ਇਥੇ ਕੋਈ ਜੁਰਮ ਕਰ ਦੇਵੇ, ਖਾਸ ਕਰਕੇ ਕਿਸੇ ਸਰਕਾਰ ਵਿਰੋਧੀ ਲਹਿਰ ਅਧੀਨ- ਭਗੌੜਾ ਹੋਣ ਦੀ ਹਾਲਤ ਵਿੱਚ ਉਸ ਦੇ ਦੂਰ ਦੇ ਰਿਸ਼ਤੇਦਾਰ ਵੀ ਚੁੱਕ ਲਏ ਜਾਂਦੇ ਹਨ। ਡੰਗਰ ਵੱਛਾ ਖੋਲ੍ਹ ਦਿੱਤਾ ਜਾਂਦਾ। ਬਾਪੂਆਂ ਦੀਆਂ ਚਿੱਟੀਆਂ ਦਾਹੜੀਆਂ, ਪੱਗਾਂ, ਚੁੰਨੀਆਂ ਥਾਣਿਆਂ 'ਚ ਰੁਲਣ ਲਗਦੀਆਂ ਹਨ। ਦੂਜੇ ਪਾਸੇ ਟਰੂਡੋ ਦੇ ਮੂੰਹੋਂ ਸੁਣੋ, ਉਸ ਨੇ ਇੱਕ ਚੈਨਲ ਨਾਲ ਗੱਲਬਾਤ ਕਰਦਿਆਂ ਕੀ ਕਿਹਾ, "ਕਿਸੇ ਇਕ ਬੰਦੇ ਦੇ ਦੋਸ਼ ਲਈ ਸਾਰੇ ਭਾਈਚਾਰੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।" ਸਾਡੇ ਇੱਥੇ, ਖਾਸ ਕਰਕੇ ਵੋਟਾਂ ਵੇਲੇ ਪੂਰੇ ਇੱਕ ਧਰਮ ਜਾਂ ਭਾਈਚਾਰੇ ਦੇ ਲੋਕਾਂ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਲਿਆ ਜਾਂਦਾ ਹੈ। ਸਾਡੇ ਅਤੇ ਕੈਨੇਡਾ ਵਰਗੇ ਮੁਲਕਾਂ ਦੇ ਮਾਨਸਿਕ ਮੁਹਾਂਦਰੇ ਬਿਲਕੁਲ ਵੱਖਰੇ ਹਨ। ਇਨ੍ਹਾਂ ਨੂੰ ਸਮਝਣ ਦੀ ਲੋੜ ਹੈ।

ਮੈਂ ਇਹ ਨਹੀਂ ਕਹਿੰਦਾ ਕਿ ਕੈਨੇਡਾ ਵਿੱਚ ਸਵਰਗ ਬਣ ਗਿਆ ਹੈ। ਉਥੇ ਵੀ ਕਨਜ਼ਰਵੇਟਿਵ ਪਾਰਟੀ ਹੈ। ਸਰਕਾਰੀ ਅਹੁਦਿਆਂ 'ਤੇ ਕੰਮ ਕਰਦੇ ਬੰਦੇ ਨਸਲੀ ਵਿਤਕਰਾ ਵੀ ਕਰਦੇ ਹੋਣਗੇ। ਬਹੁਤ ਸਾਰੀਆਂ ਸਮੱਸਿਆਵਾਂ ਹੋਣਗੀਆਂ। ਫਰਿੰਜ ਐਲੀਮੈਂਟ ਕਿਤੇ ਵੀ ਹੋ ਸਕਦਾ, ਪਰ ਕੈਨੇਡਾ ਹੀ ਦੁਨੀਆਂ ਵਿੱਚ ਅਜਿਹਾ ਮੁਲਕ ਹੈ, ਜਿਹੜਾ ਸੁਚੇਤ ਤੌਰ 'ਤੇ ਸਹੀ ਮਾਅਨਿਆਂ ਵਿੱਚ ਮਲਟੀਕਲਚਰ ਸੁਸਾਇਟੀ ਉਸਾਰਨ ਦਾ ਯਤਨ ਕਰ ਰਿਹਾ ਹੈ ਅਤੇ ਲਿਬਰਲ ਪਾਰਟੀ ਤਬਦੀਲੀ ਦਾ ਧੁਰਾ ਹੈ। ਇਸ ਰਾਹ ਵਿੱਚ ਬਹੁਤ ਸਾਰੀਆਂ ਔਕੜਾਂ ਹਨ। ਸਾਡੇ ਵਰਗੇ ਮੁਲਕ ਹਾਲ ਦੀ ਘੜੀ ਇਸ ਦੇ ਉਲਟ ਰਾਹ 'ਤੇ ਚੱਲ ਰਹੇ ਹਨ। ਅਸੀਂ ਕੁਦਰਤੀ ਤੌਰ 'ਤੇ ਬਹੁ-ਸਭਿਆਚਾਰਕ ਦੇਸ਼ ਦਾ ਇਕਸਾਰ ਅਚਾਰ ਪਾਉਣ ਦਾ ਯਤਨ੍ਹ ਕਰ ਰਹੇ ਹਾਂ। ਇੱਕ ਦੂਜੇ ਦੇ ਉਲਟ ਵਧ ਰਹੀਆਂ ਸੱਭਿਆਤਾਵਾਂ ਦੇ ਆਗੂ ਸੰਵਾਦ ਵੀ ਰਚਾ ਸਕਦੇ ਹਾਂ, ਪਰ ਅਸੀਂ ਹਾਂ ਕਿ ਹਰ ਵਾਰ ਘਸੁੰਨ ਖਿੱਚਣ ਨੂੰ ਹੀ ਪਹਿਲ ਦਿੰਦੇ ਹਾਂ। ਜਦੋਂ ਹੋਰ ਕਿਤੇ ਜ਼ੋਰ ਨਾ ਚੱਲੇ ਤਾਂ ਟਰੂਡੇ ਵਰਗੇ ਆਗੂ ਨੂੰ ਪੰਚ ਬੌਕਸ ਬਣਾ ਲੈਂਦੇ ਹਾਂ!

# ਜੀ-20 ਸੰਮੇਲਨ ਦੌਰਾਨ ਸੱਤ ਅਹਿਮ ਨੁਕਤਿਆਂ 'ਤੇ ਜ਼ੋਰ

ਸਾਲ ਚਾਰ ਖਰਬ ਡਾਲਰ ਹੋਰ ਖਰਚ ਕਰਨ ਦੀ ਜ਼ਰੂਰਤ ਪਏਗੀ। ਇਥੇ ਜ਼ਿਕਰਯੋਗ ਹੈ ਕਿ ਇਨ੍ਹਾਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਇੰਗਲੈਂਡ ਦੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਸ੍ਰੀ ਰਿਸ਼ੀ ਸੁਨਾਕ ਵਲੋਂ 2 ਅਰਬ ਡਾਲਰ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਕਰਿਪਟੋ ਕਰੰਸੀ ਦਾ ਚਲਨ ਪਿਛਲੇ ਸਮੇਂ ਵਿੱਚ ਕਾਫੀ ਵੱਡੀ ਪੱਧਰ 'ਤੇ ਹੋਇਆ ਹੈ, ਪਰ ਕਿਸੇ ਲੀਗਲ ਫਰੇਮਵਰਕ ਦੀ ਅਣਹੋਂਦ ਵਿੱਚ ਕਈ ਵਾਰ ਇਹ ਇੱਕ ਤਰ੍ਹਾਂ ਨਾਲ ਜੂਏ ਦੀ ਖੇਡ ਵੀ ਬਣ ਜਾਂਦੀ ਹੈ। ਕਰਿਪਟੋ ਕਰੰਸੀ ਨੂੰ ਰੈਗੂਲਰਾਈਜ਼ ਕਰਨ 'ਤੇ ਵੀ ਦਿੱਲੀ ਸੁਮਿਟ ਲੀਡਰਜ਼ ਦੇ ਐਲਾਨਨਾਮੇ ਵਿੱਚ ਜ਼ੋਰ ਦਿੱਤਾ ਗਿਆ ਹੈ, ਇਸ ਮਸਲੇ ਨੂੰ ਕੋਈ ਇੱਕ ਮੁਲਕ ਨਹੀਂ ਨਜਿੱਠ ਸਕਦਾ। ਇਹਦੇ ਲਈ ਕੌਮਾਂਤਰੀ ਫਰੇਮਵਰਕ ਦੀ ਲੋੜ ਪਏਗੀ ਅਤੇ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਨੂੰ ਇਸ ਪਾਸੇ ਵੱਲ ਉੱਦਮ ਕਰਨਾ ਪਏਗਾ।

**ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਦਾ ਐਲਾਨ**

ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਮਨੁੱਖੀ ਅਤੇ ਇਖਲਾਕੀ ਕਦਰਾਂ ਕੀਮਤਾਂ ਦੀ ਨਜ਼ਰ ਹੇਠ ਰੱਖਣ ਦੇ ਮਸਲੇ ਨੂੰ ਵੀ ਐਲਾਨਾਮੇ ਵਿੱਚ ਉਭਾਰਿਆ ਗਿਆ। ਦੱਸਣਯੋਗ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਸਬੰਧਤ ਔਨਲਾਈਨ ਪਲੇਟਫਾਰਮ ਤੇਜ਼ੀ ਨਾਲ ਲੋਕਾਂ ਵਿੱਚ ਪਾਪੂਲਰ ਹੋ ਰਹੇ ਹਨ। ਇਸ ਦੇ ਵੱਖ ਵੱਖ ਸਨਅਤਾਂ ਵਿੱਚ ਪ੍ਰਚਲਨ ਨਾਲ ਵੱਡੀ ਪੱਧਰ 'ਤੇ ਨੌਕਰੀਆਂ ਜਾਣ ਦਾ ਖਦਸ਼ਾ ਵੀ ਖੜ੍ਹਾ ਹੋ ਗਿਆ ਹੈ।

ਡਿਜ਼ਾਸਟਰ ਰਿਸਕ ਰਿਡਕਸ਼ਨ ਵਰਕਿੰਗ ਗਰੁਪ ਕਾਇਮ ਕਰਨ ਬਾਰੇ ਵੀ ਇਸ ਦਿੱਲੀ ਐਲਾਨਨਾਮੇ ਵਿੱਚ ਪ੍ਰਮੁੱਖਤਾ ਨਾਲ ਜ਼ਿਕਰ ਹੋਇਆ ਹੈ। ਇਸ ਨੁਕਤੇ ਤਹਿਤ ਜਿੱਥੇ ਅਚਾਨਕ ਤਬਾਹੀ ਨਾਲ ਨਿਪਟਣ ਲਈ ਕੌਮੀ ਅਤੇ ਵਿੱਤੀ ਪੱਧਰ 'ਤੇ ਸਮਰੱਥਾ ਵਧਾਉਣ ਦਾ ਸੱਦਾ ਦਿੱਤਾ ਗਿਆ, ਉਥੇ ਇਸ ਮਕਸਦ ਲਈ ਕੌਮਾਂਤਰੀ ਪਲੇਟਫਾਰਮ ਖੜ੍ਹਾ ਕਰਨ ਦੀ ਵੀ ਵਕਾਲਤ ਕੀਤੀ ਗਈ ਹੈ।

ਉਪਰੋਕਤ ਤੋਂ ਇਲਾਵਾ ਫੌਰੀ ਚੁਣੌਤੀਆਂ ਵਾਲਾ ਨੁਕਤਾ ਵੀ ਉਭਾਰਿਆ ਗਿਆ ਹੈ। ਇਸ ਤਹਿਤ ਯੂਕਰੇਨ ਅਤੇ ਰੂਸ ਵਿਚਾਲੇ ਜੰਗ ਦਾ ਮਸਲਾ ਵੀ ਆਉਂਦਾ ਹੈ। ਇਸੇ ਮਸਲੇ 'ਤੇ ਸਾਰੇ ਦੇਸ਼ਾਂ ਦੀ ਇੱਕ ਰਾਏ ਬਣਾਉਣ ਲਈ ਭਾਰਤੀ ਖੇਮੇ ਨੂੰ ਵੱਡੀ ਮਿਹਨਤ ਕਰਨੀ ਪਈ। ਕਈ ਵਾਰ ਇਹ ਵੀ ਲਗਦਾ ਸੀ ਕਿ ਇਸ ਮਸਲੇ 'ਤੇ ਆਮ ਰਾਏ ਨਹੀਂ ਬਣ ਸਕੇਗੀ, ਪਰ ਡੈਕਲੇਰੇਸ਼ਨ ਦੇ ਡਰਾਫਟਕਾਰਾਂ ਵਲੋਂ ਅੰਤ ਜਦੋਂ ਰੂਸ-ਯੂਕਰੇਨ ਮਸਲੇ ਨੂੰ ਯੂਨਾਈਟਡ ਨੇਸ਼ਨ ਚਾਰਟਰ ਦੇ ਅਧੀਨ ਰੱਖ ਕੇ ਬਿਆਨਿਆ ਗਿਆ ਅਤੇ ਸਾਰੇ ਮੁਲਕਾਂ ਦੀ ਖੇਤਰੀ ਅਖੰਡਤਾ ਤੇ ਪ੍ਰਭੂਸਤਾ ਦੇ ਸਨਮਾਨ ਦੀ ਗੱਲ ਕੀਤੀ ਗਈ ਤਾਂ ਇਸ 'ਤੇ ਵੀ ਸਰਬਸੰਮਤੀ ਬਣ ਗਈ; ਪਰ ਇਸ ਨੂੰ ਭਾਸ਼ਾਈ ਡਰਾਫਟਕਾਰੀ ਦਾ ਕਮਾਲ ਹੀ ਕਿਹਾ ਜਾ ਸਕਦਾ ਹੈ, ਜਿਸ ਵਿਚੋਂ ਸਾਰੇ ਮੁਲਕ ਆਪੋ ਆਪਣੇ ਅਰਥ ਕੱਢ ਸਕਦੇ ਹਨ। ਫੌਰੀ ਚੁਣੌਤੀਆਂ ਦੇ ਤਹਿਤ ਜਾਂਬੀਆ, ਘਾਨਾ, ਸ੍ਰੀਲੰਕਾ ਅਤੇ ਇਥੋਪੀਆ ਕਰਜ਼ੇ ਦੇ ਸੰਕਟ ਦਾ ਮਸਲਾ ਵੀ ਛੋਹਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਜੀ-20 ਸਮੂਹ ਵਿੱਚ 19 ਦੇਸ਼ ਸ਼ਾਮਲ ਹਨ: ਅਰਜਨਟੀਨਾ, ਆਸਟਰੇਲੀਆ, ਬ੍ਰਾਜ਼ੀਲ, ਕੈਨੇਡਾ, ਚੀਨ, ਫ਼ਰਾਂਸ, ਜਰਮਨੀ, ਭਾਰਤ, ਇੰਡੋਨੇਸ਼ੀਆ, ਇਟਲੀ, ਜਾਪਾਨ, ਰਿਪਬਲਿਕ ਆਫ਼ ਕੋਰੀਆ, ਮੈਕਸੀਕੋ, ਰੂਸ, ਸਾਊਦੀ ਅਰਬ, ਦੱਖਣੀ ਅਫ਼ਰੀਕਾ, ਤੁਰਕੀ, ਯੂਨਾਈਟਿਡ ਕਿੰਗਡਮ ਅਤੇ ਅਮਰੀਕਾ। ਯੂਰਪੀਅਨ ਯੂਨੀਅਨ ਸਮੂਹ ਦਾ 20ਵਾਂ ਮੈਂਬਰ ਹੈ। ਹਰ ਸਾਲ ਇੱਕ ਰੋਟੇਸ਼ਨਲ ਪ੍ਰਣਾਲੀ ਤਹਿਤ ਮੈਂਬਰ ਦੇਸ਼ਾਂ ਨੂੰ ਕਾਨਫਰੰਸ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਦਾ ਹੈ। ਹਰ ਸਾਲ ਮੇਜ਼ਬਾਨ ਦੇਸ਼ ਜੀ-20 ਮੀਟਿੰਗਾਂ ਦਾ ਆਯੋਜਨ ਕਰਦੇ ਹਨ। ਬੈਠਕਾਂ ਇੱਕ ਥੀਮ ਦੇ ਤਹਿਤ ਹੁੰਦੀਆਂ ਹਨ ਅਤੇ ਬਹੁਤ ਸਾਰੇ ਉਤਸ਼ਾਹ ਭਰਪੂਰ ਟੀਚੇ ਨਿਰਧਾਰਤ ਕੀਤੇ ਜਾਂਦੇ ਹਨ।

ਮਾਹਰਾਂ ਅਨੁਸਾਰ ਜੀ-20 ਦੀ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ 2008 ਦੇ ਆਰਥਿਕ ਸੰਕਟ ਨਾਲ ਨਜਿੱਠਣਾ ਸੀ। ਉਸ ਸਮੇਂ ਆਰਥਿਕ ਸੰਕਟ ਨੂੰ ਕਾਬੂ ਕਰਨ ਵਿੱਚ ਸਮੂਹ ਨੇ ਅਹਿਮ ਭੂਮਿਕਾ ਨਿਭਾਈ ਸੀ। ਇਸ ਦੇ ਨਾਲ ਹੀ ਜੀ-20 ਨੇ ਆਈ.ਐੱਮ.ਐਫ਼. ਅਤੇ ਵਿਸ਼ਵ ਬੈਂਕ ਵਿੱਚ ਵੀ ਕੁਝ ਸਾਰਥਕ ਬਦਲਾਅ ਕੀਤੇ ਹਨ।

ਚਰਚਾ ਹੈ ਕਿ 1999 ਵਿੱਚ ਇਸ ਦੇ ਗਠਨ ਤੋਂ ਬਾਅਦ, ਸਮੂਹ ਦੇ ਜ਼ਿਆਦਾਤਰ ਸਾਂਝੇ ਬਿਆਨ ਸਿਰਫ਼ ਬਿਆਨਾਂ ਤੱਕ ਹੀ ਸੀਮਤ ਰਹੇ। ਮਿਸਾਲ ਵਜੋਂ ਰੋਮ ਵਿੱਚ 2021 ਦੇ ਸਿਖਰ ਸੰਮੇਲਨ ਦੌਰਾਨ ਜੀ-20 ਆਗੂਆਂ ਨੇ ਸਾਰਥਕ ਅਤੇ ਪ੍ਰਭਾਵੀ ਕੰਮਾਂ ਨਾਲ ਗਲੋਬਲ ਵਾਰਮਿੰਗ ਨੂੰ ਸੀਮਿਤ ਕਰਨ ਦੀ ਗੱਲ ਕਰਦਿਆਂ ਜ਼ੋਰ ਦਿੱਤਾ ਸੀ ਕਿ ਵਿਦੇਸ਼ਾਂ ਵਿੱਚ ਕੋਲਾ ਬਿਜਲੀ ਪਲਾਂਟਾਂ ਦੇ ਵਿੱਤ ਨੂੰ ਸੀਮਿਤ ਕੀਤਾ ਜਾਵੇਗਾ। ਇਹ ਕੋਲੇ ਤੋਂ ਬਿਜਲੀ ਪੈਦਾ ਕਰਨ ਦੇ ਤਰੀਕੇ ਨੂੰ ਖ਼ਤਮ ਕਰਨਾ ਸੀ। ਬਾਅਦ ਵਿੱਚ ਸਾਲ 2022 ਵਿੱਚ ਇੰਟਰਨੈਸ਼ਨਲ ਐਨਰਜੀ ਏਜੰਸੀ ਨੇ ਰਿਪੋਰਟ ਦਿੱਤੀ ਕਿ ਦੁਨੀਆਂ ਭਰ ਵਿੱਚ ਕੋਲਾ ਆਧਾਰਤ ਬਿਜਲੀ ਉਤਪਾਦਨ ਇੱਕ ਨਵੇਂ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ।

ਅੰਗਰੇਜ਼ੀ ਅਖ਼ਬਾਰ 'ਨਿਊਯਾਰਕ ਟਾਈਮਜ਼' ਨੇ ਜੀ-20 ਦੇ ਪਿਛੋਕੜ ਬਾਰੇ ਇੱਕ ਰਿਪੋਰਟ ਛਾਪੀ ਹੈ ਕਿ 'ਵਾਰ-ਵਾਰ ਅਸਫਲਤਾਵਾਂ ਦੇ ਬਾਵਜੂਦ ਜੀ-20 ਮਾਇਨੇ ਕਿਉਂ ਰੱਖਦਾ ਹੈ?' ਲਿਖਿਆ ਹੈ ਕਿ "ਕੁਝ ਆਲੋਚਕ ਜੀ-20 ਦੀ ਯੋਗਤਾ 'ਤੇ ਸਵਾਲ ਖੜ੍ਹੇ ਕਰਦੇ ਹਨ।... ਯੋਗਤਾ ਬਣਾਈ ਰੱਖਣ ਲਈ ਜੀ-20 ਨੂੰ ਆਪਣੀ ਪੱਛਮ ਪੱਖੀ ਪਹੁੰਚ ਬਦਲਣ ਦੀ ਲੋੜ ਹੈ। ਜੇਕਰ ਪੱਛਮ ਦੀਆਂ ਨੀਤੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਤਾਂ ਮੈਂਬਰ ਦੇਸ਼ਾਂ ਦਰਮਿਆਨ ਹੋਰ ਸਹਿਮਤੀ ਨਹੀਂ ਬਣ ਸਕੇਗੀ।"

# ਦਿੱਲੀ ਐਲਾਨਨਾਮੇ 'ਤੇ ਸਰਬਸੰਮਤੀ ਬਣਾਉਣ 'ਚ ਡਰਾਫਟਕਾਰਾਂ ਦੀ ਅਹਿਮ ਭੂਮਿਕਾ

ਕਰੌਸ ਬਾਰਡਰ ਨਾਜਾਇਜ਼ ਅਦਾਇਗੀਆਂ, ਸਿੱਖਿਆ, ਖੇਤੀਬਾੜੀ, ਟਿਕਾਊ ਵਿਕਾਸ ਅਤੇ ਧਰਮ ਸਬੰਧੀ ਮਤੇ ਸ਼ਾਮਲ ਕੀਤੇ ਗਏ ਹਨ।

ਇਸ ਦਰਮਿਆਨ ਪੰਜਾਬੀ ਪਰਵਾਸੀਆਂ ਅਤੇ ਖਾਸ ਕਰਕੇ ਸਿੱਖਾਂ ਲਈ ਨਿਰਾਸ਼ ਕਰ ਦੇਣ ਵਾਲੀ ਖਬਰ ਇਹ ਰਹੀ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਾਕ ਨੇ ਭਾਰਤੀ ਜੇਲ੍ਹ ਵਿੱਚ ਬੰਦ ਬਰਤਾਨਵੀ ਸਿੱਖ ਨਾਗਰਿਕ ਜਗਤਾਰ ਸਿੰਘ ਜੌਹਲ ਦਾ ਮੁੱਦਾ ਉਠਾਉਣ ਤੋਂ ਇਨਕਾਰ ਕਰ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲ ਖਾਲਿਸਤਾਨੀ ਸਿੱਖਾਂ ਦੀਆਂ ਭਾਰਤ ਵਿਰੁੱਧ ਸਰਗਰਮੀਆਂ ਨੂੰ ਰੋਕਣ ਦਾ ਮੁੱਦਾ ਚੁੱਕਿਆ। ਜਿੱਥੇ ਯੂਕਰੇਨ ਦੇ ਆਗੂ ਨੇ ਦਿੱਲੀ ਐਲਾਨਨਾਮੇ ਵਿੱਚ ਜੰਗ ਨੂੰ ਰੋਕਣ ਲਈ ਕੁਝ ਵੀ ਨਾ ਹੋਣ ਵਰਗੀ ਆਲੋਚਨਾ ਕੀਤੀ ਹੈ, ਉਥੇ ਰੂਸ ਨੇ ਐਲਾਨਨਾਮੇ ਨੂੰ ਸੰਤੁਲਿਤ ਕਰਾਰ ਦਿੱਤਾ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮਾਰਕੋਨ ਨੇ ਕਿਹਾ ਹੈ ਕਿ ਦਿੱਲੀ ਐਲਾਨਨਾਮੇ ਵਿੱਚ ਰੂਸ ਅਲੱਗ-ਥਲੱਗ ਪੈ ਗਿਆ ਹੈ।

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਵੇਂ ਪ੍ਰੈਸ ਦੀ ਆਜ਼ਾਦੀ, ਬੋਲਣ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਹਨਨ ਸਬੰਧੀ ਭਾਰਤ ਵਿੱਚ ਸੰਕਟ ਵੱਲ ਸੰਕੇਤ ਕੀਤਾ ਹੈ, ਪਰ ਉਨ੍ਹਾਂ ਐਲਾਨਨਾਮੇ 'ਤੇ ਸੰਤੁਸ਼ਟੀ ਜ਼ਾਹਰ ਕੀਤੀ ਹੈ। ਇਥੇ ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਜੋਅ ਬਾਇਡਨ ਸਮੇਤ ਵਿਦੇਸ਼ੀ ਆਗੂਆਂ ਨੂੰ ਪ੍ਰੈੱਸ ਨਾਲ ਮੇਲ-ਮਿਲਾਪ ਦੀ ਖੁੱਲ੍ਹ ਨਹੀਂ ਦਿੱਤੀ। ਭਜਪਾ ਦੇ ਵਿਰੋਧੀ ਗੱਠਜੋੜ ਵਿਚਲੀਆਂ ਕਈ ਧਿਰਾਂ ਅਤੇ ਮੀਡੀਏ ਦੇ ਇੱਕ ਹਿੱਸੇ ਵੱਲੋਂ ਇਸ ਨੂੰ ਸਰਕਾਰ ਦਾ ਸਵਾਲਾਂ ਤੋਂ ਬਚਣ ਦਾ ਢਕਵੰਜ ਕਿਹਾ ਜਾ ਰਿਹਾ ਹੈ। ਅਮਰੀਕਾ ਦੇ ਕਈ ਕੌਮੀ ਪੱਧਰ ਦੇ ਸੀਨੀਅਰ ਅਧਿਕਾਰੀਆਂ ਵਲੋਂ ਭਾਰਤ ਸਰਕਾਰ ਨਾਲ ਵਾਰ-ਵਾਰ ਸੰਪਰਕ ਕਰਨ ਤੋਂ ਬਾਅਦ ਵੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਪ੍ਰੈਸ ਮਿਲਣੀ ਦੀ ਇਜਾਜ਼ਤ ਨਹੀਂ ਦਿੱਤੀ ਗਈ। ਜਦਕਿ ਅਮਰੀਕੀ ਪੱਤਰਕਾਰਾਂ ਦੀ ਇੱਕ ਟੋਲੀ ਉਨ੍ਹਾਂ ਦੇ ਨਾਲ ਆਈ ਸੀ। ਐਤਵਾਰ ਵਾਲੇ ਦਿਨ ਅਮਰੀਕੀ ਰਾਸ਼ਟਰਪਤੀ ਆਖਰੀ ਸੈਸ਼ਨ ਤੋਂ ਪਹਿਲਾਂ ਹੀ ਵੀਅਤਨਾਮ ਲਈ ਜਹਾਜ਼ ਚੜ੍ਹ ਗਏ। ਉਥੋਂ ਹੀ ਉਨ੍ਹਾਂ ਨੇ ਭਾਰਤੀ ਪੱਖ ਦੀ ਪ੍ਰੈਸ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਮਾਮਲੇ ਵਿੱਚ ਮੱਧਮ ਜਿਹੀ ਆਲੋਚਨਾ ਕੀਤੀ। ਉਨ੍ਹਾਂ ਦਾ ਇਹ ਇਸ਼ਾਰਾ ਸ਼ਾਇਦ ਮਨੀਪੁਰ ਵੱਲ ਸੀ।


ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥
ਗੁਰਮਤਿ ਸਮਾਗਮ
Wheaton Gurdwara ILLINOIS
Sikh Community Center
2131 Creekside Dr
Wheaton IL 60189
USA
13 Sept 2023
6:30 to 8:00 pm
15 Sept 2023
6:30 to 8:00 pm
16 Sept 2023
6:30 to 8:00 pm
17 Sept 2023
11am to 12:30 pm
ਭਾਈ ਸਰਬਜੀਤ ਸਿੰਘ ਧੂੰਦਾ ਸ਼ਬਦ ਵਿਚਾਰ ਦੀ ਸਾਂਝ ਪਾਉਣਗੇ
ਵਧੇਰੇ ਜਾਣਕਾਰੀ ਲਈ: 630 510 9700, 630 886 9191

*ਆਪਣੇ ਲੇਖ 'ਦਿਲ ਕੀ ਬਾਤ' ਵਿੱਚ ਸੁਖਦੇਵ ਸਿੰਘ ਸਿਰਸਾ ਨੇ ਚਿੰਤਾ ਪ੍ਰਗਟਾਈ ਹੈ ਕਿ ਇੱਕੋ ਦੇਸ਼ ਵਿੱਚ ਵਸਦੇ ਵੱਖ-ਵੱਖ ਸਮਾਜਕ ਸਮੂਹ ਇੱਕ ਦੂਜੇ ਪ੍ਰਤੀ ਏਨੀ ਨਫ਼ਰਤ, ਉਦਾਸੀਨਤਾ ਅਤੇ ਵੈਰ ਭਾਵਨਾ ਰੱਖਦੇ ਹਨ, ਸੋਚ ਕੇ ਦੰਗ ਰਹਿ ਜਾਂਦੇ ਹਾਂ। ਉਨ੍ਹਾਂ ਗੰਭੀਰ ਟਿੱਪਣੀ ਕੀਤੀ ਹੈ ਕਿ ਦੁੱਖ ਇਸ ਗੱਲ ਦਾ ਨਹੀਂ ਕਿ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀ ਇਸ ਬਰਬਰਤਾ ਭਰਪੂਰ ਕਾਰੇ ਬਾਰੇ ਚੁੱਪ ਹਨ, ਬਲਕਿ ਦੁੱਖ ਤੇ ਫ਼ਿਕਰ ਵਾਲੀ ਗੱਲ ਇਹ ਹੈ ਕਿ ਸਾਡੇ ਸਮਾਜ ਦਾ ਅਸਰ ਰਸੂਖ ਰੱਖਣ ਵਾਲਾ ਸੰਵੇਦਨਸ਼ੀਲ ਤਬਕਾ ਡਰ ਕੇ ਚੁੱਪ ਹੋ ਗਿਆ ਹੈ। ਚੁੱਪ ਸਾਡੇ ਦੌਰ ਦਾ ਸਿਆਸੀ ਗੁਰਮੰਤਰ ਵੀ ਹੈ ਅਤੇ ਬੇਵੱਸ ਪਰ ਚੇਤਨ ਲੋਕਾਈ ਦਾ ਆਤਮ-ਰੱਖਿਆ ਦਾ ਪੈਂਤੜਾ ਵੀ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਚੁੱਪ ਦੀ ਹਿੰਸਾ ਸਰੀਰਕ ਤਸ਼ੱਦਦ ਨਾਲੋਂ ਵੱਧ ਘਾਤਕ ਹੁੰਦੀ ਹੈ। ਪੇਸ਼ ਹੈ, ਪਾਠਕਾਂ ਲਈ ਇਹ ਅਹਿਮ ਲੇਖ..*

# ਦਿਲ ਕੀ ਬਾਤ



**ਸੁਖਦੇਵ ਸਿੰਘ ਸਿਰਸਾ**

ਚਾਰ ਸਾਲ ਦੇ ਅਰਸੇ ਦੌਰਾਨ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਵੱਡੀਆਂ ਇਤਿਹਾਸਕ ਤਬਦੀਲੀਆਂ, ਦੁਖਾਂਤ ਅਤੇ ਚਿੰਤਤ ਕਰਨ ਵਾਲੇ ਹਾਦਸੇ ਵਾਪਰੇ ਹਨ। ਕਰੋਨਾ ਮਹਾਂਮਾਰੀ, ਵੱਖ-ਵੱਖ ਮੁਲਕਾਂ ਦੀਆਂ ਤਬਾਹਕੁਨ ਜੰਗਾਂ, ਮਨੁੱਖੀ ਹਕੂਕ ਲਈ ਹੋਏ ਸਾਹ ਸੂਤਵੇਂ ਸੰਘਰਸ਼, ਰਾਜਸੀ ਅਸਥਿਰਤਾ ਅਤੇ ਕੁਦਰਤੀ ਆਫ਼ਤਾਂ ਦੇ ਨਾਲ-ਨਾਲ ਵਿਵਸਥਾ ਦੀ ਕਰੋਪੀ ਨੇ ਵਿਸ਼ਵ ਦੀ ਆਰਥਿਕਤਾ ਅਤੇ ਵਿਕਾਸ ਦੇ ਅਮਲ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਬਿਰਧ ਪੂੰਜੀਵਾਦ (Late Capitalism) ਦੇ ਨਵ-ਉਦਾਰਵਾਦੀ ਆਰਥਿਕ ਏਜੰਡੇ ਨੇ ਵਿਕਾਸ ਦੇ ਬਹਾਨੇ ਅਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਦੇ ਕੁਦਰਤੀ ਸੰਸਾਧਨਾਂ ਦੀ ਬੇਕਿਰਕ ਲੁੱਟ ਹੀ ਨਹੀਂ ਕੀਤੀ, ਸਗੋਂ ਕਾਰਪੋਰੇਟ ਸੰਸਾਰ ਦਾ ਰਾਜਸੀ ਦਬਦਬਾ ਵੀ ਵਧਿਆ ਹੈ। ਦੂਜੇ ਪਾਸੇ, ਵਿਸ਼ਵ ਸਰਮਾਏਦਾਰੀ ਦੀਆਂ ਨਵ-ਉਦਾਰਵਾਦੀ ਨੀਤੀਆਂ ਵਿਰੁੱਧ ਆਲਮੀ ਤੇ ਕੌਮੀ ਪੱਧਰ ਉੱਤੇ ਸੰਘਰਸ਼ ਵੀ ਤਿੱਖੇ ਹੋਏ ਹਨ। ਭਾਰਤ ਦੇ ਵਿਸ਼ਵ-ਗੁਰੂ ਅਤੇ ਦੁਨੀਆਂ ਦੀ ਵੱਡੀ ਤੇ ਪ੍ਰਭਾਵਸ਼ਾਲੀ ਆਰਥਿਕ ਤਾਕਤ ਬਣਨ ਦੇ ਦਾਅਵਿਆਂ ਦੇ ਬਾਵਜੂਦ ਅਸੀਂ ਚੌਤਰਫ਼ਾ ਸੰਕਟਾਂ ਵਿੱਚ ਘਿਰੇ ਹੋਏ ਹਾਂ। ਕਾਰਪੋਰੇਟ ਘਰਾਣਿਆਂ ਦੀਆਂ ਵੈਸਾਖੀਆਂ 'ਤੇ ਚੱਲਣ ਵਾਲੀ ਸਾਡੀ ਸਰਕਾਰ ਵਧੇਰੇ ਸੰਪ੍ਰਦਾਇਕ, ਗ਼ੈਰ-ਲੋਕਤਾਂਤ੍ਰਿਕ ਅਤੇ ਹਿੰਸਕ ਹੋ ਗਈ ਹੈ।

ਬਕੌਲ ਪੀ. ਸਾਈਨਾਥ ਭਾਰਤ 'ਚ ਪਿਛਲੇ ਤਿੰਨ ਦਹਾਕਿਆਂ 'ਚ ਸੂਚਨਾ-ਤਕਨਾਲੋਜੀ ਦਾ ਏਨਾ ਵਿਕਾਸ ਨਹੀਂ ਹੋਇਆ, ਜਿੰਨਾ ਜਾਤ, ਜਮਾਤ (Class) ਅਤੇ ਲਿੰਗ-ਵਖਰੇਵਾਂ ਤੇ ਵਿਤਕਰਾ ਵਧਿਆ ਹੈ। ਉਸ ਅਨੁਸਾਰ 1991 ਈ. 'ਚ ਇੱਕ ਵੀ ਭਾਰਤੀ ਡਾਲਰ ਅਰਬਪਤੀ ਨਹੀਂ ਸੀ। ਸਾਲ 2000 'ਚ 8 ਭਾਰਤੀ ਡਾਲਰ ਅਰਬਪਤੀ ਬਣੇ। ਸੰਨ 2012 'ਚ 63 ਭਾਰਤੀ ਡਾਲਰ ਅਰਬਪਤੀ ਸਨ। ਕਰੋਨਾ ਕਾਲ (2020) ਦੇ ਪਹਿਲੇ ਸਾਲ 98 ਭਾਰਤੀ ਡਾਲਰ ਅਰਬਪਤੀ ਹੋ ਗਏ। ਅਜੋਕੇ ਸਮੇਂ 163 ਭਾਰਤੀ ਡਾਲਰ ਅਰਬਪਤੀਆਂ ਵਿੱਚੋਂ ਪਹਿਲੇ ਪੰਜਾਂ ਕੋਲ ਆਖ਼ਰੀ ਪੰਜਾਹ ਡਾਲਰ ਅਰਬਪਤੀਆਂ ਨਾਲੋਂ ਵੱਧ ਦੌਲਤ ਹੈ। ਭਾਰਤੀ ਨਾਗਰਿਕਾਂ ਦੀ ਇਸ ਆਰਥਿਕ ਅਸਮਾਨਤਾ ਦਾ ਕਾਰਨ ਉਹ 'ਕਨਸੌਲੀਡੇਸ਼ਨ ਆਫ਼ ਕਾਰਪੋਰੇਟ ਸਟੇਟ' ਨੂੰ ਮੰਨਦਾ ਹੈ, ਜੋ ਅੱਗੋਂ ਰਾਜਸੀ ਸੱਤਾ ਨੂੰ ਹਥਿਆਉਣ ਲਈ ਫ਼ਾਸਿਸਟ ਜ਼ਰੀਏ ਅਪਣਾਉਂਦੀ ਹੈ। ਬੁਲਡੋਜ਼ਰ ਅਤੇ ਈ.ਡੀ. ਦੀ ਦੁਰਵਰਤੋਂ ਮੌਜੂਦਾ ਫ਼ਾਸਿਸਟ ਸੱਤਾ-ਸਿਆਸਤ ਦਾ ਸਿਖਰ ਹੈ। ਭਾਰਤੀ ਰਿਆਸਤ ਦੇ ਇਹ ਨਵੇਂ ਦਰੋਗੇ (ਬੁਲਡੋਜ਼ਰ, ਈ.ਡੀ.) ਡਰ ਅਤੇ ਹਿੰਸਾ ਦਾ ਮਾਹੌਲ ਸਿਰਜ ਕੇ ਕਾਰਪੋਰੇਟਸ ਦੀ ਲੁੱਟ ਖ਼ਿਲਾਫ਼ ਉੱਠਣ ਵਾਲੇ ਜਨ-ਸੰਘਰਸ਼ਾਂ ਨੂੰ ਕੁਚਲਣ ਦਾ ਸਾਧਨ ਬਣ ਰਹੇ ਹਨ।

ਨਵ-ਉਦਾਰਵਾਦੀ ਆਰਥਿਕਤਾ ਉੱਪਰ ਟਿਕੇ ਵਿਕਾਸ ਮਾਡਲ ਨੂੰ ਅਪਣਾਉਣ ਬਾਅਦ ਭਾਰਤੀ ਰਾਜ (ਰਿਆਸਤ) ਤੇ ਸੱਤਾ-ਸਿਆਸਤ ਦਾ ਖ਼ਾਸਾ ਅਤੇ ਨਿਸ਼ਾਨੇ ਬਦਲ ਚੁੱਕੇ ਹਨ। ਕਾਰਪੋਰੇਟਸ ਦੀ ਆਵਾਰਾ ਪੂੰਜੀ ਨੇ ਸਾਡੀ ਸੱਤਾਸਿਆਸਤ, ਵਿਕਾਸ ਅਤੇ ਬਾਜ਼ਾਰ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ, ਸਗੋਂ ਜਨ-ਸਧਾਰਨ ਦੀ ਮਾਨਸਿਕਤਾ ਨੂੰ ਵੀ ਆਪਣੇ ਤੰਦੂਏ-ਜਾਲ ਵਿੱਚ ਗ੍ਰਸ ਲਿਆ ਹੈ। ਸਾਡੀ ਜੀਵਨ-ਜਾਚ, ਖਾਣ-ਪੀਣ, ਪਹਿਨਣ-ਪਚਰਣ ਅਤੇ ਮਨੁੱਖੀ ਚਾਹਤਾਂ ਨੂੰ ਬਾਜ਼ਾਰ ਤੈਅ ਕਰਦਾ ਹੈ। ਜਿਵੇਂ ਵਿਸ਼ਵ ਪੱਧਰ ਉੱਤੇ ਭੂਮੰਡਲੀਕਰਣ ਤੇ ਖੁੱਲ੍ਹੇ ਮੁਕਾਬਲੇ ਵਾਲੇ ਮੁਕਤ ਬਾਜ਼ਾਰ ਨੇ ਸਥਾਨਕ ਅਰਥਚਾਰਿਆਂ ਨੂੰ ਖੋਰਾ ਲਾਇਆ ਹੈ, ਇਸੇ ਤਰ੍ਹਾਂ ਭਾਰਤ 'ਚ ਕਾਰਪੋਰੇਟ ਘਰਾਣਿਆਂ ਦੀ ਵਿੱਤੀ ਪੂੰਜੀ ਨੇ ਖੇਤਰੀ ਉਤਪਾਦਨ ਸਰੋਤਾਂ ਤੇ ਪ੍ਰਕਿਰਤਕ ਸੰਸਾਧਨਾਂ ਨੂੰ ਦੋਹੀਂ ਹੱਥੀਂ ਲੁੱਟਿਆ ਹੈ। ਨਿਰਸੰਦੇਹ, ਕਾਰਪੋਰੇਟ ਘਰਾਣਿਆਂ ਦੇ ਹਿਤਾਂ ਮੁਤਾਬਕ ਹੋ ਰਹੇ ਵਿਕਾਸ ਨੇ ਖੇਤਰੀ ਅਰਥਚਾਰਿਆਂ ਨੂੰ ਵਿਨਾਸ ਤੇ ਉਜਾੜੇ ਦੇ ਰਾਹ ਪਾਇਆ ਹੈ। ਪਬਲਿਕ ਸੈਕਟਰ ਜਾਂ ਸਰਕਾਰੀ ਕੰਟਰੋਲ ਵਾਲੇ ਅਦਾਰਿਆਂ ਦੀ ਥਾਂ ਨਿੱਜੀਕਰਣ ਦਾ ਅਮਲ ਤੇਜ਼ ਹੋਇਆ ਹੈ। ਦਹਾਕਿਆਂ ਤੋਂ ਮੁਨਾਫ਼ੇ 'ਚ ਚੱਲਣ ਵਾਲੇ ਪਬਲਿਕ ਸੈਕਟਰ ਦੇ ਅਦਾਰਿਆਂ- ਰੇਲਵੇ, ਬੈਂਕਾਂ, ਏਅਰਲਾਈਨਜ਼, ਟਰਾਂਸਪੋਰਟ ਆਦਿ ਨੂੰ ਨਿੱਜੀ ਮਾਲਕੀ ਵਾਲੇ ਅਦਾਰਿਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਦੇਸੀ ਤੇ ਵਿਦੇਸ਼ੀ ਪੂੰਜੀਪਤੀਆਂ ਦੀ ਅੱਖ ਜਲ, ਜੰਗਲ, ਜ਼ਮੀਨ ਅਤੇ ਹੋਰ ਕੁਦਰਤੀ ਸਰੋਤਾਂ ਉੱਪਰ ਹੈ। ਵਿਕਾਸ ਪੱਖੋਂ ਪਛੜੇ ਹੋਣ ਦਾ ਬਹਾਨਾ ਬਣਾ ਕੇ ਜਨ-ਜਾਤੀਆਂ ਤੇ ਆਦਿ-ਵਾਸੀਆਂ ਨੂੰ ਉਨ੍ਹਾਂ ਦੀਆਂ ਮੂਲ ਥਾਵਾਂ ਜਾਂ ਵਸੇਬੇ ਤੋਂ ਉਜਾੜਿਆ ਜਾ ਰਿਹਾ ਹੈ। ਰੇਲ-ਮਾਰਗਾਂ, ਤੇਜ਼ ਗਤੀ ਵਾਲੇ ਹਾਈਵੇਜ਼ (ਬਹੁ-ਮਾਰਗੀ ਸੜਕਾਂ), ਵੱਡੀ ਸਮਰੱਥਾ ਵਾਲੇ ਅੰਨ ਭੰਡਾਰਨ ਗੋਦਾਮਾਂ (ਸੈਲੋਜ਼) ਅਤੇ ਮੰਡੀਆਂ ਦੀ ਉਸਾਰੀ ਦੇ ਬਹਾਨੇ ਕੀਮਤੀ ਜ਼ਮੀਨਾਂ ਵੱਡੇ ਵਪਾਰਕ ਘਰਾਣਿਆਂ ਤੇ ਬਹੁ-ਕੌਮੀ ਕੰਪਨੀਆਂ ਨੂੰ ਕੌਡੀਆਂ ਦੇ ਭਾਅ ਜਾਂ ਲੰਬੀ ਅਵਧੀ ਲਈ ਲੀਜ਼ ਉੱਤੇ ਦਿੱਤੀਆਂ ਗਈਆਂ ਹਨ।

ਪਬਲਿਕ ਸੈਕਟਰ ਦੇ ਅਦਾਰਿਆਂ- ਸਿੱਖਿਆ ਤੇ ਸਿਹਤ ਸੰਸਥਾਵਾਂ, ਬੈਂਕਿੰਗ ਤੇ ਸਰਕਾਰੀ ਟਰਾਂਸਪੋਰਟ ਦੇ ਨਿੱਜੀਕਰਣ ਕਰਕੇ ਸੇਵਾਵਾਂ ਤੇ ਰੁਜ਼ਗਾਰ ਦੇ ਸਾਧਨ ਸੁੰਗੜੇ ਹਨ। ਖੇਤੀ ਅਤੇ ਖਾਧ-ਉਦਯੋਗ (Food Industry) ਵਿੱਚ ਵੱਡੇ ਵਪਾਰਕ ਅਦਾਰਿਆਂ ਦੇ ਨਿੱਜੀ



**ਕੁਝ ਟੁੱਟਦਾ ਤਾਂ ਹੌਲ ਪੈਂਦੇ:** ਹਰਿਆਣਾ ਦੇ ਨੂਹ ਜ਼ਿਲ੍ਹੇ ਵਿੱਚ ਪ੍ਰਸ਼ਾਸਨ ਵਲੋਂ ਢਾਹੀਆਂ ਗਈਆਂ ਦੁਕਾਨਾਂ ਦੇ ਮਲਬੇ ਦੇ ਨੇੜੇ ਇੱਕ ਦੁਕਾਨਦਾਰ ਪ੍ਰਤੀਕਿਰਿਆ ਕਰਦਾ ਹੋਇਆ

ਨਿਵੇਸ਼ ਨੂੰ ਵਧਾਉਣ ਕਾਰਨ ਸੀਮਾਂਤ ਕਿਸਾਨ ਤੇ ਖੇਤੀ ਮਜ਼ਦੂਰ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋਏ ਹਨ। ਕਾਰਪੋਰੇਟ ਦੇ ਠੇਕਾ ਆਧਾਰਿਤ ਖੇਤੀ ਮਾਡਲ ਨੂੰ ਮਜ਼ਬੂਤ ਕਰਨ ਲਈ ਤਿੰਨ ਖੇਤੀ ਕਾਨੂੰਨ ਲਿਆਂਦੇ ਗਏ।

ਮੌਜੂਦਾ ਸਰਕਾਰ ਨੇ ਭਾਰਤੀ ਖਾਧ ਸੁਰੱਖਿਆ ਐਕਟ ਅਤੇ ਪਬਲਿਕ ਵੰਡ ਪ੍ਰਣਾਲੀ (P.D.S.) ਨੂੰ ਤਬਾਹ ਕਰਕੇ ਵੱਡੇ ਕਾਰੋਬਾਰੀ ਘਰਾਣਿਆਂ ਲਈ ਖਾਧ ਪਦਾਰਥਾਂ ਦਾ ਜ਼ਖ਼ੀਰਾ ਕਰਨ ਤੇ ਮਨਮਰਜ਼ੀ ਦਾ ਮੁਨਾਫ਼ਾ ਕਮਾਉਣ ਲਈ ਰਾਹ ਪੱਧਰਾ ਕੀਤਾ ਹੈ। ਹਾਲ ਹੀ ਵਿੱਚ (2020-21) ਹੋਇਆ ਵਿਸ਼ਾਲ ਕਿਸਾਨ-ਅੰਦੋਲਨ ਵਿਕਾਸ ਦੇ ਕਾਰਪੋਰੇਟੀ ਮਾਡਲ ਦੇ ਖ਼ਿਲਾਫ਼ ਭਾਰਤੀ ਆਵਾਮ ਦਾ ਜਾਨਦਾਰ ਪ੍ਰਤੀਕਰਮ ਸੀ। ਇਸ ਕਿਸਾਨ ਜਨ-ਅੰਦੋਲਨ ਨੇ ਵਿਸ਼ਵ ਪੱਧਰ ਉੱਤੇ ਕਾਰਪੋਰੇਟ ਦੇ ਅਖੌਤੀ ਵਿਕਾਸ ਮਾਡਲ ਬਾਰੇ ਗੰਭੀਰ ਸੰਵਾਦ ਨੂੰ ਜਨਮ ਦਿੱਤਾ ਹੈ। ਧਾਰਮਿਕ, ਨਸਲੀ ਅਤੇ ਜਾਤੀ/ਵਰਣ ਉੱਤੇ ਆਧਾਰਿਤ ਵਿਤਕਰਿਆਂ ਅਤੇ ਨਫ਼ਰਤ ਨੂੰ ਸੱਤਾਧਾਰੀ ਧਿਰਾਂ ਨੇ ਲੁਕਵੇਂ ਰਾਜਨੀਤਕ ਪੈਂਤੜੇ ਵਜੋਂ ਵਰਤਿਆ ਹੈ। ਬਾਬਰੀ ਮਸਜਿਦ ਕਾਂਡ ਤੋਂ ਬਾਅਦ ਇਹ ਅਮਲ ਹੋਰ ਤਿੱਖਾ ਹੋਇਆ ਹੈ।

ਨਫ਼ਰਤ ਦੀ ਰਾਜਨੀਤੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਸੰਪ੍ਰਦਾਈ ਤਾਕਤਾਂ ਸਿਆਸੀ ਸ਼ਹਿ ਉੱਤੇ ਸਾਡੇ ਦੇਸ਼ ਦੇ ਸੰਘੀ ਢਾਂਚੇ, ਸੈਕੂਲਰ ਸੰਵਿਧਾਨ, ਲੋਕਤਾਂਤ੍ਰਿਕ ਸੰਸਥਾਵਾਂ, ਬਹੁ-ਵੰਨੇ (ਬਹੁ-ਰੰਗੇ) ਸਭਿਆਚਾਰ, ਸਹਿਹੋਂਦ ਮੂਲਕ ਸਾਂਝੀ ਸੰਸਕ੍ਰਿਤੀ ਅਤੇ ਤਰਕਸ਼ੀਲ ਪਰੰਪਰਾਵਾਂ ਨੂੰ ਤਬਾਹ ਕਰਨ 'ਤੇ ਤੁਲੀਆਂ ਹੋਈਆਂ ਹਨ। ਭਾਰਤ ਦੇ ਬਹੁ-ਵੰਨੇ ਬਹੁ-ਬਚਨੀ (Pluralist) ਅਤੇ ਸਾਂਝੀ ਸਹਿ-ਹੋਂਦ ਮੂਲਕ ਭਾਗੀਦਾਰੀ ਵਾਲੇ ਸੰਮਿਲਤ (Inclusive) ਰਾਸ਼ਟਰਵਾਦ ਦੀ ਥਾਂ ਇੱਕ-ਰੰਗੇ ਹਿੰਦੂਤਵੀ ਭਾਰਤ ਦੀ ਬੁਨਿਆਦ ਰੱਖਣ ਦੇ ਯਤਨ ਹੋ ਰਹੇ ਹਨ। ਨਸਲੀ ਤੇ ਧਾਰਮਿਕ ਵਖਰੇਵਿਆਂ ਵਾਲੇ ਘੱਟ-ਗਿਣਤੀ ਸਮੂਹਾਂ ਨੂੰ ਸਨਾਤਨੀ ਹਿੰਦੂਤਵ ਦੇ ਸਮਰਥਕਾਂ ਦੇ ਉਨਮਾਦੀ ਟੋਲਿਆਂ ਵੱਲੋਂ ਹਜੂਮੀ ਹਿੰਸਾ, ਕਤਲਾਂ, ਬਲਾਤਕਾਰਾਂ ਅਤੇ ਅੱਗਜ਼ਨੀ ਦਾ ਨਿਸ਼ਾਨਾ ਬਣਾ ਕੇ ਅਧੀਨਗੀ ਵਾਲੀ ਹੋਂਦ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਰਾਮ ਨੌਮੀਂ ਦੇ ਜਲੂਸ ਸਮੇਂ (ਅਪ੍ਰੈਲ 2022) ਦਿੱਲੀ ਤੇ ਖਰਗੌਨ (ਮੱਧ ਪ੍ਰਦੇਸ਼) 'ਚ ਹੋਏ ਹਿੰਦੂ-ਮੁਸਲਿਮ ਦੰਗਿਆਂ ਅਤੇ ਹੁਣ ਨੂਹ (ਮੇਵਾਤ, ਹਰਿਆਣਾ) ਵਿੱਚ ਹਿੰਦੂ-ਮੁਸਲਿਮ ਝੜਪਾਂ ਤੋਂ ਬਾਅਦ ਮੁਸਲਿਮ ਭਾਈਚਾਰੇ ਦੇ ਘਰਾਂ ਨੂੰ ਬੁਲਡੋਜ਼/ਜ਼ਮੀਨਦੋਜ਼ ਕੀਤਾ ਗਿਆ ਹੈ। ਬਹਾਨਾ ਨਾਜਾਇਜ਼ ਉਸਾਰੀਆਂ ਬਣਾਇਆ ਗਿਆ ਹੈ। ਬੁਲਡੋਜ਼ਰ ਘਰਾਂ/ਇਮਾਰਤਾਂ ਨੂੰ ਹੀ ਧਰਾਸ਼ਾਈ ਹੀ ਨਹੀਂ ਕਰਦਾ, ਸਗੋਂ ਧਰਮ ਨਿਰਪੇਖ ਨੀਂਹਾਂ ਉੱਤੇ ਉਸਰੀ ਸਾਡੀ ਸਾਂਝੀ ਸੰਸਕ੍ਰਿਤੀ ਨੂੰ ਵੀ ਤਬਾਹ ਕਰਦਾ ਹੈ। ਸਾਂਸਕ੍ਰਿਤਕ ਰਾਸ਼ਟਰਵਾਦ ਅਤੇ ਹਿੰਦੂਤਵ ਦੇ ਸਮਰਥਕਾਂ ਨੇ ਭਾਰਤੀ ਰਿਆਸਤ (State) ਅਤੇ ਲੋਕਤੰਤਰ ਦਾ ਚਿਹਰਾ ਮੁਹਰਾ ਏਨਾ ਵਿਗਾੜ ਦਿੱਤਾ ਹੈ ਕਿ ਉੱਘਾ ਇਜ਼ਰਾਈਲੀ ਚਿੰਤਕ ਪ੍ਰੋ. ਸਾਮੀ ਸਮੂਹਾ ਅਜੋਕੇ ਭਾਰਤ ਨੂੰ 'ਹਿੰਦੂ ਜਾਤੀਯ ਲੋਕਤੰਤਰ' (Hindu Ethnic Democracy) ਕਹਿੰਦਾ ਹੈ। ਭਾਰਤ ਦੇ ਸੰਘੀ ਵਿਧਾਨ, ਲੋਕਤਾਂਤ੍ਰਿਕ ਤੇ ਸੈਕੂਲਰ ਸਰੂਪ ਅਤੇ ਤਰਕਸ਼ੀਲ ਪਰੰਪਰਾਵਾਂ ਦੀ ਵਕਾਲਤ ਕਰਨ ਵਾਲੇ ਗੋਵਿੰਦ ਪਨਸਾਰੇ, ਨਰੇਂਦਰ ਦਬੋਲਕਰ, ਐਮ.ਐਮ. ਕੁਲਬੁਰਗੀ ਅਤੇ ਗੌਰੀ ਲੰਕੇਸ਼ ਜਿਹੇ ਬੁੱਧੀਜੀਵੀਆਂ ਦੀਆਂ ਹੱਤਿਆਵਾਂ ਉਦਾਰਵਾਦੀ ਤੇ ਪ੍ਰਗਤੀਸ਼ੀਲ ਸੋਚ ਰੱਖਣ ਵਾਲੇ ਬੁੱਧੀਜੀਵੀਆਂ ਲਈ ਚੇਤਾਵਨੀ ਸੀ।

ਮਣੀਪੁਰ ਅਤੇ ਨੂਹ (ਮੇਵਾਤ) ਦੀਆਂ ਦਿਲ-ਦਹਿਲਾਉਣ ਵਾਲੀਆਂ ਘਟਨਾਵਾਂ ਨੇ ਸਾਨੂੰ ਸ਼ਰਮਸਾਰ ਹੀ ਨਹੀਂ ਕੀਤਾ, ਸਗੋਂ ਪ੍ਰਸ਼ਾਸਨ ਤੇ ਸਰਕਾਰ ਪ੍ਰਤੀ ਸਾਡੇ ਮਨਾਂ 'ਚ ਬੇਵਿਸ਼ਵਾਸੀ ਪੈਦਾ ਕੀਤੀ ਹੈ। ਇੱਕੋ ਦੇਸ਼ ਵਿੱਚ ਵਸਦੇ ਵੱਖ-ਵੱਖ ਸਮਾਜਕ ਸਮੂਹ ਇੱਕ ਦੂਜੇ ਪ੍ਰਤੀ ਏਨੀ ਨਫ਼ਰਤ, ਉਦਾਸੀਨਤਾ ਅਤੇ ਵੈਰ ਭਾਵਨਾ ਰੱਖਦੇ ਹਨ, ਸੋਚ ਕੇ ਦੰਗ ਰਹਿ ਜਾਂਦੇ ਹਾਂ। ਮਣੀਪੁਰ 'ਚ ਹੋਈ ਹਜੂਮੀ ਹਿੰਸਾ, ਕਤਲਾਂ, ਅੱਗਜ਼ਨੀ, ਸਮੂਹਿਕ ਬਲਾਤਕਾਰਾਂ ਅਤੇ ਕਾਨੂੰਨ ਦੇ ਰਖਵਾਲਿਆਂ ਦੀ ਹਾਜ਼ਰੀ ਵਿੱਚ ਇੱਕ ਭਾਈਚਾਰੇ ਦੀਆਂ ਔਰਤਾਂ ਦੀ ਨਗਨ-ਪਰੇਡ ਬਾਰੇ ਸਰਕਾਰ ਦੀ ਚੁੱਪ ਸਾਡੀ ਸੰਵਿਧਾਨਕ ਵਿਵਸਥਾ ਤੇ ਕਾਨੂੰਨ ਦੀ ਪ੍ਰਕਿਰਿਆ ਬਾਰੇ ਅਸੁਖਾਵੇਂ ਸੁਆਲ ਖੜ੍ਹੇ ਕਰਦੀ ਹੈ। ਕਦੇ ਫ਼ੈਜ਼ ਅਹਿਮਦ ਫ਼ੈਜ਼ ਨੇ ਗੁਆਂਢੀ ਮੁਲਕ ਦੇ ਫ਼ੌਜੀ ਤਾਨਾਸ਼ਾਹਾਂ ਦੇ ਲੋਕਾਂ ਪ੍ਰਤੀ ਗ਼ੈਰ-ਜ਼ਿੰਮੇਵਾਰ ਵਿਵਹਾਰ ਬਾਰੇ ਲਿਖਿਆ ਸੀ:

ਜਿਸ ਦੇਸ ਮੇਂ ਮਾਓਂ ਬਹਿਨੋਂ ਕੋ
ਅਗਿਆਰ ਉਠਾ ਕਰ ਲੇ ਜਾਏਂ
ਜਿਸ ਦੇਸ ਮੇਂ ਕਾਤਲ ਗੁੰਡੋਂ ਕੋ
ਅਸਰਾਫ਼ ਛੁਡਾ ਕਰ ਲੇ ਜਾਏਂ
ਜਿਸ ਦੇਸ ਕੀ ਕੋਰਟ ਕਚਹਿਰੀ ਮੇਂ
ਇਨਸਾਫ਼ ਟਕੋਂ ਮੇਂ ਬਿਕਤਾ ਹੋ
ਜਿਸ ਦੇਸ ਕਾ ਮੁਨਸ਼ੀ ਕਾਜ਼ੀ ਭੀ
ਮੁਜਰਿਮ ਸੇ ਪੂਛ ਕੇ ਲਿਖਤਾ ਹੋ
ਜਿਸ ਦੇਸ ਮੇਂ ਜਾਨੋਂ ਕੇ ਰਖਵਾਲੇ
ਖ਼ੁਦ ਜਾਨੇਂ ਲੇਂ ਮਾਸੂਮੋਂ ਕੀ
ਜਿਸ ਦੇਸ ਕੇ ਆਦਿਲ ਬਹਿਰੇ ਹੋਂ
ਆਹੇਂ ਨਾ ਸੁਨੇ ਮਾਸੂਮੋਂ ਕੀ
ਉਸ ਦੇਸ ਕੇ ਹਰ ਇਕ ਲੀਡਰ ਪਰ
ਸਵਾਲ ਉਠਾਨਾ ਵਾਜਿਬ ਹੈ।

ਦੁੱਖ ਇਸ ਗੱਲ ਦਾ ਨਹੀਂ ਕਿ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀ ਇਸ ਬਰਬਰਤਾ ਭਰਪੂਰ ਕਾਰੇ ਬਾਰੇ ਚੁੱਪ ਹਨ, ਬਲਕਿ ਦੁੱਖ ਤੇ ਫ਼ਿਕਰ ਵਾਲੀ ਗੱਲ ਇਹ ਹੈ ਕਿ ਸਾਡੇ ਸਮਾਜ ਦਾ ਅਸਰ ਰਸੂਖ ਰੱਖਣ ਵਾਲਾ ਸੰਵੇਦਨਸ਼ੀਲ ਤਬਕਾ ਡਰ ਕੇ ਚੁੱਪ ਹੋ ਗਿਆ ਹੈ। ਚੁੱਪ ਸਾਡੇ ਦੌਰ ਦਾ ਸਿਆਸੀ ਗੁਰਮੰਤਰ ਵੀ ਹੈ ਅਤੇ ਬੇਵੱਸ ਪਰ ਚੇਤਨ ਲੋਕਾਈ ਦਾ ਆਤਮ-ਰੱਖਿਆ ਦਾ ਪੈਂਤੜਾ ਵੀ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਚੁੱਪ ਦੀ ਹਿੰਸਾ ਸਰੀਰਕ ਤਸ਼ੱਦਦ ਨਾਲੋਂ ਵੱਧ ਘਾਤਕ ਹੁੰਦੀ ਹੈ। ਚੁੱਪ ਸਾਨੂੰ ਦਹਿਲਿਆ ਹੋਇਆ ਪਸ਼ੂ ਬਣਾਉਂਦੀ ਹੈ, ਜੋ ਇਤਿਹਾਸ ਦਾ ਮੂਕ ਦਰਸ਼ਕ ਬਣ ਜਾਂਦਾ ਹੈ। ਡਰਿਆ ਹੋਇਆ ਨਾਗਰਿਕ/ਸਮਾਜ ਕਾਤਲਾਂ ਦੀ ਵਹਿਸ਼ਤ ਦਾ ਖ਼ਾਮੋਸ਼ ਹਮਾਇਤੀ ਬਣ ਜਾਂਦਾ ਹੈ। ਆਪਣੀ ਜਾਨ ਤੇ ਦੇਹ ਬਚਾਉਂਦੇ ਅਸੀਂ ਆਪਣੀ ਜ਼ਮੀਰ ਦੇ ਖ਼ੁਦ ਹੀ ਕਾਤਲ ਬਣ ਜਾਂਦੇ ਹਾਂ। ਫ਼ੈਨਾਨ ਫ਼ੈਨਨ ਕਹਿੰਦਾ ਹੈ ਕਿ ਦਹਿਸ਼ਤ ਦੇ ਪਲਾਂ ਵਿੱਚ ਦਹਿਸ਼ਤ ਦਾ ਸ਼ਿਕਾਰ ਹੋਣ ਵਾਲਾ, ਦੂਜੇ ਉੱਪਰ ਜ਼ੁਲਮ ਕਰਨ ਵਾਲਾ ਅਤੇ ਵਾਪਰਦੀ ਵਹਿਸ਼ਤ ਨੂੰ ਦੇਖਣ ਵਾਲਾ, ਤਿੰਨੇ ਧਿਰਾਂ ਆਪਣਾ ਮਨੁੱਖੀ ਵਿਵੇਕ ਗੁਆ ਕੇ ਪਸ਼ੂ ਬਣ ਜਾਂਦੀਆਂ ਹਨ। ਵੀਹਵੀਂ ਸਦੀ ਦੇ ਤੀਜੇ ਦਹਾਕੇ 'ਚ ਕਮਿਊਨਿਸਟਾਂ ਤੇ ਯਹੂਦੀਆਂ ਵਿਰੁੱਧ ਨਾਜ਼ੀਆਂ ਦੀ ਨਫ਼ਰਤ ਤੇ ਹਿੰਸਾ ਅਤੇ ਮੁਸੋਲਿਨੀ ਦਾ ਫ਼ਾਸ਼ੀਵਾਦ ਇਸੇ ਕਿਸਮ ਦੇ ਬਰਬਰ ਵਰਤਾਰੇ ਸਨ।


ਉਨੀ ਸੌ ਸੰਤਾਲੀ ਵਿੱਚ ਭਾਰਤ-ਪਾਕਿ ਵੰਡ ਦਾ ਕਾਰਨ ਵੀ ਨਸਲੀ ਤੇ ਫ਼ਿਰਕੂ ਨਫ਼ਰਤ ਬਣੀ। ਭਾਰਤੀ ਮੱਧ ਵਰਗ ਦੇ ਵੱਡੇ ਹਿੱਸੇ ਨੇ ਚੁੱਪ ਨੂੰ ਆਤਮ-ਰੱਖਿਆ ਦੇ ਪੈਂਤੜੇ ਵਜੋਂ ਅੰਗੀਕਾਰ ਕਰ ਲਿਆ ਹੈ। ਨਾਗਰਿਕਤਾ ਸੋਧ ਐਕਟ, ਕੌਮੀ ਨਾਗਰਿਕ ਰਜਿਸਟਰ, ਕਸ਼ਮੀਰ ਦੇ ਵਿਸ਼ੇਸ਼ ਦਰਜੇ ਬਾਰੇ ਧਾਰਾ 370 ਨੂੰ ਹਟਾਉਣ, ਬਾਬਰੀ ਮਸਜਿਦ ਕੇਸ ਦੇ ਫ਼ੈਸਲੇ, ਲਿਬਾਸ ਉੱਪਰ ਪਾਬੰਦੀਆਂ, ਫ਼ਿਰਕੂ ਦੰਗਿਆਂ 'ਚ ਹੁੰਦੀ ਹਜੂਮੀ ਹਿੰਸਾ ਆਦਿ ਸਮੇਂ ਚੰਦ ਬੁੱਧੀਜੀਵੀ, ਲੇਖਕ, ਪੱਤਰਕਾਰ, ਇਤਿਹਾਸਕਾਰ ਅਤੇ ਕਲਾਕਰਮੀ ਹੀ ਬੋਲਦੇ ਹਨ। ਬਹੁ-ਗਿਣਤੀ ਦੀ ਮੀਸਣੀ ਚੁੱਪ ਕਰਕੇ ਸਾਡੀ ਜਮਹੂਰੀਅਤ ਕਮਜ਼ੋਰ ਹੋਈ ਹੈ, ਨਤੀਜੇ ਵਜੋਂ ਸੰਪ੍ਰਦਾਇਕ ਨਫ਼ਰਤ ਅਤੇ ਹਿੰਸਾ ਫੈਲਾਉਣ ਵਾਲੀਆਂ ਧਿਰਾਂ ਰਾਜਸੀ ਸੱਤਾ ਉੱਤੇ ਵਾਰ-ਵਾਰ ਕਾਬਜ਼ ਹੋ ਰਹੀਆਂ ਹਨ ਅਤੇ ਉਹ ਬਹੁ-ਗਿਣਤੀ ਦੇ ਫ਼ਤਵੇ ਨੂੰ ਆਪਣੀ ਫ਼ਾਸ਼ੀਵਾਦੀ ਸਿਆਸਤ ਲਈ ਇਨਾਮ ਵਜੋਂ ਪੇਸ਼ ਕਰਦੇ ਹਨ।


ਭਾਰਤੀ ਸਮਾਜ ਦੀ ਵਿਡੰਬਨਾ ਇਹ ਹੈ ਕਿ ਸੰਚਾਰ ਅਤੇ ਸੂਚਨਾ-ਕ੍ਰਾਂਤੀ ਦੇ ਮੌਜੂਦਾ ਦੌਰ ਵਿੱਚ ਸਾਡੇ ਬੋਲਣ ਅਤੇ ਲਿਖਣ ਉੱਤੇ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਆਇਦ ਕੀਤੀਆਂ ਜਾਂਦੀਆਂ ਹਨ। ਲੇਖਕਾਂ ਤੇ ਬੁੱਧੀਜੀਵੀਆਂ ਦੀ ਜ਼ਬਾਨਬੰਦੀ ਲਈ ਸਰਕਾਰੀ ਸੈਂਸਰਸ਼ਿਪ, ਕਾਨੂੰਨੀ ਉਲਝਣਾਂ ਅਤੇ ਤਰ੍ਹਾਂ-ਤਰ੍ਹਾਂ ਦੇ ਪ੍ਰੋਲਭਣਾਂ ਜਿਹੇ ਹੱਥਕੰਡੇ ਵਰਤੇ ਜਾ ਰਹੇ ਹਨ। ਹਿੰਦੋਸਤਾਨ ਦੇ ਨਾਮੀ ਬੁੱਧੀਜੀਵੀ, ਲੇਖਕ, ਪੱਤਰਕਾਰ, ਇਤਿਹਾਸਕਾਰ, ਅਰਥ-ਸ਼ਾਸਤਰੀ ਅਤੇ ਸਮਾਜਕ ਕਾਰਕੁਨ ਜੇਲ੍ਹਾਂ ਵਿੱਚ ਸੜ ਰਹੇ ਹਨ ਜਾਂ ਉਨ੍ਹਾਂ ਨੂੰ ਅਖ਼ਬਾਰਾਂ ਤੇ ਟੀ.ਵੀ. ਚੈਨਲਾਂ ਤੋਂ ਜਬਰੀ ਬਰਖ਼ਾਸਤ ਕਰਵਾ ਦਿੱਤਾ ਹੈ। ਅਸਹਿਮਤੀ ਦਾ ਸੁਰ ਅਲਾਪਣ ਵਾਲੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਰਾਜਸੀ ਵਿਸ਼ਲੇਸ਼ਕਾਂ, ਟੀ.ਵੀ. ਤੇ ਸੋਸ਼ਲ ਮੀਡੀਆ ਗਰੁੱਪਾਂ ਨੂੰ ਈ.ਡੀ. ਰਾਹੀਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਤਾਮਿਲ

⇒ ਬਾਕੀ ਸਫਾ 6 ਉੱਤੇ ਪੜ੍ਹੋ

# ਦਰਿਆਈ ਪਾਣੀਆਂ ਦੇ ਝਗੜੇ 'ਚ ਮੁਕੱਦਮੇਬਾਜ਼ੀ ਦਾ ਮਾਮਲਾ

***ਕੀ ਬਣਿਆ ਦਫ਼ਾ 78 ਨੂੰ ਚੈਲੰਜ ਕਰਨ ਵਾਲੀ ਇੱਕ ਨਿੱਜੀ ਪਟੀਸ਼ਨ ਦਾ?***
***ਮੁਕੱਦਮੇ ਦੇ ਅੰਤ ਦਾ ਅਖ਼ਬਾਰੀ ਖਬਰਾਂ 'ਚ ਕਦੇ ਨਹੀਂ ਹੋਇਆ ਜ਼ਿਕਰ***



ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000

ਪੰਜਾਬ ਦੇ ਦਰਿਆਈ ਪਾਣੀਆਂ ਦੀ ਕਾਨੂੰਨੀ ਲੜਾਈ 'ਚ ਜਸਟਿਸ ਸੰਧਾਵਾਲੀਆ ਦੇ ਬੈਂਚ ਕੋਲ ਜੇਰੇ ਗ਼ੌਰ ਆਇਆ ਇੱਕ ਕੇਸ ਬਹੁਤ ਚਰਚਾ 'ਚ ਰਿਹਾ ਤੇ ਇਹਦੇ ਅੰਤ ਬਾਰੇ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ। ਬਹੁਤ ਸਾਰੇ ਲੇਖਾਂ, ਬਿਆਨਾਂ ਤੇ ਸੋਸ਼ਲ ਮੀਡੀਏ ਰਾਹੀਂ ਬਹੁਤ ਜਗਿਆਸਾ ਨਾਲ ਇਸ ਕੇਸ ਦੀ ਹੋਣੀ ਬਾਬਤ ਸਵਾਲ ਪੁੱਛਿਆ ਜਾਂਦਾ ਰਿਹਾ ਹੈ, ਪਰ ਕਿਸੇ ਪਾਸਿਓਂ ਕੋਈ ਵੀ ਕਨਸੋਅ ਨਹੀਂ ਮਿਲੀ। ਪੰਜਾਬ ਦੇ ਦਰਿਆਈ ਪਾਣੀਆਂ 'ਚ ਕੇਂਦਰ ਸਰਕਾਰ ਨੇ ਇੱਕ ਧੱਕੇਸ਼ਾਹੀ ਵਾਲੇ ਕਾਨੂੰਨ ਰਾਹੀਂ ਹਰਿਆਣਾ ਨੂੰ ਹਿੱਸੇਦਾਰ ਬਣਾ ਦਿੱਤਾ। ਇਹ ਕਾਨੂੰਨ ਸੀ, "ਆਰਟੀਕਲ 78 ਆਫ ਪੰਜਾਬ ਰੀ-ਆਰਗੇਨਾਈਜੇਸ਼ਨ ਐਕਟ 1966"; ਜਦੋਂ ਪੰਜਾਬ ਨੇ ਹਰਿਆਣਾ ਨੂੰ ਪਾਣੀ ਲਿਜਾਣ ਵਾਲੀ ਐੱਸ.ਵਾਈ.ਐੱਲ. ਨਹਿਰ ਬਣਾਉਣੋਂ ਇਨਕਾਰ ਕਰ ਦਿੱਤਾ ਤਾਂ ਹਰਿਆਣਾ ਨੇ ਇਸੇ ਦਫ਼ਾ 78 ਤਹਿਤ ਅਪ੍ਰੈਲ 1979 'ਚ ਸੁਪਰੀਮ ਕੋਰਟ ਕੋਲ ਇੱਕ ਰਿੱਟ ਦਾਖਲ ਕੀਤੀ। ਇਹਦੇ ਜਵਾਬ 'ਚ ਪੰਜਾਬ ਦੀ ਬਾਦਲ ਸਰਕਾਰ ਨੇ ਦਫ਼ਾ 78 ਨੂੰ ਗ਼ੈਰ-ਸੰਵਿਧਾਨਕ ਆਖਦਿਆਂ ਇਹਨੂੰ ਰੱਦ ਕਰਾਉਣ ਲਈ ਸੁਪਰੀਮ ਕੋਰਟ ਵਿੱਚ ਜੁਲਾਈ 1979 'ਚ ਇੱਕ ਜਵਾਬੀ ਰਿੱਟ ਪਾਈ ਸੀ। 1980 'ਚ ਕੇਂਦਰ ਅਤੇ ਪੰਜਾਬ 'ਚ ਕਾਂਗਰਸ ਦੀਆਂ ਸਰਕਾਰਾਂ ਬਣ ਗਈਆਂ।

ਉਧਰ ਦਫ਼ਾ 78 ਨੂੰ ਰੱਦ ਕਰਾਉਣ ਵਾਲੇ ਕੇਸ 'ਚ ਪੰਜਾਬ ਦੀ ਜਿੱਤ ਯਕੀਨੀ ਜਾਪਦੀ ਸੀ। ਸੋ, ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੀ ਹੀ ਪਾਰਟੀ ਵਾਲੇ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਦਫ਼ਾ 78 ਦੇ ਖਿਲਾਫ ਦਾਇਰ ਕੇਸ ਵਾਪਿਸ ਲੈਣ ਦਾ ਫੁਰਮਾਨ ਕੀਤਾ। ਦਰਬਾਰਾ ਸਿੰਘ ਵੱਲੋਂ ਝਿਜਕ ਦਿਖਾਉਣ 'ਤੇ ਇੰਦਰਾ ਗਾਂਧੀ ਨੇ ਉਸ ਨੂੰ ਦਬਕਾ ਮਾਰਿਆ, ਜੋ 'ਈਦਰ ਸਾਈਨ ਔਰ ਰਿਜ਼ਾਈਨ' ਨਾਲ ਮਸ਼ਹੂਰ ਹੋਇਆ; ਯਾਨਿ ਇੰਦਰਾ ਗਾਂਧੀ ਨੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਕਿਹਾ ਕਿ ਜਾਂ ਤਾਂ ਕੇਸ ਵਾਪਿਸ ਲੈਣ ਵਾਲੇ ਕਾਗ਼ਜ਼ 'ਤੇ ਦਸਤਖ਼ਤ ਕਰੋ, ਨਹੀਂ ਤਾਂ ਅਸਤੀਫ਼ਾ ਦਿਓ। ਦਰਬਾਰਾ ਸਿੰਘ ਨੇ ਅਸਤੀਫ਼ਾ ਦੇਣ ਦੀ ਥਾਂ ਦਸਤਖ਼ਤ ਕਰਕੇ ਪੰਜਾਬ ਵੱਲੋਂ ਦਫ਼ਾ 78 ਦੇ ਖਿਲਾਫ ਸੁਪਰੀਮ ਕੋਰਟ 'ਚ ਦਾਇਰ ਕੀਤਾ ਕੇਸ ਵਾਪਿਸ ਲੈ ਲਿਆ।

ਅਕਾਲੀ ਦਲ ਨੇ ਦਰਬਾਰਾ ਸਿੰਘ ਦੀ ਖ਼ੂਬ ਆਲੋਚਨਾ ਤਾਂ ਕੀਤੀ, ਪਰ ਕੋਈ ਕਾਨੂੰਨੀ ਚਾਰਾਜੋਈ ਨਾ ਕੀਤੀ। ਅਖੀਰ ਨੂੰ ਪੰਜਾਬ ਦੇ ਇੱਕ ਕਿਸਾਨ ਨੇ ਨਿੱਜੀ ਤੌਰ 'ਤੇ ਹਿੰਮਤ ਕਰਕੇ ਦਫ਼ਾ 78 ਨੂੰ ਹਾਈਕੋਰਟ 'ਚ ਚੈਲੰਜ ਕੀਤਾ। ਇਹ ਕਿਸਾਨ ਨਾਭਾ ਤਹਿਸੀਲ 'ਚ ਪੈਂਦੇ ਪਿੰਡ ਬਿਸ਼ਨਪੁਰ ਛੰਨਾਂ ਦਾ ਰਵਿੰਦਰ ਸਿੰਘ ਕਾਲੇਕਾ ਸੀ, ਜੋ ਕੁਝ ਸਾਲ ਪਹਿਲਾਂ ਰੱਬ ਨੂੰ ਪਿਆਰਾ ਹੋ ਗਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਵੇਲੇ ਦੇ ਚੀਫ ਜਸਟਿਸ ਸੁਰਜੀਤ ਸਿੰਘ ਸੰਧਾਵਾਲੀਆ ਅਤੇ ਜਸਟਿਸ ਸਵਿੰਦਰ ਸਿੰਘ ਸੋਢੀ ਦੇ ਬੈਂਚ ਮੂਹਰੇ ਇਸ ਕੇਸ ਦੀ ਸੁਣਵਾਈ ਚੱਲੀ। ਇਹਦੇ 'ਚ ਜਵਾਬਦੇਹ ਪਾਰਟੀਆਂ ਯਾਨਿ ਹਰਿਆਣਾ, ਰਾਜਸਥਾਨ ਅਤੇ ਕੇਂਦਰ ਨੇ ਸੂਬੇ ਦਾ ਮੁਕੱਦਮਾ ਕਿਸੇ ਬੰਦੇ ਵੱਲੋਂ ਨਿੱਜੀ ਤੌਰ 'ਤੇ ਲੜਨ ਦੇ ਅਖਤਿਆਰ 'ਤੇ ਇਤਰਾਜ਼ ਕੀਤਾ, ਪਰ ਕੋਰਟ ਨੇ ਇਹ ਇਤਰਾਜ਼ ਰੱਦ ਕਰਦਿਆਂ ਪਹਿਲੀ ਨਵੰਬਰ 1983 ਵਾਲੇ ਦਿਨ ਇਸ ਕੇਸ ਨੂੰ ਪੱਕੀ ਸੁਣਵਾਈ ਲਈ ਦਾਖਲ (ਐਡਮਿੱਟ) ਕਰ ਲਿਆ। ਬੈਂਚ ਨੇ ਕਿਹਾ ਕਿ ਸੁਣਵਾਈ ਨੂੰ ਹੋਰ ਲਮਕਾਉਣਾ ਠੀਕ ਨਹੀਂ ਤੇ ਕੇਸ ਨੂੰ ਫੁੱਲ ਬੈਂਚ ਕੋਲ ਭੇਜਦਿਆਂ ਅਗਲੀ ਤਰੀਕ 15 ਨਵੰਬਰ 1983 ਮਿਥ ਦਿੱਤੀ।

15 ਨਵੰਬਰ ਦਾ ਦਿਨ ਵੀ ਆ ਗਿਆ। ਮੈਂ ਵੀ ਉਸ ਦਿਨ ਹਾਈ ਕੋਰਟ 'ਚ ਕਿਸੇ ਬੰਦੇ ਨਾਲ ਪਹੁੰਚਿਆ ਹੋਇਆ ਸੀ, ਜਿਸ ਨੂੰ ਸੀਨੀਅਰ ਵਕੀਲ ਮਨਜੀਤ ਸਿੰਘ ਖਹਿਰਾ ਤੱਕ ਕੰਮ ਸੀ। ਮਨਜੀਤ ਸਿੰਘ ਖਹਿਰਾ, ਜੋ ਰਵਿੰਦਰ ਸਿੰਘ ਕਾਲੇਕਾ ਦੇ ਵਕੀਲ ਸਨ, ਆਖਣ ਲੱਗੇ ਕਿ ਪਹਿਲਾਂ ਮੈਂ ਪਾਣੀਆਂ ਵਾਲੀ ਤਰੀਕ ਨਬੇੜ ਆਵਾਂ, ਫੇਰ ਆ ਕੇ ਗੱਲ ਕਰਦਾ ਹਾਂ। ਇਸ ਕੇਸ 'ਚ ਮੇਰੀ ਦਿਲਚਸਪੀ ਹੋਣ ਕਰਕੇ ਅਸੀਂ ਵੀ ਮਨਜੀਤ ਸਿੰਘ ਖਹਿਰਾ ਦੇ ਨਾਲ ਤੁਰ ਪਏ। ਉਨ੍ਹੀਂ ਦਿਨੀਂ ਕੋਰਟ ਰੂਮ 'ਚ ਆਮ ਬੰਦੇ ਦੇ ਜਾਣ 'ਤੇ ਕੋਈ ਰੋਕ-ਟੋਕ ਨਹੀਂ ਸੀ ਹੁੰਦੀ। ਚੀਫ ਜਸਟਿਸ ਵਾਲੇ ਸਭ ਤੋਂ ਉੱਚੀ ਛੱਤ ਵਾਲੇ ਵੱਡੇ ਕੋਰਟ ਰੂਮ 'ਚ ਅਸੀਂ ਜਾ ਬੈਠੇ। ਕਾਲੇਕਾ ਵਾਲਾ ਕੇਸ ਪਹਿਲੇ ਨੰਬਰ 'ਤੇ ਲੱਗਿਆ ਹੋਇਆ ਸੀ। ਜੱਜਾਂ ਦੀਆਂ ਕੁਰਸੀਆਂ ਅਜੇ ਖਾਲੀ ਸਨ, ਦਰਸ਼ਕਾਂ ਵਿੱਚ ਵੀ ਬਹੁਤ ਥੋੜ੍ਹੇ ਬੰਦੇ ਹਾਜ਼ਰ ਸਨ। ਸ਼ਾਇਦ ਉਸ ਦਿਨ ਇਸ ਫੁੱਲ ਬੈਂਚ ਮੂਹਰੇ ਸਿਰਫ ਇੱਕੋ ਇੱਕ ਕੇਸ ਦੀ ਹੀ ਸੁਣਵਾਈ ਹੋਣੀ ਸੀ। ਕੁਝ ਮਿੰਟਾਂ 'ਚ ਹੀ ਚੀਫ ਜਸਟਿਸ ਸੰਧਾਵਾਲੀਆ ਸਣੇ 5-6 ਜੱਜ ਸੀਟਾਂ 'ਤੇ ਆ ਬੈਠੇ। ਮਨਜੀਤ ਸਿੰਘ ਖਹਿਰਾ ਅਤੇ ਦੋ-ਤਿੰਨ ਹੋਰ ਵਕੀਲ ਖੜ੍ਹੇ ਹੋਏ। ਕੀ ਦੇਖਦੇ ਹਾਂ ਕਿ ਚੀਫ ਜਸਟਿਸ ਚੰਦ ਕੁ ਲਫ਼ਜ਼ ਅੰਗਰੇਜ਼ੀ 'ਚ ਬੋਲ ਕੇ ਖੜ੍ਹੇ ਹੋ ਗਏ। ਉਨ੍ਹਾਂ ਦੇ ਨਾਲ ਹੀ ਬਾਕੀ ਜੱਜ ਵੀ ਖੜ੍ਹੇ ਹੋ ਗਏ ਅਤੇ ਡਾਇਸ ਤੋਂ ਉਤਰੇ ਤੇ ਚੈਂਬਰ 'ਚ ਚਲੇ ਗਏ।

ਕੋਰਟ ਦੀ ਕਾਰਵਾਈ ਸਿਰਫ ਇੱਕ ਮਿੰਟ ਵਿੱਚ ਹੀ ਮੁੱਕਣ 'ਤੇ ਮੈਨੂੰ ਬੜੀ ਹੈਰਾਨੀ ਤੇ ਨਿਰਾਸ਼ਾ ਹੋਈ। ਮੈਂ ਕੋਰਟ ਰੂਮ ਦੇ ਅੰਦਰ ਹੀ ਮਨਜੀਤ ਸਿੰਘ ਖਹਿਰਾ ਤੋਂ ਇਹਦੀ ਵਜਾਹ ਪੁੱਛੀ ਤਾਂ ਉਨ੍ਹਾਂ ਦੱਸਿਆ ਕਿ ਸੁਪਰੀਮ ਕੋਰਟ ਨੇ ਇਹ ਕੇਸ ਆਪਣੇ ਕੋਲ ਮੰਗਵਾ ਲਿਆ ਹੈ ਤੇ ਹੁਣ ਅਗਲੀ ਸੁਣਵਾਈ ਉਥੇ ਹੀ ਹੋਵੇਗੀ। ਇਸੇ ਦੌਰਾਨ ਇਸ ਕੇਸ ਦੀ ਸੁਣਵਾਈ ਕਰ ਰਹੇ ਬੈਂਚ ਦੇ ਮੁਖੀ ਚੀਫ ਜਸਟਿਸ ਐਸ. ਐਸ. ਸੰਧਾਵਾਲੀਆ ਦੀ ਬਦਲੀ ਪਟਨਾ ਹਾਈ ਕੋਰਟ 'ਚ ਹੋਣ ਦੇ ਆਰਡਰ ਹੋ ਗਏ। ਉਹ ਦਿਨ ਗਿਆ ਤਾਂ ਮੁੜ ਕੇ ਇਸ ਕੇਸ ਦੀ ਕੋਈ ਉੱਘ-ਸੁੱਘ ਨਹੀਂ ਲੱਗੀ।

ਪਾਣੀਆਂ ਦੇ ਮਾਮਲੇ 'ਚ ਚੱਲੀ ਕਾਨੂੰਨੀ ਲੜਾਈ ਦੌਰਾਨ ਜਦੋਂ ਮੈਂ ਬਤੌਰ ਪੱਤਰਕਾਰ ਖਬਰਾਂ ਜਾਂ ਲੇਖ ਲਿਖਦਾ ਹੁੰਦਾ ਸੀ ਤਾਂ ਬਹੁਤ ਸਾਰੇ ਸੱਜਣਾਂ ਨੇ ਪੁੱਛਣਾ ਕਿ ਸੁਪਰੀਮ ਕੋਰਟ ਵੱਲੋਂ ਆਪਣੇ ਕੋਲ ਮੰਗਾਏ ਉਸ ਕੇਸ ਦਾ ਪਤਾ ਕਰੋ, ਜੀਹਦੀ ਸੁਣਵਾਈ ਦੌਰਾਨ ਜਸਟਿਸ ਸੰਧਾਵਾਲੀਆ ਦਾ ਤਬਾਦਲਾ ਹੋਇਆ ਸੀ। ਸਿਮਰਜੀਤ ਸਿੰਘ ਬੈਂਸ ਨੇ ਬਤੌਰ ਐਮ.ਐਲ.ਏ. ਪੰਜਾਬ ਸਰਕਾਰ ਨੂੰ ਪੰਜਾਬ ਵਿਧਾਨ ਸਭਾ 'ਚ ਇਸ ਕੇਸ ਦੇ ਸਟੇਟਸ ਬਾਰੇ ਇੱਕ ਸਵਾਲ ਪੁੱਛਿਆ ਸੀ। 22 ਨਵੰਬਰ 2018 ਨੂੰ ਸਿਮਰਜੀਤ ਸਿੰਘ ਬੈਂਸ ਦੇ ਸਵਾਲ ਨੰਬਰ 75 ਅਤੇ 76 ਦਾ ਜਵਾਬ ਦਿੰਦੇ ਹੋਏ ਮੌਕੇ ਦੇ ਸਿੰਜਾਈ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਨੇ ਦੱਸਿਆ ਕਿ ਪੰਜਾਬ ਹਾਈ ਕੋਰਟ 'ਚ ਦਾਇਰ ਰਵਿੰਦਰ ਸਿੰਘ ਕਾਲੇਕਾ ਬਨਾਮ ਭਾਰਤ ਸਰਕਾਰ ਰਿੱਟ ਪਟੀਸ਼ਨ ਨੰਬਰ 375 ਆਫ 1982 ਅਤੇ ਇਹਦੇ ਨਾਲ ਦੀਆਂ ਚਾਰ ਹੋਰ ਪਟੀਸ਼ਨਾਂ ਨੂੰ ਆਪਣੇ ਕੋਲ ਮੰਗਵਾ ਲਿਆ ਸੀ। ਕਿਉਂਕਿ ਹਰਿਆਣਾ ਅਤੇ ਰਾਜਸਥਾਨ ਨੇ ਪੰਜਾਬ ਹਾਈ ਕੋਰਟ ਦੇ 01-11-1983 ਨੂੰ ਕਾਲੇਕਾ ਵਾਲੀ ਰਿੱਟ ਦਾਖਲ ਕਰਨ ਵਾਲੇ ਹੁਕਮ ਨੂੰ ਚੈਲੰਜ ਕੀਤਾ ਸੀ। ਪੰਜਾਬ ਸਰਕਾਰ ਨੇ ਜੋ ਮੋੜਵਾਂ ਜਵਾਬ ਸਿਮਰਜੀਤ ਸਿੰਘ ਬੈਂਸ ਨੂੰ ਦਿੱਤਾ, ਉਹਦੇ ਮੁਤਾਬਿਕ ਸੁਪਰੀਮ ਕੋਰਟ ਨੇ 7-5-1992 ਨੂੰ ਸੁਣਾਏ ਇੱਕ ਹੁਕਮ ਦੌਰਾਨ ਕਾਲੇਕਾ ਸਮੇਤ ਹੋਰ ਚਾਰ ਪਟੀਸ਼ਨਾਂ ਇਹ ਕਹਿੰਦਿਆਂ ਖ਼ਾਰਜ ਕਰ ਦਿੱਤੀਆਂ ਕਿ ਅੰਤਰਰਾਜੀ ਦਰਿਆਈ ਪਾਣੀਆਂ ਦੇ ਝਗੜੇ ਬਾਰੇ ਬਣਿਆ ਟ੍ਰਿਬਿਊਨਲ ਹੀ ਸਹੀ ਫੋਰਮ ਹੈ, ਫੈਸਲਾ ਸੁਣਨ ਦਾ। ਕਿਉਂਕਿ ਉਦੋਂ ਤੱਕ ਇਰਾਡੀ ਟ੍ਰਿਬਿਊਨਲ ਬਣ ਚੁਕਾ ਸੀ, ਕੋਰਟ ਦੀ ਮੁਰਾਦ ਇਸੇ ਟ੍ਰਿਬਿਊਨਲ ਤੋਂ ਹੀ ਜਾਪਦੀ ਹੈ। ਕੋਰਟ ਨੇ ਇਹ ਵੀ ਕਿਹਾ ਕਿ ਅੰਤਰਰਾਜੀ ਸਮਝੌਤਿਆਂ ਬਾਰੇ ਕਿਸੇ ਬੰਦੇ ਵੱਲੋਂ ਨਿੱਜੀ ਹੈਸੀਅਤ 'ਚ ਮੁਕੱਦਮੇਬਾਜ਼ੀ ਕਰਨ ਦੇ ਅਧਿਕਾਰ 'ਤੇ ਵਿਚਾਰ ਕਰਨ ਦੀ ਲੋੜ ਨਹੀਂ ਹੈ।

ਹੁਣ ਅਗਲਾ ਕੰਮ ਪੰਜਾਬ ਹਿਤੈਸ਼ੀ ਕਾਨੂੰਨੀ ਮਾਹਰਾਂ ਦਾ ਹੈ ਕਿ ਉਹ ਇਸ ਕੇਸ ਨੂੰ ਘੋਖਣ ਅਤੇ ਪੜਤਾਲਣ। ਕਿਉਂਕਿ ਕਾਲੇਕਾ ਦੀ ਪਟੀਸ਼ਨ ਦਾ ਆਧਾਰ ਦਫ਼ਾ 78 ਨੂੰ ਖ਼ਾਰਜ ਕਰਾਉਣਾ ਸੀ, ਜੀਹਦੇ ਬਾਰੇ ਸੁਪਰੀਮ ਕੋਰਟ ਦੇ ਹੁਕਮ ਵਿੱਚ ਕੋਈ ਟਿੱਪਣੀ ਨਹੀਂ ਕੀਤੀ ਗਈ। ਇਸ ਕੇਸ 'ਚ ਕੇਂਦਰ ਸਰਕਾਰ, ਹਰਿਆਣਾ ਅਤੇ ਰਾਜਸਥਾਨ ਵੱਲੋਂ ਰੱਖੇ ਗਏ ਪੱਖ ਨੂੰ ਵੀ ਪੜ੍ਹਨਾ ਚਾਹੀਦਾ ਹੈ। ਭਾਵੇਂ ਸੁਪਰੀਮ ਕੋਰਟ ਨੇ ਦਫ਼ਾ 78 ਬਾਰੇ ਕੋਈ ਫੈਸਲਾ ਨਹੀਂ ਦਿੱਤਾ, ਪਰ ਇਨ੍ਹਾਂ ਧਿਰਾਂ ਦੇ ਜਵਾਬ ਤਾਂ ਪੜ੍ਹਨੇ ਚਾਹੀਦੇ ਹਨ। ਉਕਤ ਪਟੀਸ਼ਨਾਂ ਦੀ ਕੋਈ ਜਾਣਕਾਰੀ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੀਆਂ ਵੈਬਸਾਈਟਾਂ 'ਤੇ ਵੀ ਨਹੀਂ ਮਿਲ ਰਹੀ। ਇਨ੍ਹਾਂ ਪਟੀਸ਼ਨਾਂ ਦੇ ਨੰਬਰ ਇਸ ਤਰ੍ਹਾਂ ਹਨ: 375, 360, 1569, 1590 ਆਫ 1982 ਇਨ ਦੀ ਪੰਜਾਬ ਹਾਈ ਕੋਰਟ। ਐਸ.ਐਲ.ਪੀ. ਨੰਬਰ 14858, 14916, 14920 ਆਫ 1983 ਇਨ ਦਾ ਸੁਪਰੀਮ ਕੋਰਟ।

**Matrimonial**

Jatt Sikh well settled and educated family seeking suitable match for their daughter, age 27, height 5'-5". Boy should US citizen or PR holder. Girl has a US visitor visa and family is from Amritsar. Contact: +91-9878342510 (India)









# ਭਾਜਪਾ ਦੇ ਬੇੜੇ ਵਿੱਚੋਂ ਕਾਂਗਰਸੀ ਛਾਲਾਂ ਮਾਰਨ ਨੂੰ ਕਾਹਲੇ

## ਛੜੱਪੇਬਾਜ਼ੀਆਂ




ਕਮਲਜੀਤ ਸਿੰਘ ਬਣਵੈਤ
ਫੋਨ: +91-9814734035

ਦੁਨੀਆਂ ਦਾ ਦਸਤੂਰ ਰਿਹਾ ਹੈ, ਚੜ੍ਹਦੇ ਨੂੰ ਸਲਾਮਾਂ ਕਰਨ ਦਾ। ਰਾਜਨੀਤੀ ਵਿੱਚ ਇਹ ਪਰਵਿਰਤੀ ਹੋਰ ਵੀ ਭਾਰੂ ਹੈ, ਕਿਉਂਕਿ ਇੱਥੇ ਸਮਾਜ ਨਾਲੋਂ ਨਿੱਜੀ ਹਿੱਤ ਪਹਿਲਾਂ ਦੇਖੇ ਜਾਂਦੇ ਹਨ। ਤਦੇ ਤਾਂ ਸਿਆਸਤਦਾਨਾਂ ਦੀ ਗਿਰਗਟ ਨਾਲ ਤੁਲਨਾ ਕੀਤੀ ਜਾਂਦੀ ਹੈ। ਕਈ ਭੱਦਰ ਪੁਰਸ਼ ਤਾਂ ਅਜਿਹੇ ਵੀ ਹਨ, ਜਿਨ੍ਹਾਂ ਨੇ ਸੱਤਾ ਦੀ ਕੁਰਸੀ ਨੂੰ ਹੱਥ ਪਾਉਣ ਲਈ ਪੱਗਾਂ ਵੀ ਬਦਲੀਆਂ ਹਨ ਅਤੇ ਟੋਪੀਆਂ ਵੀ ਵਟਾਈਆਂ ਹੋਣਗੀਆਂ। ਪਿਛਲੇ ਸਮੇਂ ਵਿੱਚ ਖਾਕੀ ਨਿੱਕਰ ਪਾਉਣ ਲੱਗਿਆਂ ਤਾਂ ਕਈਆਂ ਨੇ ਦੇਰ ਨਹੀਂ ਲਾਈ! ਇੱਥੋਂ ਤੱਕ ਕਿ ਸਿਆਸਤ ਵਿੱਚ ਪਰਿਵਾਰਾਂ ਤੋਂ ਅੱਗੇ ਜਾ ਕੇ ਮਾਂ-ਪੁੱਤ ਅਤੇ ਭੈਣ-ਭਰਾਵਾਂ ਵਿੱਚ ਲਕੀਰਾਂ ਖਿੱਚੀਆਂ ਗਈਆਂ।

ਪੰਜਾਬ ਦੀ ਮੌਜੂਦਾ ਸਿਆਸਤ ਨੂੰ ਅੱਜ ਇਸੇ ਸੰਦਰਭ ਵਿੱਚ ਰੱਖ ਕੇ ਗੱਲ ਕਰਨੀ ਬਣਦੀ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਜਿਹੜੇ ਟਕਸਾਲੀ ਕਾਂਗਰਸੀ ਆਪਣੀ ਪਾਰਟੀ ਨੂੰ ਛੱਡ ਕੇ ਭਾਜਪਾ ਦੇ ਵਿਹੜੇ ਵਿੱਚ ਸਵਾਰ ਹੋਏ ਸਨ, ਉਹ ਹੁਣ ਛਾਲਾਂ ਮਾਰਨ ਨੂੰ ਇੱਕ-ਦੂਜੇ ਤੋਂ ਮੂਹਰੇ ਨਿਕਲਣ ਲੱਗੇ ਹਨ। ਸ਼ਾਇਦ ਪਹਿਲਾਂ ਇਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਘੋਖ ਤੋਂ ਡਰਦਿਆਂ ਭਾਰਤੀ ਜਨਤਾ ਪਾਰਟੀ ਵਿੱਚ ਜਾ ਸ਼ਰਣ ਲੈ ਲਈ ਸੀ। ਹੁਣ ਇੰਡੀਆ ਗੱਠਜੋੜ ਦੀ ਛੱਤਰੀ ਹੇਠ ਇਹ ਆਪਣੇ ਆਪ ਨੂੰ ਸੁਰੱਖਿਅਤ ਸਮਝਣ ਲੱਗੇ ਹਨ। ਮੁੱਖ ਮੰਤਰੀ ਮਾਨ ਨੇ ਵੀ ਆਪਣੀ ਭ੍ਰਿਸ਼ਟਾਚਾਰ ਵਿਰੋਧੀ ਤੋਪ ਦਾ ਨਿਸ਼ਾਨਾ ਕਾਂਗਰਸੀਆਂ ਅਤੇ ਅਕਾਲੀਆਂ ਵੱਲ ਨੂੰ ਮੋੜ ਲਿਆ ਲੱਗਦਾ ਹੈ।

ਸਾਡੇ ਮਿਆਰੀ ਸੂਤਰ ਸੂਹ ਰੱਖਦੇ ਹਨ ਕਿ ਇੰਡੀਆ ਗੱਠਜੋੜ ਦੀ ਛਤਰ ਛਾਇਆ ਹੇਠ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਬਗਲਗੀਰ ਹੋਣ ਤੋਂ ਬਾਅਦ ਕਾਂਗਰਸ ਦੇ ਸਾਬਕਾ ਮੰਤਰੀਆਂ- ਰਾਣਾ ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ ਕਾਂਗੜ ਅਤੇ ਬਲਬੀਰ ਸਿੰਘ ਸਿੱਧੂ ਦੀ ਤਾਂ ਆਪਣੇ ਘਰ ਨੂੰ ਪਰਤਣ ਦੀ ਗੱਲ ਕਾਫੀ ਅੱਗੇ ਵਧ ਚੁਕੀ ਹੈ। ਸਾਬਕਾ ਮੰਤਰੀਆਂ ਵਿੱਚੋਂ ਰਾਜ ਕੁਮਾਰ ਵੇਰਕਾ ਅਤੇ ਸੁੰਦਰ ਸ਼ਾਮ ਅਰੋੜਾ ਬਾਰੇ ਵੀ ਇਹੋ ਕਨਸੋਆਂ ਹਨ। ਕਾਰਨ ਸਪਸ਼ਟ ਹੈ। ਪਿਛਲੇ ਸਮੇਂ ਵਿੱਚ ਕਾਂਗਰਸ ਪਾਰਟੀ ਨੂੰ ਪੰਜਾਬ ਵਿੱਚ ਵੱਡਾ ਖੋਰਾ ਲੱਗਾ ਸੀ, ਜਿਸ ਕਰਕੇ ਪਾਰਟੀ ਨੇ ਆਪਣੇ ਦਰਵਾਜ਼ੇ ਇਨ੍ਹਾਂ ਲਈ ਖੁੱਲ੍ਹੇ ਰੱਖੇ ਹੋਏ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਪਾਰਟੀ ਦੇ ਬੂਹੇ ਬੰਦ ਹੋਣ ਦਾ ਸ਼ੱਰੇਆਮ ਐਲਾਨ ਕਰ ਦਿੱਤਾ ਹੈ। ਰਾਜਾ ਵੜਿੰਗ ਨੇ ਆਪਣੇ ਬਿਆਨ ਵਿੱਚ ਸਪਸ਼ਟ ਕਿਹਾ ਹੈ ਕਿ ਕੋਈ ਛੱਲੀਆਂ ਵੇਚਣ ਵਾਲਾ ਤਾਂ ਪਾਰਟੀ ਵਿੱਚ ਸ਼ਾਮਿਲ ਹੋ ਸਕਦਾ ਹੈ, ਪਰ ਕੈਪਟਨ ਲਈ ਬੂਹੇ ਬੰਦ ਹਨ। ਰਾਜਾ ਵੜਿੰਗ ਨੇ ਸਾਬਕਾ ਮੰਤਰੀਆਂ ਦੀ ਘਰ ਵਾਪਸੀ ਨੂੰ ਲੈ ਕੇ ਜਾਣ-ਬੁੱਝ ਕੇ ਮੂੰਹ ਬੰਦ ਰੱਖਿਆ ਲਗਦਾ ਹੈ।

ਚਾਹੇ ਭਾਰਤ ਪੱਧਰ 'ਤੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਇੱਕ ਤਰ੍ਹਾਂ ਨਾਲ ਗੱਠਜੋੜ ਕਰ ਲਿਆ ਹੈ, ਪਰ ਪੰਜਾਬ ਵਿੱਚ ਇਸ ਨੂੰ ਲੈ ਕੇ ਸ਼ੁਰੂ ਤੋਂ ਹੀ ਰੇੜਕਾ ਚਲਿਆ ਆ ਰਿਹਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ



ਪ੍ਰਤਾਪ ਸਿੰਘ ਬਾਜਵਾ ਆਪਣੇ ਵਿਰੋਧੀ ਭਗਵੰਤ ਸਿੰਘ ਮਾਨ ਤੋਂ ਵੱਖ ਹੋ ਕੇ ਚੱਲਣ ਦੀ ਵਕਾਲਤ ਕਰਦੇ ਆ ਰਹੇ ਸਨ। ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਵੱਲੋਂ ਜਬਾਨ ਬੰਦ ਰੱਖਣ ਦੀ ਨਸੀਹਤ ਦੇਣ ਤੋਂ ਬਾਅਦ ਇਨ੍ਹਾਂ ਦੋਹਾਂ ਨੇਤਾਵਾਂ ਨੇ ਵੀ ਅੰਤਿਮ ਫੈਸਲਾ ਹਾਈ ਕਮਾਂਡ 'ਤੇ ਛੱਡਣ ਦਾ ਰਾਗ ਆਪਣਾ ਸ਼ੁਰੂ ਕਰ ਦਿੱਤਾ ਹੈ। ਹਰੀਸ਼ ਚੌਧਰੀ ਨੇ ਹਾਲ ਹੀ ਵਿੱਚ ਅਖਬਾਰਾਂ ਨੂੰ ਦਿੱਤੇ ਬਿਆਨ ਵਿੱਚ ਕਹਿ ਦਿੱਤਾ ਸੀ ਕਿ ਆਮ ਆਦਮੀ ਪਾਰਟੀ ਨਾਲ ਗਠਜੋੜ ਕਰਨ ਵੇਲੇ ਨਾ ਤਾਂ ਪੰਜਾਬ ਦੇ ਨੇਤਾਵਾਂ ਨੂੰ ਪੁੱਛਿਆ ਜਾਵੇਗਾ ਅਤੇ ਨਾ ਹੀ ਉਨ੍ਹਾਂ ਦੀ ਸੁਣੀ ਜਾਵੇਗੀ; ਸਗੋਂ ਹਾਈ ਕਮਾਂਡ ਦਾ ਫੈਸਲਾ ਸੁਪਰੀਮ ਹੈ ਅਤੇ ਅਟੱਲ ਵੀ ਹੋਵੇਗਾ।

ਇੱਥੇ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਉਸ ਬਿਆਨ ਦੀ ਚਰਚਾ ਕਰਨੀ ਵੀ ਜ਼ਰੂਰੀ ਬਣਦੀ ਹੈ, ਜਿਹੜੇ ਆਪਣੇ ਨੇਤਾ ਸਾਥੀਆਂ ਨੂੰ ਪਾਰਟੀ ਦਾ ਅਨੁਸ਼ਾਸਨ ਭੰਗ ਨਾ ਕਰਨ ਦੀ ਨਸੀਹਤ ਦੇ ਗਏ ਹਨ। ਸਿੱਧੂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਸਿਪਾਹੀ ਹਮੇਸ਼ਾ ਜਨਰਲ ਦੀ ਸੁਣਦਾ ਹੈ। ਸਿੱਧੂ, ਜਿਨ੍ਹਾਂ ਉੱਤੇ ਭਾਜਪਾ ਅਤੇ ਕਾਂਗਰਸ ਵਿੱਚ ਹੁੰਦਿਆਂ ਅਨੁਸ਼ਾਸਨ ਦੀ ਪਾਲਣਾ ਨਾ ਕਰਨ ਦੇ ਦੋਸ਼ ਲੱਗਦੇ ਰਹੇ ਹਨ, ਉਨ੍ਹਾਂ ਦੇ ਅਜਿਹੇ ਬਿਆਨ ਨੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ ਅਤੇ ਸਿਆਸੀ ਚਿੰਤਕਾਂ ਨੂੰ ਹੈਰਾਨੀ ਵੀ ਹੋਈ ਹੈ। ਉਨ੍ਹਾਂ ਨੇ ਨਾ ਤਾਂ ਭਾਜਪਾ ਵਿੱਚ ਹੁੰਦਿਆਂ ਅਤੇ ਨਾ ਹੀ ਕਾਂਗਰਸ ਵਿੱਚ ਰਹਿੰਦੇ ਹੋਏ ਜਾਬਤੇ ਦੀ ਪ੍ਰਵਾਹ ਕੀਤੀ ਸੀ। ਉਨ੍ਹਾਂ ਕੋਲੋਂ ਪੰਜਾਬ ਦੀ ਵਜ਼ੀਰੀ ਵੀ ਇਸੇ ਕਰਕੇ ਜਾਂਦੀ ਰਹੀ ਸੀ।

ਪ੍ਰਤਾਪ ਸਿੰਘ ਬਾਜਵਾ ਅਤੇ ਰਾਜਾ ਵੜਿੰਗ ਦੇ ਪੰਜਾਬ ਸਰਕਾਰ ਵਿਰੋਧੀ ਬਿਆਨਾਂ ਕਰਕੇ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੰਜਾਬ ਦੀਆਂ ਬੱਸਾਂ ਰਾਜਸਥਾਨ ਤੋਂ ਲਵਾਉਣ ਦੀ ਸੂਲ ਦੁਬਾਰਾ ਚੁਭੋਣੀ ਪਈ ਹੈ। ਪੰਜਾਬ ਦੀ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਦਾ ਬਾਜਵਾ ਅਤੇ ਬੜਿੰਗ ਨੂੰ ਕਾਟ ਕਰਦਾ ਬਿਆਨ ਵੀ ਕਿਸੇ ਖਾਸ ਵਜ੍ਹਾ ਕਰਕੇ ਦਿੱਤਾ ਗਿਆ ਸੀ। ਦੂਜੇ ਬੰਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਪਿਛਲੇ ਕਈ ਦਿਨਾਂ ਤੋਂ ਸੂਬੇ ਵਿੱਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਰਲ ਕੇ ਚੋਣਾਂ ਲੜਨ ਦਾ ਖੁੱਲ੍ਹੇਆਮ ਬਿਆਨ ਦਿੰਦੇ ਰਹੇ ਹਨ।

ਅਸਲ ਸੱਚ ਤਾਂ ਇਹ ਹੈ ਕਿ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੀ ਹਾਈ ਕਮਾਂਡ ਵਿੱਚ ਚੋਣ ਗੱਠਜੋੜ ਹੋ ਚੁਕਾ ਹੈ। ਪੰਜਾਬ ਕਾਂਗਰਸ ਦੇ ਦੋਵੇਂ ਸੀਨੀਅਰ ਨੇਤਾ ਉਨ੍ਹਾਂ ਦੇ ਕਈ ਸਾਥੀਆਂ ਨੂੰ ਜੇਲ੍ਹਾਂ ਵਿੱਚ ਡੱਕਣ ਕਰਕੇ ਸਰਕਾਰ ਦਾ ਵਿਰੋਧ ਕਰਦੇ ਆ ਰਹੇ ਹਨ। ਪੰਜਾਬ ਦੇ ਕਾਂਗਰਸੀ ਮੈਂਬਰ ਪਾਰਲੀਮੈਂਟ ਪਹਿਲਾਂ ਹੀ ਪਾਰਟੀ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੂੰ ਮਿਲ ਕੇ ਗੱਠਜੋੜ ਦੀ ਹਮਾਇਤ ਕਰ ਚੁਕੇ ਹਨ।

ਭਾਰਤੀ ਜਨਤਾ ਪਾਰਟੀ ਕਾਂਗਰਸੀ ਨੇਤਾਵਾਂ ਦੇ ਪਾਸਾ ਬਦਲਣ ਨਾਲ ਪੰਜਾਬ ਵਿੱਚ ਆਪਣੇ ਆਪ ਨੂੰ ਰਿੜ੍ਹਦੀ ਮਹਿਸੂਸ ਕਰਨ ਲੱਗੀ ਸੀ, ਪਰ ਹੁਣ ਸਵਾਰੀਆਂ ਦੇ ਉਤਰਨ ਦੀ ਕਾਹਲ ਨੂੰ ਦੇਖ ਕੇ ਢਿੱਡ ਨੂੰ ਮਰੋੜ ਲੱਗਣ ਲੱਗ ਗਏ ਹਨ। ਕਾਂਗਰਸੀਆਂ ਦੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਚਾਹੇ ਕੋਈ ਬਹੁਤਾ ਸਿੱਧਾ ਲਾਭ ਨਹੀਂ ਸੀ ਹੋਇਆ, ਪਰ ਉਮੀਦਾਂ 'ਤੇ ਪਾਣੀ ਜ਼ਰੂਰ ਫਿਰ ਗਿਆ ਹੈ। ਭਾਜਪਾ ਤਾਂ ਪੰਜਾਬ ਵਿੱਚ ਕਾਂਗਰਸ ਨੂੰ ਹੋਰ ਸੰਨ ਲਾਉਣ ਦੀ ਤਾਕ ਵਿੱਚ ਸੀ। ਇੱਕ ਸੱਚ ਇਹ ਵੀ ਹੈ ਕਿ ਕਾਂਗਰਸੀਆਂ ਦਾ ਭਾਜਪਾ ਵਿੱਚ ਦਿਲ ਨਹੀਂ ਲੱਗਿਆ ਹੈ। ਪਿਛਲੇ ਦਿਨੀਂ ਵਿਧਾਨ ਸਭਾ ਦੇ ਪੰਜ ਹਲਕਿਆਂ ਵਿੱਚ ਹੋਈਆਂ ਜ਼ਿਮਨੀ ਚੋਣਾਂ ਨੇ ਵੀ ਇੰਡੀਆ ਵਿਸ਼ੇਸ਼ ਕਰਕੇ ਕਾਂਗਰਸ ਵਾਸਤੇ ਭਲੇ ਦਿਨਾਂ ਦੀ ਉਮੀਦ ਜਗ੍ਹਾ ਦਿੱਤੀ ਹੈ।

# ਦਿਲ ਕੀ ਬਾਤ

ਕਵੀ ਤੇ ਗਲਪਕਾਰ ਪੇਰੂਮਲ ਮੋਰਗਨ ਨੇ ਲਿਖਣ ਤੋਂ ਤੌਬਾ ਕਰਦਿਆਂ ਆਪਣੇ ਅੰਦਰਲੇ ਰਚਨਾਕਾਰ ਦੀ ਮੌਤ ਦਾ ਐਲਾਨ ਕਰ ਦਿੱਤਾ ਸੀ। ਹਿੰਦੂ ਫ਼ਿਰਕਾਪ੍ਰਸਤਾਂ ਦੀਆਂ ਘੁਰਕੀਆਂ ਦੇ ਸਤਾਏ ਦੇਵਨੂਰ ਮਹਾਂਦੇਵ, ਜੀ। ਰਾਮਾ ਕ੍ਰਿਸ਼ਨਾ ਅਤੇ ਐਸ.ਜੀ. ਸਿੱਧਾਰਮੱਈਆ ਵਰਗੇ ਚਰਚਿਤ ਲੇਖਕਾਂ ਨੇ ਸਰਕਾਰੀ ਪਾਠ-ਪੁਸਤਕਾਂ ਵਿੱਚ ਆਪਣੀਆਂ ਰਚਨਾਵਾਂ ਨਾ ਛਪਵਾਉਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਤਮਾਮ ਦਬਾਵਾਂ ਤੇ ਲਾਲਚਾਂ ਦੇ ਬਾਵਜੂਦ ਸੋਸ਼ਲ ਮੀਡੀਆ ਬਦਲਵੇਂ (Alternative) ਸੰਚਾਰ ਮੀਡੀਆ ਵਜੋਂ ਆਪਣੀ ਪ੍ਰਤਿਰੋਧੀ ਭੂਮਿਕਾ ਨਿਭਾ ਰਿਹਾ ਹੈ।

ਤਸੱਲੀ ਦੀ ਗੱਲ ਇਹ ਹੈ ਕਿ ਭਾਰਤੀ ਭਾਸ਼ਾਵਾਂ ਦੇ ਲੇਖਕ, ਬੁੱਧੀਜੀਵੀ, ਪੱਤਰਕਾਰ ਅਤੇ ਇਤਿਹਾਸਕਾਰ ਸੰਪ੍ਰਦਾਇਕ ਤਾਕਤਾਂ ਦੇ ਫ਼ਾਸ਼ੀਵਾਦੀ ਵਿਵਹਾਰ ਅਤੇ ਕਾਰਪੋਰੇਟ ਸੈਕਟਰ ਦੇ ਹਿਤਾਂ ਦੀ ਰਾਖੀ ਕਰਨ ਵਾਲੀ ਸਰਕਾਰ ਦੇ ਜਮਾਤੀ ਖਾਸੇ ਬਾਰੇ ਵਧੇਰੇ ਸਜਗ ਹੋਏ ਹਨ। ਪਛਾਣਾਂ ਦੀ ਰਾਜਨੀਤੀ ਅਤੇ ਅਸਮਿਤਾ ਵਿਮਰਸ਼ਾਂ ਨੇ ਭਾਰਤੀ ਸਮਾਜ ਵਿੱਚ ਹਾਸ਼ੀਏ ਉੱਤੇ ਵਿਚਰਦੇ ਤੇ ਵੰਚਿਤ ਸਮੂਹਾਂ ਨੂੰ ਸਾਹਿਤ ਜਗਤ ਵਿੱਚ ਨਵੀਂ ਪਛਾਣ ਦਿੱਤੀ ਹੈ। ਭਾਰਤੀ ਵਰਣ-ਪ੍ਰਥਾ ਕਰਕੇ ਸਮਾਜ ਦੀ ਮੁੱਖ ਧਾਰਾ 'ਚੋਂ ਬੇਦਖ਼ਲ ਕੀਤੇ ਗਏ ਦਲਿਤ ਭਾਈਚਾਰੇ ਨੂੰ ਦਲਿਤ ਵਿਮਰਸ਼ ਨੇ ਨਵੀਂ ਪਛਾਣ ਪ੍ਰਦਾਨ ਕੀਤੀ ਹੈ। ਦਲਿਤ ਆਤਮ-ਕਥਾ, ਭਾਰਤੀ ਸਾਹਿਤ ਵਿੱਚ ਇੱਕ ਨਵੇਂ ਸਾਹਿਤਕ ਰੂਪਾਕਾਰ ਵਜੋਂ ਉਭਰੀ ਹੈ। ਅਜੋਕੇ ਦਲਿਤ ਸਾਹਿਤ ਨੇ ਸੌਂਦਰਯ ਸ਼ਾਸਤਰ ਦੇ ਨਵੇਂ ਪ੍ਰਤਿਮਾਨ ਸਥਾਪਤ ਕੀਤੇ ਹਨ।

ਭਾਰਤੀ ਸਾਹਿਤ ਵਿੱਚ ਨਾਰੀ-ਵਿਮਰਸ਼ ਦੀ ਪਰੰਪਰਾ ਬੜੀ ਅਮੀਰ ਰਹੀ ਹੈ। ਪ੍ਰਮਾਣ ਵਜੋਂ ਅੱਠਵੀਂ ਸਦੀ ਦੀ ਤਾਮਿਲ ਭਾਸ਼ਾ ਦੀ ਵੈਸ਼ਨਵ ਕਵਿੱਤਰੀ ਅੰਦਾਲ, ਬਾਰ੍ਹਵੀਂ ਸਦੀ ਦੀ ਕੰਨੜ ਭਾਸ਼ਾ ਦੀ ਸ਼ਾਇਰਾ ਅੱਕਾ ਮਹਾਂਦੇਵੀ, ਚੌਧਵੀਂ ਸਦੀ ਦੀ ਕਸ਼ਮੀਰੀ ਭਾਸ਼ਾ ਦੀ ਰਿਸ਼ੀ ਕਵਿੱਤਰੀ ਲੱਲਸ਼ੇਵਰੀ (ਲੱਲਦੇਹ) ਅਤੇ ਸੋਲ੍ਹਵੀਂ ਸਦੀ ਦੀ ਰਾਜਸਥਾਨ ਦੀ ਵਿਦਰੋਹੀ ਭਗਤ ਕਵਿੱਤਰੀ ਮੀਰਾ ਦੀ ਕਵਿਤਾ ਦੇਖੀ ਜਾ ਸਕਦੀ ਹੈ। ਭਾਵੇਂ ਅਜੋਕੀ ਭਾਰਤੀ ਨਾਰੀ ਕਵਿਤਾ ਅਤੇ ਨਾਰੀ ਵਿਮਰਸ਼ ਪੱਛਮੀ ਚਿੰਤਨ ਤੋਂ ਵਧੇਰੇ ਪ੍ਰਭਾਵਿਤ ਹੈ, ਪਰ ਇਸ ਨੇ ਸਾਡੀ ਆਪਣੀ ਵਿਸ਼ੇਸ਼ ਸਭਿਆਚਾਰਕ ਪਿੱਠਭੂਮੀ ਵਿੱਚ ਪਿਤਰ-ਸੱਤਾ ਤੋਂ ਨਾਰੀ ਮੁਕਤੀ ਲਈ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਹੈ। ਆਦਿ-ਵਾਸੀ ਵਿਮਰਸ਼ ਨੇ ਭਾਰਤੀ ਸਾਹਿਤਾਂ ਵਿੱਚ ਇੱਕ ਅਸਲੋਂ ਨਵਾਂ ਅਧਿਆਇ ਜੋੜਿਆ ਹੈ। ਹੁਣ ਤੱਕ ਕਥਿਤ ਸਭਿਅਕ ਸਮਾਜਾਂ ਅਤੇ ਨਾਗਰਿਕ ਅਧਿਕਾਰਾਂ ਤੋਂ ਵੰਚਿਤ ਵਣ-ਵਾਸੀਆਂ ਨੇ ਆਪਣੇ ਹਿੱਸੇ ਦੀ ਜ਼ਮੀਨ ਤਲਾਸ਼ਣੀ ਸ਼ੁਰੂ ਕੀਤੀ ਹੈ। ਅਜੋਕੇ ਪ੍ਰਗਤੀਸ਼ੀਲ ਲੇਖਕ ਨੂੰ ਜਿੱਥੇ ਇਨ੍ਹਾਂ ਅਸਮਿਤਾ ਵਿਮਰਸ਼ਾਂ ਬਾਰੇ ਵਧੇਰੇ ਸੰਵੇਦਨਸ਼ੀਲ ਹੋ ਕੇ ਸੋਚਣ ਦੀ ਲੋੜ ਹੈ, ਉੱਥੇ ਉਸ ਨੂੰ ਮਨੁੱਖ ਦੀ ਮੁਕਤੀ ਤੇ ਸਸ਼ਕਤੀਕਰਣ ਲਈ ਸਮਾਜ ਵਿਚਲੇ ਮੂਲ ਅੰਤਰ-ਦਵੰਦਾਂ ਦੀ ਸੋਝੀ ਦੇਣ ਵਾਲੇ ਵਰਗ-ਸਿਧਾਂਤ ਜਾਂ ਜਮਾਤੀ ਚੇਤਨਾ ਬਾਰੇ ਸਜਗ ਤੇ ਸੁਦ੍ਰਿੜ ਹੋਣ ਦੀ ਜ਼ਰੂਰਤ ਹੈ।

ਭਾਰਤ ਵਿੱਚ ਪ੍ਰਗਤੀਸ਼ੀਲ ਸਾਹਿਤਕ ਅੰਦੋਲਨ ਦੇ ਮੋਢੀਆਂ ਵਿੱਚੋਂ ਸੱਜਾਦ ਜ਼ਹੀਰ ਨੇ ਅਗਾਂਹਵਧੂ ਲੇਖਕਾਂ ਤੋਂ ਇਹ ਤਵੱਕੋ ਕੀਤੀ ਸੀ ਕਿ ਉਹ ਰਾਸ਼ਟਰੀ ਸੁਤੰਤਰਤਾ ਸੰਗਰਾਮ ਅਤੇ ਮਜ਼ਦੂਰਾਂ-ਕਿਸਾਨਾਂ ਦੇ ਅੰਦੋਲਨ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ। ਲੇਖਕ ਆਵਾਮੀ ਸੰਘਰਸ਼ਾਂ ਅਤੇ ਰਾਜਨੀਤੀ ਤੋਂ ਦੂਰ ਨਾ ਰਹੇ। ਸਮਾਜਕ ਅਮਲ ਅਤੇ ਜਮਾਤੀ ਸੰਘਰਸ਼ਾਂ ਵਿੱਚ ਪ੍ਰਗਤੀਸ਼ੀਲ ਲੇਖਕਾਂ ਦਾ ਰੋਲ ਸਰਗਰਮ ਸਭਿਆਚਾਰਕ ਕਾਮਿਆਂ ਤੇ ਆਗੂਆਂ ਵਾਲਾ ਹੋਣਾ ਚਾਹੀਦਾ ਹੈ। ਅਜੋਕੀ ਸੰਪ੍ਰਦਾਇਕ ਨਫ਼ਰਤ ਤੇ ਫ਼ਾਸ਼ੀਵਾਦੀ ਆਤੰਕ ਦੇ ਦੌਰ ਵਿੱਚ ਅਗਾਂਹਵਧੂ ਲੇਖਕਾਂ ਨੂੰ ਆਪਣੇ ਵਿਰਸੇ, ਧਾਰਮਿਕ ਤੇ ਸੰਸਕ੍ਰਿਤਕ ਪਰੰਪਰਾਵਾਂ ਬਾਰੇ ਵਿਗਿਆਨਕ ਤੇ ਤਰਕਸ਼ੀਲ ਨਜ਼ਰੀਆ ਅਪਣਾਉਣਾ ਚਾਹੀਦਾ ਹੈ। ਹਿੰਸਾ ਅਤੇ ਖ਼ਾਮੋਸ਼ੀ (ਸੰਨਾਟੇ) ਦੇ ਇਸ ਦੌਰ ਵਿੱਚ ਪ੍ਰਗਤੀਸ਼ੀਲ ਲੇਖਕਾਂ ਨੂੰ ਭਾਰਤ ਦੀ ਸਾਂਝੀ ਸੰਸਕ੍ਰਿਤੀ, ਸੰਘੀ ਢਾਂਚੇ, ਸੈਕੂਲਰ ਵਿਧਾਨ ਅਤੇ ਲੋਕਤੰਤ੍ਰਿਕ ਸੰਸਥਾਵਾਂ ਦੀ ਰਾਖੀ ਲਈ ਇੱਕ ਜੁੱਟ ਹੋ ਕੇ ਲੇਖਕਾਂ, ਬੁੱਧੀਜੀਵੀਆਂ ਅਤੇ ਕਲਾਕਾਰਾਂ ਦੇ ਸੰਯੁਕਤ ਮੋਰਚੇ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਬਕੌਲ ਪੰਜਾਬੀ ਕਵੀ ਪਾਸ਼ ਮਨੁੱਖ ਦੇ ਸੁਪਨਿਆਂ ਨੂੰ ਮਰਨ ਤੋਂ ਬਚਾਉਣ ਲਈ ਲੇਖਕਾਂ ਨੂੰ ਪੂਰੀ ਸੁਦ੍ਰਿੜਤਾ ਤੇ ਬੇਬਾਕੀ ਨਾਲ 'ਦਿਲ ਕੀ ਬਾਤ' ਲਬਾਂ ਤੱਕ ਲਿਆਉਣੀ ਚਾਹੀਦੀ ਹੈ। ਫ਼ੈਜ਼ ਅਹਿਮਦ ਫ਼ੈਜ਼ ਦਾ ਇਹ ਸ਼ਿਅਰ ਤੁਹਾਡੀ ਨਜ਼ਰ ਕਰ ਰਿਹਾ ਹਾਂ:

ਜਿਸ ਧਜ ਸੇ ਕੋਈ ਮਕਤਲ ਮੇਂ ਗਿਆ,
ਵੋਹ ਸ਼ਾਨ ਸਲਾਮਤ ਰਹਿਤੀ ਹੈ,
ਯੇ ਜਾਂ (ਜਾਨ) ਤੋ ਆਨੀ ਜਾਨੀ ਹੈ,
ਇਸ ਜਾਂ ਕੀ ਤੋ ਕੋਈ ਬਾਤ ਨਹੀਂ।

## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ
ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਸਾਡਾ ਇਤਿਹਾਸ


ਦਿਲਜੀਤ ਸਿੰਘ ਬੇਦੀ
ਫੋਨ: +91-76579-68570




# ਬਹਾਦਰੀ ਦੀ ਗਾਥਾ

## ਸਾਰਾਗੜ੍ਹੀ ਸਾਕੇ ਦੇ 21 ਸਿੱਖ ਸ਼ਹੀਦ

ਸਾਰਾਗੜ੍ਹੀ ਦਾ ਦਿਵਸ ਮਨਾਉਂਦਿਆਂ ਅੱਜ,
ਇੱਕੀ ਬਾਂਕੇ ਬਲਕਾਰਾਂ ਦੀ ਗੱਲ ਕਰੀਏ।
ਜਿਹਨਾਂ ਦੇਸ਼ ਖਾਤਰ ਜਾਨਾਂ ਵਾਰੀਆਂ ਸੀ,
ਓਨ੍ਹਾਂ ਜਾਂ-ਨਿਸਾਰਾਂ ਦੀ ਗੱਲ ਕਰੀਏ।
ਹੋਏ ਸਾਰੇ ਦੇ ਸਾਰੇ ਸ਼ਹੀਦ ਜਿਹੜੇ, ਓ
ਨ੍ਹਾਂ ਇੱਕੀ ਸਰਦਾਰਾਂ ਦੀ ਗੱਲ ਕਰੀਏ।
ਸਦਾ ਲਈ ਜੋ ਹੋ ਗਏ ਅਮਰ 'ਜਾਚਕ',
ਓਨ੍ਹਾਂ ਸਿਪਾਹ ਸਲਾਰਾਂ ਦੀ ਗੱਲ ਕਰੀਏ।
ਛੱਡਦੇ ਹੋਏ ਜੈਕਾਰੇ ਸਭ ਸਿੱਖ ਸੈਨਿਕ,
ਦੇਸ਼ ਕੌਮ ਲਈ ਹੋਏ ਕੁਰਬਾਨ ਹੈਸੀ।
ਓਨ੍ਹਾਂ ਆਪਣੀ ਜਾਨ 'ਤੇ ਖੇਡ ਕੇ ਤੇ,
ਪਾਈ ਦੇਸ਼ ਦੀ ਜਾਨ ਵਿੱਚ ਜਾਨ ਹੈਸੀ।
(ਡਾ. ਹਰੀ ਸਿੰਘ ਜਾਚਕ)





ਦੁਨੀਆਂ ਦੇ ਇਤਿਹਾਸ ਵਿੱਚ ਸਾਰਾਗੜ੍ਹੀ ਦੀ ਅਸਾਂਵੀ ਜੰਗ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ। ਇਹ ਸਾਕਾ 12 ਸਤੰਬਰ 1897 ਨੂੰ ਸਮਾਨਾ ਰੇਂਜ ਉਤੇ ਸਥਿਤ ਬਣੀ ਸਾਰਾਗੜ੍ਹੀ ਦੀ ਚੌਕੀ ਵਿਖੇ 36 ਸਿੱਖ ਰੈਜੀਮੈਂਟ ਦੇ 21 ਸਿੱਖ ਜਾਂਬਾਜ ਸਿਪਾਹੀਆਂ ਨੇ ਦਸ ਹਜ਼ਾਰ ਦੇ ਕਰੀਬ ਓਰਕਜਾਈ ਤੇ ਅਫਰੀਦੀ ਕਬਾਇਲੀਆਂ ਨਾਲ ਸਾਹਮਣਾ ਕਰਦੇ ਸਮੇਂ ਵਾਪਰਿਆ ਸੀ।

ਇਹ ਦੱਰਾ ਖੈਬਰ ਦੇ ਪ੍ਰਵੇਸ਼ ਦੁਆਰ ਉਤੇ ਸਥਿਤ ਹੋਣ ਕਾਰਨ ਵਿਦੇਸ਼ੀ ਧਾੜਵੀਆਂ ਜਾਂ ਵਿਉਪਾਰੀਆਂ ਲਈ ਲਾਭਦਾਇਕ ਹੈ ਅਤੇ ਆਰੀਅਨ ਪਰਵਾਸੀਆਂ ਨੇ ਭਾਰਤ ਵਿੱਚ ਵੱਡੇ ਪੱਧਰ 'ਤੇ ਏਸੇ ਰਸਤੇ ਪ੍ਰਵੇਸ਼ ਕੀਤਾ। ਸਿਕੰਦਰ, ਚੰਗੇਜ਼ ਖਾਂ, ਮੁਹੰਮਦ ਗਜ਼ਨਵੀ, ਬਾਬਰ ਵੀ ਆਇਆ। ਬਾਅਦ ਵਿਚ ਬਰਤਾਨੀਆਂ ਨੇ ਇਸ ਇਲਾਕੇ ਤੋਂ ਰੂਸੀ ਦਬਦਬਾ ਖਤਮ ਕਰਨ ਲਈ 1891 ਵਿੱਚ ਸਮਾਨਾ ਰੇਂਜ ਉਤੇ ਕਿਲ੍ਹੇ ਤੇ ਚੌਕੀਆਂ ਦੀ ਸਥਾਪਨਾ ਕੀਤੀ। 36 ਸਿੱਖ ਰੈਜੀਮੈਂਟ 23 ਮਾਰਚ 1887 ਨੂੰ ਹੋਂਦ ਵਿਚ ਆਈ। ਇਸ ਵਿੱਚ ਪੰਜਾਬ ਫਰੰਟੀਅਰ ਫੋਰਸ, ਬੰਗਾਲ ਇਨਫੈਂਟਰੀ ਦੀਆਂ 8 ਕੰਪਨੀਆਂ ਦੇ 225 ਚੋਣਵੇਂ ਬਹਾਦਰ ਸ਼ਾਮਲ ਕੀਤੇ ਗਏ; ਪਰ ਫਿਰ ਪੰਜਾਬ ਵਿਚੋਂ 8 ਮਈ 1887, ਜਨਵਰੀ 1888 ਤੇ ਫਿਰ 1891 ਵਿੱਚ ਨਵੀਂ ਭਰਤੀ ਕੀਤੀ, ਜਿਸ ਵਿੱਚ 2529 ਨੌਜਵਾਨ ਚੁਣੇ ਗਏ।

ਇਹ ਰੈਜੀਮੈਂਟ 31 ਦਸੰਬਰ 1896 ਨੂੰ ਕੋਹਾਟ ਪਹੁੰਚੀ। ਪਹਿਲੀ ਮਈ 1821 ਵਿੱਚ ਕਿਲ੍ਹਾ ਗੁਲਿਸਤਾਨ (ਕਾਵਾਗਨਰੀ) 6152 ਫੁੱਟ ਦੀ ਉਚਾਈ ਉਤੇ ਮਜ਼ਬੂਤ ਪੱਥਰਾਂ ਨਾਲ ਬਣਵਾਇਆ ਗਿਆ, ਜਿਸ ਵਿੱਚ 200 ਜਵਾਨ ਅਤੇ ਕਿਲ੍ਹਾ ਮਸਤਾਨ (ਲਾਕੱਹਰਟ) ਨੂੰ 6743 ਫੁੱਟ ਦੀ ਉਚਾਈ ਉਤੇ ਬਣਾਇਆ ਤੇ ਇਸ ਵਿੱਚ 300 ਜਵਾਨਾਂ ਦੇ ਰਹਿਣ ਦਾ ਪ੍ਰਬੰਧ ਸੀ। ਇਨ੍ਹਾਂ ਕਿਲ੍ਹਿਆ ਦੀਆਂ ਕੰਧਾਂ 12 ਤੋਂ 15 ਫੁੱਟ ਉਚੀਆਂ ਮਜ਼ਬੂਤ ਪੱਥਰਾਂ ਦੀਆਂ ਸਨ। ਪੰਜ ਮੀਲ ਦੇ ਖੇਤਰ ਵਿਚ ਪੰਜ ਚੌਕੀਆਂ ਵੀ ਸਥਾਪਤ ਹੋਈਆਂ। ਜੋ ਦੁਸ਼ਮਣ ਦੀ ਹਰਕਤ ਨੂੰ ਕਿਲ੍ਹਿਆਂ ਤੀਕ ਪਹੁੰਚਾਉਂਦੀਆਂ ਸਨ। ਲੜਾਈ ਸਮੇਂ 168 ਸਿੱਖ ਸਿਪਾਹੀ ਲਾਕੱਹਰਟ ਕਿਲ੍ਹੇ ਉਤੇ ਅਤੇ 175 ਸਿੱਖ ਸਿਪਾਹੀ ਗੁਲਿਸਤਾਨ ਮੌਜੂਦ ਸਨ। ਧਾਰਚੌਕੀ ਵਿੱਚ 37 ਸਿਪਾਹੀ ਤੇ ਸਰਤੋਪ ਚੌਕੀ ਵਿੱਚ 21 ਸਿਪਾਹੀ ਤਾਇਨਾਤ ਸਨ। ਸਾਰਾਗੜ੍ਹੀ ਵਿੱਚ ਹਵਾਲਦਾਰ ਈਸ਼ਰ ਸਿੰਘ ਦੀ ਅਗਵਾਈ ਵਿੱਚ 21 ਸਿੱਖ ਸਿਪਾਹੀ ਤੇ ਇੱਕ ਸਫਾਈ ਮਜ਼ਦੂਰ ਖੁਦਾਦਾਦ ਮੌਜੂਦ ਸੀ। 36 ਸਿੱਖ ਰੈਜੀਮੈਂਟ 23 ਮਾਰਚ 1887 ਨੂੰ ਕਰਨਲ ਜਿਮ ਕੁਕ ਦੀ ਕਮਾਂਡ ਹੇਠ ਜਲੰਧਰ ਛਾਉਣੀ ਵਿੱਚ ਆਰਮੀ ਦੇ ਕਲਾਜ ਨੰਬਰ 46 ਮੁਤਾਬਿਕ ਹੋਂਦ ਵਿਚ ਆਈ। ਇਸ ਵਿੱਚ ਪੰਜਾਬ ਫਰੰਟੀਅਰ ਫ਼ੋਰਸ ਅਤੇ ਬੰਗਾਲ ਇਨਫੈਂਟਰੀ ਦੀਆਂ 8 ਕੰਪਨੀਆਂ ਤੋਂ 225 ਚੋਣਵੇਂ ਬਹਾਦਰ ਸ਼ਾਮਲ ਕੀਤੇ ਗਏ ਤੇ 8 ਮਈ 1887 ਨੂੰ ਸਾਰੇ ਪੰਜਾਬ ਵਿੱਚੋਂ ਨਵੀਂ ਭਰਤੀ ਕੀਤੀ ਗਈ, ਜੋ ਕਿ ਕਰਨਲ ਕੁਕ ਤੇ ਕੈਪਟਨ ਐਚ.ਆਰ. ਹਲਮਸ ਦੀ ਦੇਖ-ਰੇਖ ਵਿੱਚ ਹੋਈ।

ਸਾਰੇ ਭਰਤੀ ਕੀਤੇ ਸਿੱਖਾਂ ਦਾ ਕੱਦ ਘੱਟ ਤੋਂ ਘੱਟ 5 ਫੁੱਟ 8 ਇੰਚ ਤੇ ਛਾਤੀ 36 ਇੰਚ ਚੌੜੀ ਹੁੰਦੀ ਸੀ। ਜਨਵਰੀ 1888 ਤੱਕ 912 ਜਵਾਨ ਭਰਤੀ ਹੋ ਗਏ ਤੇ 1891 ਤੱਕ ਕੁੱਲ ਭਰਤੀ 2529 ਹੋਈ। ਸਿਖਲਾਈ ਤੋਂ ਬਾਅਦ ਮਾਰਚ 1891 ਵਿੱਚ ਰੈਜੀਮੈਂਟ ਨੂੰ ਪਹਿਲਾਂ ਦਿੱਲੀ ਵਿੱਚ ਤੇ ਫਿਰ ਮਨੀਪੁਰ ਵਿੱਚ ਤਾਇਨਾਤ ਕੀਤਾ ਗਿਆ। 25 ਜੂਨ 1894 ਨੂੰ ਕਮਾਂਡਰ ਜਿਮ ਕੁਕ ਆਪਣੇ ਸਾਲ ਦਾ ਕਾਰਜਕਾਲ ਪੂਰਾ ਕਰਕੇ ਸੇਵਾ-ਮੁਕਤ ਹੋ ਗਿਆ। ਫਿਰ ਲੈਫ਼ਟੀਨੈਂਟ ਕਰਨਲ ਜੋਨ ਹਾਟਨ ਨੂੰ ਨਵਾਂ ਕਮਾਂਡਰ ਨਿਯੁਕਤ ਕੀਤਾ ਗਿਆ ਤੇ ਮੇਜਰ ਚਾਰਲਸ ਹੈਮਿਲਟਨ ਡੇਸ ਵੌਇਕਸ ਨੂੰ ਮੀਤ ਕਮਾਂਡਰ ਬਣਾਇਆ ਗਿਆ। ਪਿੰਡ ਸਾਰਾ ਵਿਖੇ 6200 ਫੁੱਟ ਦੀ ਉਚੀ ਪਹਾੜੀ 'ਤੇ ਸਾਰਾਗੜ੍ਹੀ ਚੌਕੀ ਬਣਾਈ ਗਈ ਸੀ। ਮਿਸ਼ਨ ਸਾਰਾਗੜ੍ਹੀ ਦੇ ਲੇਖਕ ਡਾ. ਗੁਰਿੰਦਰਪਾਲ ਸਿੰਘ ਜੋਸਨ ਨੇ ਬਰਤਾਨਵੀ ਫੌਜੀ ਅਧਿਕਾਰੀਆਂ ਦੀਆਂ ਚਿੱਠੀਆਂ ਦਾ ਜ਼ਿਕਰ ਕੀਤਾ ਹੈ, ਜੋ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।

16 ਜਨਵਰੀ 1898 ਨੂੰ ਕਮਾਂਡਰ ਜੌਨ ਹਾਟਨ ਵੱਲੋਂ ਲਿਖੀ ਚਿੱਠੀ ਮੁਤਾਬਿਕ "ਸਮਾਨਾ ਉਤੇ ਸਾਡੀ ਅੱਧੀ ਬਟਾਲੀਅਨ (36 ਸਿੱਖ ਰੈਜੀਮੈਂਟ) ਸੱਤ ਚੌਕੀਆਂ ਵਿੱਚ ਵੰਡੀ ਹੋਈ ਸੀ, ਜੋ ਅੱਠ ਮੀਲ ਦੇ ਘੇਰੇ ਵਿੱਚ ਫੈਲੀ ਹੋਈ ਸੀ। ਫਿਰ ਜੇ ਸਾਡੇ ਕੋਲ ਦੋ ਪਹਾੜੀ ਤੋਪਾਂ ਹੁੰਦੀਆਂ, ਤਾਂ ਅਸੀਂ ਨਾ ਸਿਰਫ਼ ਹਾਲਾਤ ਕਾਬੂ ਕਰ ਸਕਦੇ ਸੀ, ਸਗੋਂ ਦੁਸ਼ਮਣ ਨੂੰ ਖ਼ਤਮ ਵੀ ਕਰ ਸਕਦੇ ਸੀ। ਦੁਸ਼ਮਣ ਦੀਆਂ ਗੁਰੀਲਾ ਨੀਤੀਆਂ ਅਤੇ ਵਧੀਆ ਹਥਿਆਰ ਹੋਣਾ, ਜਦਕਿ ਸਾਡੇ ਸੈਨਿਕਾਂ (ਸਾਰਾਗੜ੍ਹੀ ਵਾਲੇ) ਕੋਲ ਲੀ-ਮੈਟਫੋਰਡ ਸੀ।" 12 ਫ਼ਰਵਰੀ 1898 ਵਿੱਚ 'ਟਾਈਮਜ਼' ਅਖ਼ਬਾਰ ਵਿੱਚ ਛਪੀ ਜਨਰਲ ਬਿਗਸ ਦੀ ਰਿਪੋਰਟ ਮੁਤਾਬਿਕ "ਮੈਂ ਆਸ ਕਰਦਾ ਹਾਂ ਕਿ 21 ਸਿੱਖਾਂ ਦੀ ਇਸ ਵਫ਼ਾਦਾਰੀ ਤੇ ਬੇਮਿਸਾਲ ਬਹਾਦਰੀ ਨੂੰ ਬਰਤਾਨੀਆ ਦੇ ਫ਼ੌਜੀ ਇਤਿਹਾਸ ਵਿੱਚ ਖ਼ਾਸ ਥਾਂ ਦਿੰਦੇ ਹੋਏ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇ।"

ਲੰਡਨ ਗਜ਼ਟ ਵਿੱਚ 11 ਫ਼ਰਵਰੀ 1898 ਨੂੰ ਗਵਰਨਰ ਜਨਰਲ ਦਾ ਬਿਆਨ ਛਪਿਆ, "36 ਸਿੱਖ ਰੈਜੀਮੈਂਟ ਦੇ ਜਵਾਨ ਕਿਲ੍ਹਾ ਲੌਕਹਰਟ ਤੋਂ ਬੇਮਿਸਾਲ ਬਹਾਦਰੀ ਨਾਲ ਲੜੇ ਤੇ ਸਾਰਾਗੜ੍ਹੀ ਪੋਸਟ ਤੋਂ 21 ਸਿੱਖ ਜਵਾਨਾਂ ਨੇ ਹਵਲਦਾਰ ਈਸ਼ਰ ਸਿੰਘ ਦੀ ਅਗਵਾਈ ਵਿੱਚ, ਜੋ ਬੇਮਿਸਾਲ ਦਲੇਰਾਨਾ ਲੜਾਈ ਲੜੀ ਉਹ ਭਾਰਤੀ ਫ਼ੌਜ ਦੇ ਇਤਿਹਾਸ ਵਿੱਚ ਪਹਿਲੀ ਮਿਸਾਲ ਹੈ।" ਮਹਾਰਾਣੀ ਵਿਕਟੋਰੀਆ ਨੂੰ ਬਾਲਮੋਰਲ ਵਿੱਚ 16 ਸਤੰਬਰ 1897 ਨੂੰ ਟੈਲੀਗ੍ਰਾਮ ਜ਼ਰੀਏ ਫਰੰਟੀਅਰ ਦੀ ਲੜਾਈ ਦੀ ਖ਼ਬਰ ਪਹੁੰਚਾਈ ਗਈ ਤਾਂ ਉਸਨੇ ਕਿਹਾ, "ਸਿੱਖਾਂ ਨੇ ਬੇਮਿਸਾਲ ਵਫ਼ਾਦਾਰੀ ਤੇ ਬਹਾਦਰੀ ਨਾਲ 30 ਘੰਟੇ ਲਗਾਤਾਰ ਲੜਦੇ ਹੋਏ ਕਿਲ੍ਹਾ ਕਾਵਾਗਨਰੀ ਨੂੰ ਦੁਸ਼ਮਣਾਂ ਨਾਲ ਲੜਦੇ ਹੋਏ ਬਚਾਇਆ।"

13 ਜੁਲਾਈ 1898 ਨੂੰ ਸਰਕਾਰੀ ਰਿਕਾਰਡ ਵਿੱਚ ਇਹ ਦਰਜ ਕੀਤਾ ਗਿਆ, "ਕੁਈਨ ਦੀ ਸਰਕਾਰ ਇਸ (ਫ਼ਰੰਟੀਅਰ) ਵਿੱਚ ਬਰਤਾਨਵੀ ਤੇ ਭਾਰਤੀ ਅਫ਼ਸਰਾਂ ਤੇ ਸਿਪਾਹੀਆਂ ਵੱਲੋਂ ਵਿਖਾਈ ਗਈ ਬਹਾਦਰੀ ਦਾ ਸਨਮਾਨ ਕਰਦੀ ਹੈ ਤੇ ਖ਼ਾਸ ਕਰਕੇ 36 ਸਿੱਖ ਰੈਜੀਮੈਂਟ ਦੇ ਉਨ੍ਹਾਂ ਜਵਾਨਾਂ ਦੀ, ਜਿਨ੍ਹਾਂ ਨੇ ਆਖ਼ਰੀ ਸਾਹ ਤੱਕ ਬੇਮਿਸਾਲ ਬਹਾਦਰੀ ਵਿਖਾਉਂਦੇ ਹੋਏ ਸਾਰਾਗੜ੍ਹੀ ਪੋਸਟ ਦੀ ਰੱਖਿਆ ਕੀਤੀ। ਭਾਰਤ ਦੇ ਵਾਇਸਰਾਏ ਲਾਰਡ ਕੁਰਜ਼ੋਨ ਨੇ ਲਾਹੌਰ ਵਿੱਚ ਸਾਬਕਾ ਫ਼ੌਜੀਆਂ ਦੇ ਇੱਕ ਸਮਾਗਮ ਵਿੱਚ 6 ਅਪ੍ਰੈਲ 1899 ਨੂੰ ਆਪਣੇ ਭਾਸ਼ਣ ਵਿੱਚ ਕਿਹਾ, "ਮੈਂ ਸਿੱਖ ਕੌਮ ਉੱਤੇ ਮਾਣ ਕਰਦਾ ਹਾਂ ਕਿ ਉਨ੍ਹਾਂ ਨੇ ਬਰਤਾਨਵੀ ਰਾਜ ਦੇ 50 ਸਾਲਾਂ ਵਿੱਚ ਫ਼ੌਜ ਅੰਦਰ ਸੇਵਾਵਾਂ ਦਿੰਦੇ ਹੋਏ, ਜੋ ਬਹਾਦਰੀ ਵਿਖਾਈ, ਉਹ ਹੋਰ ਕੋਈ ਭਾਰਤੀ ਕੌਮ ਨਹੀਂ ਦਿਖਾ ਸਕੀ।"

1900 ਵਿੱਚ ਸਰਕਾਰ ਵੱਲੋਂ ਸਾਰਾਗੜ੍ਹੀ ਦੇ 21 ਜਾਂਬਾਜ਼ ਸ਼ਹੀਦਾਂ ਦੇ ਪਰਿਵਾਰ ਵਾਲਿਆਂ ਨੂੰ 500 ਰੁਪਏ ਨਕਦ ਤੇ 2-2 ਮੁਰੱਬੇ (50 ਕਿਲ੍ਹੇ) ਜ਼ਮੀਨ ਦੇ ਨਾਲ ਸਨਮਾਨ ਵਜੋਂ 'ਇੰਡੀਅਨ ਆਰਡਰ ਆਫ਼ ਮੈਰਿਟ' ਤਗਮਾ ਦਿੱਤਾ ਗਿਆ। ਇਨ੍ਹਾਂ ਤਗਮਿਆਂ ਦੇ ਪਿਛਲੇ ਪਾਸੇ ਹਰੇਕ ਸ਼ਹੀਦ ਸਿੱਖ ਸਿਪਾਹੀ ਦਾ ਰੈਂਕ ਤੇ ਨਾਮ ਉਕਰਿਆ ਹੋਇਆ ਸੀ। ਨਵੰਬਰ 1901 ਵਿੱਚ ਕਿਲ੍ਹਾ ਲਾਕਹਰਟ ਦੇ ਕੋਲ ਅਤੇ ਮੌਜੂਦਾ ਸਮੇਂ ਓਰਕਜ਼ਾਈ ਏਜੰਸੀ ਦੇ ਹੈੱਡਕੁਆਰਟਰ ਦੇ ਨਾਲ ਸਾਰਾਗੜ੍ਹੀ ਦੇ 21 ਅਣਖੀ ਸੂਰਮਿਆਂ ਦੀ ਯਾਦ ਵਜੋਂ ਇੱਕ ਮਿਨਾਰ ਬਣਵਾਇਆ ਗਿਆ। ਸਮੇਂ ਦੇ ਬੀਤਣ ਨਾਲ ਇਸ ਯਾਦਗਾਰ ਦਾ ਕੁੱਝ ਕੱਟੜ ਪੰਥੀਆਂ ਵੱਲੋਂ ਕਾਫ਼ੀ ਨੁਕਸਾਨ ਕੀਤਾ ਗਿਆ। ਸਾਰਾਗੜ੍ਹੀ ਫਾਊਂਡੇਸ਼ਨ (1987 ਨੂੰ ਅੰਮ੍ਰਿਤਸਰ ਵਿਖੇ ਹੋਂਦ ਵਿੱਚ ਆਈ) ਵੱਲੋਂ ਮਾਰਚ 2017 ਵਿੱਚ ਇਸ ਮੀਨਾਰ ਦੀ ਦੁਬਾਰਾ ਮੁਰੰਮਤ ਕਰਵਾ ਕੇ 21 ਸਿੱਖਾਂ ਦੇ ਨਾਂਵਾਂ ਵਾਲੀਆਂ ਪੱਥਰ ਦੀਆਂ ਸਿੱਲ੍ਹਾਂ (ਪੰਜਾਬੀ ਅਤੇ ਉਰਦੂ ਵਿੱਚ) ਲਗਵਾਉਣ ਤੋਂ ਬਾਅਦ ਮੀਨਾਰ ਦੇ ਆਸ-ਪਾਸ 90 ਜਰਬ 47 ਫੁੱਟ ਦੇ ਰਕਬੇ ਵਿੱਚ 6 ਫੁੱਟ ਉੱਚੀ ਤੇ ਢਾਈ ਫੁੱਟ ਚੌੜੀ ਪੱਥਰਾਂ ਦੀ ਚਾਰ-ਦੀਵਾਰੀ ਕਰਵਾ ਕੇ 'ਸਾਰਾਗੜ੍ਹੀ ਪਾਰਕ' ਦਾ ਨਿਰਮਾਣ ਕਰਵਾਇਆ ਗਿਆ ਹੈ।

16 ਅਪ੍ਰੈਲ 1902 ਨੂੰ ਅੰਮ੍ਰਿਤਸਰ ਵਿਖੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਦਾ ਉਦਘਾਟਨ ਕਮਾਂਡਰ-ਇਨ ਚੀਫ਼ ਜਨਰਲ ਸਰ ਆਰਥਰ ਪਾਵਰ ਪਾਲਮਰ ਨੇ ਕੀਤਾ ਤੇ ਉਸ ਨੇ ਆਪਣੇ ਭਾਸ਼ਣ ਵਿੱਚ ਕਿਹਾ, "ਇਹ ਯਾਦਗਾਰ ਉਨ੍ਹਾਂ ਬਹਾਦਰ ਸਿੱਖ-ਸੂਰਬੀਰਾਂ ਦੀ ਹਮੇਸ਼ਾਂ ਯਾਦ ਦਿਵਾਏਗੀ, ਜਿਨ੍ਹਾਂ ਨੇ ਦੁਨੀਆਂ ਦੇ ਬਿਹਤਰੀਨ ਜੰਗਜੂ ਤੇ ਨਿਡਰ ਵਫ਼ਾਦਾਰ ਸਿਪਾਹੀ ਹੋਣ ਦਾ ਸਬੂਤ ਦਿੰਦੇ ਹੋਏ, ਹਥਿਆਰ ਸੁੱਟ ਕੇ ਆਤਮ-ਸਮਰਪਣ ਕਰਨ ਦੀ ਥਾਂ, ਹੱਸਦੇ ਹੋਏ ਆਖ਼ਰੀ ਸਾਹ ਤੱਕ ਦੁਸ਼ਮਣ ਦਾ ਅਣਖ ਨਾਲ ਮੁਕਾਬਲਾ ਕਰਦਦਿਆਂ ਮਰਨਾ ਪ੍ਰਵਾਨ ਕੀਤਾ।" ਜਨਰਲ ਨੇ ਹੋਰ ਕਿਹਾ ਕਿ "ਇਹ ਯਾਦਗਾਰ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਦੇ ਕੋਲ ਬਣਾਉਣ ਦਾ ਕਾਰਨ ਇਹ ਸੀ ਕਿ ਸਾਰੇ ਸਿੱਖ ਇੱਥੇ ਆਉਂਦੇ-ਜਾਂਦੇ ਵੇਖਣ ਕਿ ਬਰਤਾਨਵੀ ਸਾਮਰਾਜ ਸਿੱਖਾਂ ਦੀ ਬਹਾਦਰੀ ਦੀ ਹਮੇਸ਼ਾਂ ਕਦਰ ਕਰਦੀ ਹੈ ਤੇ ਰਹਿੰਦੀ ਦੁਨੀਆਂ ਤੱਕ, ਉਨ੍ਹਾਂ ਦੇ ਕੰਮਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾਵੇਗਾ।"

ਸਾਰਾਗੜ੍ਹੀ ਦੀ ਇੱਕ ਹੋਰ ਯਾਦਗਾਰ ਗੁਰਦੁਆਰਾ ਸਾਰਾਗੜ੍ਹੀ ਸਾਹਿਬ, ਫ਼ਿਰੋਜ਼ਪੁਰ ਕੈਂਟ ਬਣਾਈ ਗਈ, ਜਿਸ ਦਾ ਉਦਘਾਟਨ ਜਨਵਰੀ 1904 ਨੂੰ ਸਰ ਚਾਰਲਸ ਪੇਵਜ ਨੇ ਕੀਤਾ। ਇਸ ਯਾਦਗਾਰ ਲਈ ਪਾਇਨੀਅਰ ਅਖ਼ਬਾਰ ਇਲਾਹਾਬਾਦ ਨੇ ਚੰਦਾ ਇਕੱਠਾ ਕੀਤਾ ਸੀ।

ਪਾਕਿਸਤਾਨ ਦੇ ਸੂਬਾ ਖ਼ੈਬਰ ਪਖ਼ਤੂਨਖਵਾ ਦੇ ਕਬਾਇਲੀ ਜ਼ਿਲ੍ਹਾ ਹੰਗੂ ਵਿਚਲੇ ਕਿਲ੍ਹਾ ਸਾਰਾਗੜ੍ਹੀ ਵਿਖੇ ਉੱਥੋਂ ਦੇ ਸਥਾਨਕ ਹਿੰਦੂ-ਸਿੱਖ ਭਾਈਚਾਰੇ ਵਲੋਂ ਸਾਂਝੇ ਤੌਰ 'ਤੇ 'ਗੁਰਦੁਆਰਾ ਸਾਰਾਗੜ੍ਹੀ ਸ੍ਰੀ ਸਿੰਘ ਸਭਾ ਹੰਗੂ' ਦੀ ਉਸਾਰੀ ਕੀਤੀ ਗਈ ਹੈ, ਜਿੱਥੇ 12 ਸਤੰਬਰ ਨੂੰ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ 'ਚ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਸੰਨ 1947 ਦੇ ਬਾਅਦ ਪਹਿਲੀ ਵਾਰ ਹੰਗੂ ਵਿਖੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਸਥਾਪਤ ਕੀਤਾ ਗਿਆ ਹੈ। ਹੰਗੂ 'ਚ ਮੌਜੂਦਾ ਸਮੇਂ ਹਿੰਦੂ ਸਿੱਖ ਅਤੇ ਈਸਾਈ ਭਾਈਚਾਰੇ ਦੇ ਸਿਰਫ਼ 8 ਪਰਿਵਾਰ ਰਹਿ ਰਹੇ ਹਨ। ਕਿਲ੍ਹਾ ਸਾਰਾਗੜ੍ਹੀ ਦੀਆਂ ਜਰਜਰ ਹੋ ਚੁੱਕੀਆਂ ਦੀਵਾਰਾਂ ਅੱਜ ਵੀ ਸੰਨ 1897 ਵਿੱਚ ਸ਼ਹੀਦ ਹੋਣ ਵਾਲੇ 21 ਬਹਾਦਰ ਸਿੱਖ ਫ਼ੌਜੀਆਂ ਦੀ ਸੂਰਬੀਰਤਾ ਦੀ ਗਵਾਹੀ ਭਰ ਰਹੀਆਂ ਹਨ।

3E Tours Offers
ਯਾਤਰਾ ਸ੍ਰੀ ਨਨਕਾਣਾ ਸਾਹਿਬ
ਪੰਜਾਬ-ਪਾਕਿਸਤਾਨ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਦੀ ਯਾਤਰਾ



A Journey of Hearts' desire Yatra of prominent holy Sikh Shrines in the Punjab-Pakistan
- Meticulously arranged & superbly conducted by a team of experienced tour operators.
- Affordable Package Price which includes Air Fare, Hotel Accommodation, Food and Transportation.

22 to 30 November 2023

For contact please:
3E Tours
Explore–Experience–Enjoy
Whatsapp:
USA (443) 362-9209
asjadghani581@gmail.com

ਵੇ ਤੂੰ ਕਾਹਦਾ ਪਟਵਾਰੀ...

# ਪਟਵਾਰੀ ਬਨਾਮ ਪੰਜਾਬ ਸਰਕਾਰ ਅਤੇ ਭ੍ਰਿਸ਼ਟ ਨਿਜ਼ਾਮ

## ਭਖਦੇ ਮੁੱਦੇ

ਉਜਾਗਰ ਸਿੰਘ
ਫੋਨ: 91-9417813072



ਪੰਜਾਬ ਵਿੱਚ ਪਟਵਾਰੀਆਂ ਅਤੇ ਮੁੱਖ ਮੰਤਰੀ ਦਾ ਸਵਾਲ-ਜਵਾਬ ਸ਼ਿਸ਼ਟਾਚਾਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਿਆ ਹੈ। ਮੁੱਖ ਮੰਤਰੀ ਦਾ ਰੁਤਬਾ ਬਹੁਤ ਉੱਚਾ ਹੁੰਦਾ ਹੈ। ਉਨ੍ਹਾਂ ਨੂੰ ਪਟਵਾਰੀਆਂ ਨਾਲ ਸਵਾਲ-ਜਵਾਬ ਵਿੱਚ ਪੈਣਾ ਸ਼ੋਭਾ ਨਹੀਂ ਦਿੰਦਾ। ਪਟਵਾਰੀਆਂ ਨਾਲ ਸਵਾਲ-ਜਵਾਬ ਤਾਂ ਮਾਲ ਮੰਤਰੀ ਨੂੰ ਵੀ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਦਾ ਵਾਹ ਵਾਸਤਾ ਤਾਂ ਡਿਪਟੀ ਕਮਿਸ਼ਨਰਾਂ ਨਾਲ ਹੁੰਦਾ ਹੈ। ਸਰਕਾਰ ਨੂੰ ਪਟਵਾਰੀਆਂ ਨਾਲ ਗੱਲਬਾਤ ਕਰਨ ਲਈ ਵਿੱਤ ਕਮਿਸ਼ਨਰ ਮਾਲ ਵਿਭਾਗ ਨੂੰ ਕਹਿਣਾ ਚਾਹੀਦਾ। ਅਧਿਕਾਰੀਆਂ ਦਾ ਕੰਮ ਮੁੱਖ ਮੰਤਰੀ ਕਿਉਂ ਕਰਨ? ਮੁੱਖ ਮੰਤਰੀ ਕੋਲ ਤਾਂ ਰਾਜ ਪੱਧਰ ਦੀਆਂ ਬਹੁਤ ਅਹਿਮ ਜ਼ਿੰਮੇਵਾਰੀਆਂ ਹੁੰਦੀਆਂ ਹਨ। ਸਮਾਜ ਵਿੱਚ ਹਰ ਤਰ੍ਹਾਂ ਦੇ ਲੋਕ ਹੁੰਦੇ ਹਨ। ਕਦੇ ਵੀ ਕਿਸੇ ਵਰਗ ਦੇ ਸਾਰੇ ਲੋਕ ਇਮਾਨਦਾਰ ਅਤੇ ਸਾਰੇ ਹੀ ਭ੍ਰਿਸ਼ਟ ਨਹੀਂ ਹੁੰਦੇ। ਮੁੱਠੀ ਭਰ ਲੋਕ ਸਾਰੇ ਵਰਗ ਨੂੰ ਬਦਨਾਮੀ ਦਾ ਖਿਤਾਬ ਦਿੰਦੇ ਹਨ। ਪੰਜਾਬ ਵਿੱਚ ਪਟਵਾਰੀਆਂ ਬਾਰੇ ਇਕ ਪ੍ਰਭਾਵ ਪਾਇਆ ਜਾਂਦਾ ਹੈ ਕਿ ਉਹ ਭ੍ਰਿਸ਼ਟ ਹੁੰਦੇ ਹਨ। ਚੰਦ ਕੁ ਪਟਵਾਰੀ ਸਾਰਿਆਂ ਨੂੰ ਬਦਨਾਮ ਕਰਦੇ ਹਨ। ਪਟਵਾਰੀ ਲੋਕਾਂ ਅਤੇ ਸਰਕਾਰ ਦਰਮਿਆਨ ਕੜੀ ਦਾ ਕੰਮ ਕਰਦੇ ਹਨ। ਪੰਜਾਬ ਸਰਕਾਰ ਅਤੇ ਪਟਵਾਰੀਆਂ ਵਿੱਚ ਟਕਰਾਓ ਦੀ ਸਥਿਤੀ ਬਣੀ ਹੋਈ ਹੈ। ਪਟਵਾਰੀ ਪੰਜਾਬ ਸਰਕਾਰ ਦੇ ਮੁਲਾਜ਼ਮ ਹਨ। ਮੁਲਾਜ਼ਮਾਂ ਅਤੇ ਸਰਕਾਰ ਦਾ ਟਕਰਾਓ ਚੰਗਾ ਨਹੀਂ ਗਿਣਿਆ ਜਾਂਦਾ। ਟਕਰਾਓ ਨਾਲ ਰਾਜ ਦੇ ਵਾਤਾਵਰਣ ਅਤੇ ਵਿਕਾਸ ਵਿੱਚ ਰੁਕਾਵਟ ਪੈਂਦੀ ਹੈ। ਮੁਲਾਜ਼ਮਾਂ ਅਤੇ ਸਰਕਾਰ ਦੇ ਸਬੰਧ ਸਦਭਾਵਨਾ ਵਾਲੇ ਹੋਣੇ ਚਾਹੀਦੇ ਹਨ ਅਤੇ ਦੋਹਾਂ ਧਿਰਾਂ ਨੂੰ ਸੰਜੀਦਗੀ ਤੋਂ ਕੰਮ ਲੈਣਾ ਚਾਹੀਦਾ ਹੈ।

ਪਰਤਾਪ ਸਿੰਘ ਕੈਰੋਂ ਨੂੰ ਵਿਕਾਸ ਪੁਰਸ਼ ਦੇ ਨਾਮ 'ਤੇ ਜਾਣਿਆਂ ਜਾਂਦਾ ਹੈ, ਪ੍ਰੰਤੂ ਜਦੋਂ ਪੰਜਾਬ ਵਿੱਚ ਪਟਵਾਰੀਆਂ ਦੀ ਹੜਤਾਲ ਇੱਕ ਸਾਲ ਚੱਲਦੀ ਰਹੀ ਤਾਂ ਉਸ ਟਕਰਾਓ ਨੂੰ ਖ਼ਤਮ ਕਰਨ ਲਈ ਪਰਤਾਪ ਸਿੰਘ ਕੈਰੋਂ ਖੁਦ ਅਧਿਕਾਰੀਆਂ ਨਾਲ ਚਲ ਕੇ ਪੰਜਾਬ ਪਟਵਾਰ ਯੂਨੀਅਨ ਦੇ ਪ੍ਰਧਾਨ ਧਰਮਿੰਦਰ ਸਿੰਘ ਚੌਹਾਨ ਦੇ ਘਰ ਜਾ ਕੇ ਸਮਝੌਤਾ ਕਰਕੇ ਆਏ ਸਨ। ਭ੍ਰਿਸ਼ਟਾਚਾਰ ਬੰਦ ਕਰਨਾ ਚੰਗੀ ਗੱਲ ਹੈ। ਜੇ ਸਰਕਾਰ ਪਟਵਾਰੀਆਂ ਦਾ ਭ੍ਰਿਸ਼ਟਾਚਾਰ ਬੰਦ ਕਰਨਾ ਚਾਹੁੰਦੀ ਹੈ ਤਾਂ ਵਗਾਰਾਂ ਲੈਣੀਆਂ ਬੰਦ ਕਰਨੀਆਂ ਅਤੇ ਸਰਕਲਾਂ ਤੇ ਪਟਵਾਰੀਆਂ ਦੀ ਗਿਣਤੀ ਵਧਾਉਣੀ ਪਵੇਗੀ। ਜਦੋਂ ਕੋਈ ਵੀ.ਆਈ.ਪੀ. ਦੌਰਿਆਂ 'ਤੇ ਜਾਂਦੇ ਹਨ ਤਾਂ ਸਾਰਾ ਖਰਚਾ ਮਾਲ ਵਿਭਾਗ ਕਰਦਾ ਹੈ। ਅਖ਼ੀਰ ਪਟਵਾਰੀਆਂ ਦੀ ਡਿਊਟੀ ਲੱਗਦੀ ਹੈ।

## ਪਟਵਾਰ ਯੂਨੀਅਨ ਕਦੋਂ ਬਣੀ?

1929 ਵਿੱਚ ਰੈਵਨਿਊ ਪਟਵਾਰ ਯੂਨੀਅਨ ਦੀ ਸਥਾਪਨਾ ਹੋਈ ਸੀ। ਇਸ ਦਾ ਭਾਵ ਹੈ ਕਿ 1929 ਤੋਂ ਪਹਿਲਾਂ ਹੀ ਵੱਟਬਾਰੀ ਨੂੰ ਪਟਵਾਰੀ ਕਹਿਣ ਲੱਗੇ ਹੋਣਗੇ। ਮੋਹਨ ਸਿੰਘ ਪਟਵਾਰੀ ਸਾਬਕਾ ਪ੍ਰਧਾਨ ਪਟਵਾਰ ਅਤੇ ਕਾਨੂੰਨਗੋ ਯੂਨੀਅਨ ਦੇ ਦੱਸਣ ਅਨੁਸਾਰ ਅੱਲਾ ਬਖ਼ਸ਼ ਪੰਜਾਬ ਪਟਵਾਰ ਯੂਨੀਅਨ ਦੇ ਪਹਿਲੇ ਪ੍ਰਧਾਨ ਸਨ। ਉਸ ਸਮੇਂ ਇਸ ਪਟਵਾਰ ਯੂਨੀਅਨ ਦੀ ਰਜਿਸਟਰੇਸ਼ਨ ਰਾਵਲਪਿੰਡੀ ਵਿਖੇ ਹੋਈ ਸੀ। ਇਸ ਸਮੇਂ ਪਾਕਿਸਤਾਨ ਵਿੱਚ ਵੀ ਪਟਵਾਰ ਯੂਨੀਅਨ ਬਣੀ ਹੋਈ ਹੈ, ਜਿਸ ਦੇ ਪ੍ਰਧਾਨ ਸ਼ਮੀਰ ਗੋਰਾਇਆ ਹਨ। ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ 1949 ਵਿੱਚ ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਪੈਨਸ਼ਨ ਦੇਣ ਦਾ ਫ਼ੈਸਲਾ ਕਰ ਦਿੱਤਾ, ਪ੍ਰੰਤੂ ਪਟਵਾਰੀਆਂ ਨੂੰ ਸ਼ਾਮਲ ਨਹੀਂ ਕੀਤਾ।

ਪਰਤਾਪ ਸਿੰਘ ਕੈਰੋਂ ਸਾਂਝੇ ਪੰਜਾਬ ਦੇ ਮੁੱਖ ਮੰਤਰੀ ਸਨ। ਉਸ ਸਮੇਂ 1957 ਵਿੱਚ ਪੈਨਸ਼ਨ ਲੈਣ ਲਈ ਸਾਂਝੇ ਪੰਜਾਬ ਦੇ 7-8 ਹਜ਼ਾਰ ਪਟਵਾਰੀਆਂ ਨੇ ਹੜਤਾਲ ਕਰ ਦਿੱਤੀ। ਉਹ ਹੜਤਾਲ ਲਗਪਗ ਇੱਕ ਸਾਲ ਚੱਲੀ। ਉਸ ਸਮੇਂ ਪਟਵਾਰ ਯੂਨੀਅਨ ਦੇ ਪ੍ਰਧਾਨ ਫਰੀਦਾਬਾਦ ਜ਼ਿਲ੍ਹੇ ਦੇ ਪਿੰਡ ਮਟਰੌਲ ਦੇ ਧਰਮਿੰਦਰ ਸਿੰਘ ਚੌਹਾਨ ਸਨ। ਇਸ ਸਮੇਂ ਇਹ ਪਿੰਡ ਹਰਿਆਣਾ ਦੇ ਪਲਵਲ ਜ਼ਿਲ੍ਹੇ ਵਿੱਚ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਉਦੋਂ ਪਰਤਾਪ ਸਿੰਘ ਕੈਰੋਂ ਨੇ ਪਟਵਾਰੀ ਜੇਲ੍ਹਾਂ ਵਿੱਚ ਡੱਕ ਦਿੱਤੇ ਤੇ ਨੌਕਰੀ ਵਿੱਚੋਂ ਬਰਖ਼ਾਸਤ ਕਰ ਦਿੱਤੇ ਸਨ। ਮੋਹਨ ਸਿੰਘ ਪਟਵਾਰੀ ਦੇ ਦੱਸਣ ਅਨੁਸਾਰ ਧਰਮਿੰਦਰ ਸਿੰਘ ਚੌਹਾਨ ਨੇ ਆਪਣੀ ਪਟਵਾਰੀਆਂ ਦੀ ਟੀਮ ਨਾਲ ਕੈਰੋਂ ਪਿੰਡ ਘੇਰ ਲਿਆ ਤੇ ਭੁੱਖ ਹੜਤਾਲ ਕਰ ਦਿੱਤੀ ਸੀ। ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੀ ਮਾਤਾ ਨੇ ਇਹ ਭੁੱਖ ਹੜਤਾਲ ਖ਼ਤਮ ਕਰਵਾ ਕੇ ਪਟਵਾਰੀਆਂ ਨੂੰ ਖਾਣਾ ਖਿਲਾਇਆ ਅਤੇ 500 ਰੁਪਏ ਦੀ ਥੈਲੀ ਦਿੱਤੀ ਸੀ।

ਧਰਮਿੰਦਰ ਸਿੰਘ ਚੌਹਾਨ ਨੇ ਵਾਪਸ ਦਿੱਲੀ ਜਾ ਕੇ ਉਦੋਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਮਿਲ ਕੇ ਪੰਜਾਬ ਦੇ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਦੀ ਸ਼ਿਕਾਇਤ ਕੀਤੀ ਕਿ ਪੰਜਾਬ ਸਰਕਾਰ ਨੇ ਬਾਕੀ ਕਰਮਚਾਰੀਆਂ ਨੂੰ ਪੈਨਸ਼ਨ ਲਾਈ ਹੈ, ਪ੍ਰੰਤੂ ਪਟਵਾਰੀਆਂ ਨੂੰ ਅਣਡਿਠ ਕਰ ਦਿੱਤਾ ਹੈ। ਪੰਡਿਤ ਜਵਾਹਰ ਲਾਲ ਨਹਿਰੂ ਨੇ ਪਰਤਾਪ ਸਿੰਘ ਕੈਰੋਂ ਨੂੰ ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਕਿਹਾ। ਪਰਤਾਪ ਸਿੰਘ ਕੈਰੋਂ ਦਿੱਲੀ ਤੋਂ ਹੀ ਅਧਿਕਾਰੀਆਂ ਨੂੰ ਨਾਲ ਲੈ ਕੇ ਧਰਮਿੰਦਰ ਸਿੰਘ ਚੌਹਾਨ ਦੇ ਪਿੰਡ ਮਟਰੌਲ ਪਹੁੰਚ ਗਏ। ਮੁੱਖ ਮੰਤਰੀ ਨੇ ਹੜਤਾਲ ਖ਼ਤਮ ਕਰਨ ਲਈ ਧਰਮਿੰਦਰ ਸਿੰਘ ਚੌਹਾਨ ਨੂੰ ਤਹਿਸੀਲਦਾਰ ਬਣਾਉਣ ਦੀ ਪੇਸ਼ਕਸ਼ ਅਤੇ ਹੋਰ ਕਈ ਲਾਲਚ ਦੇਣ ਦੀ ਕੋਸ਼ਿਸ਼ ਕੀਤੀ। ਧਰਮਿੰਦਰ ਸਿੰਘ ਚੌਹਾਨ ਨੇ ਤਹਿਸੀਲਦਾਰ ਬਣਨ ਤੋਂ ਇਨਕਾਰ ਕਰਦਿਆਂ ਪਟਵਾਰੀਆਂ ਦੀਆਂ ਮੰਗਾਂ ਮੰਨਣ ਲਈ ਤਾਕੀਦ ਕੀਤੀ। ਫਿਰ ਮੁੱਖ ਮੰਤਰੀ ਨੇ ਮਟਰੌਲ ਪਿੰਡ ਲਈ ਗ੍ਰਾਂਟਾਂ ਦੀ ਝੜੀ ਲਾ ਦਿੱਤੀ। ਪਿੰਡ ਵਿੱਚ ਹੀ ਪਰਤਾਪ ਸਿੰਘ ਕੈਰੋਂ ਨੇ ਧਰਮਿੰਦਰ ਸਿੰਘ ਚੌਹਾਨ ਅਤੇ ਉਸ ਦੇ ਪਰਿਵਾਰ ਨਾਲ ਤਸਵੀਰ ਖਿਚਵਾਈ। ਸਰਕਾਰ ਅਤੇ ਪਟਵਾਰੀਆਂ ਵਿੱਚ ਸਮਝੌਤਾ ਹੋ ਗਿਆ। ਉਸ ਸਮਝੌਤੇ ਅਧੀਨ ਪਟਵਾਰੀਆਂ ਦਾ ਸਮਾਗਮ ਪਟਿਆਲਾ ਵਿਖੇ ਕੀਤਾ ਗਿਆ, ਜਿਸ ਵਿੱਚ ਪਰਤਾਪ ਸਿੰਘ ਕੈਰੋਂ ਨੇ ਮੰਗਾਂ ਮੰਨ ਲਈਆਂ ਅਤੇ ਪਟਵਾਰੀਆਂ ਨੂੰ 100 ਰੁਪਏ ਦਾ ਗਰੇਡ ਦਿੱਤਾ ਗਿਆ ਤੇ ਪੈਨਸ਼ਨ ਦੇਣ ਦਾ ਐਲਾਨ ਕੀਤਾ। ਮੋਹਨ ਸਿੰਘ ਪਟਵਾਰੀ ਅਨੁਸਾਰ ਜਿਹੜੇ ਪਟਵਾਰੀਆਂ ਨੇ ਦੋਗਲਾ ਰੁੱਖ ਅਪਨਾਇਆ ਸੀ, ਸਿਰਫ ਉਨ੍ਹਾਂ ਨੂੰ ਨੌਕਰੀਆਂ ਵਿੱਚੋਂ ਬਰਖ਼ਾਸਤ ਕੀਤਾ ਗਿਆ ਸੀ। ਆਮ ਤੌਰ 'ਤੇ ਇਹ ਪ੍ਰਭਾਵ ਹੈ ਕਿ ਪਰਤਾਪ ਸਿੰਘ ਕੈਰੋਂ ਨੇ ਪਟਵਾਰੀਆਂ ਨੂੰ ਨੌਕਰੀਆਂ ਵਿੱਚੋਂ ਕੱਢ ਕੇ ਸਬਕ ਸਿਖਾਇਆ ਸੀ।

1966 ਵਿੱਚ ਪੰਜਾਬ ਦੀ ਵੰਡ ਹੋ ਗਈ। ਸਾਂਝੇ ਪੰਜਾਬ ਦੇ 20 ਜ਼ਿਲ੍ਹਿਆਂ ਵਿੱਚੋਂ ਹਿਮਾਚਲ ਨੂੰ 4 ਜ਼ਿਲ੍ਹੇ 354 ਪਟਵਾਰੀ, ਹਰਿਆਣਾ ਨੂੰ 6 ਜ਼ਿਲ੍ਹੇ 1892 ਪਟਵਾਰੀ ਅਤੇ ਵਰਤਮਾਨ ਪੰਜਾਬ ਨੂੰ 12 ਜ਼ਿਲ੍ਹੇ 3660 ਪਟਵਾਰੀ ਦਿੱਤੇ ਗਏ। 1980 ਵਿੱਚ ਦਰਬਾਰਾ ਸਿੰਘ ਮੁੱਖ ਮੰਤਰੀ ਦੀ ਅਗਵਾਈ ਵਿੱਚ ਸਰਕਾਰ ਬਣ ਗਈ। ਉਸ ਸਮੇਂ ਪੰਜਾਬ ਵਿੱਚ 32-33 ਸੌ ਪਟਵਾਰ ਸਰਕਲ ਸਨ। ਪੰਜਾਬ ਰੈਵਨਿਊ ਐਕਟ ਅਧੀਨ ਮਾਲ ਮੰਤਰੀ ਬੇਅੰਤ ਸਿੰਘ ਨੇ 1056 ਪਟਵਾਰ ਸਰਕਲ ਨਵੇਂ ਬਣਾ ਦਿੱਤੇ। ਇਸ ਪ੍ਰਕਾਰ 4716 ਕੁਲ ਪਟਵਾਰ ਸਰਕਲ ਬਣ ਗਏ। ਬੇਅੰਤ ਸਿੰਘ ਨੇ ਦੋ ਸਾਲ ਵਿੱਚ 1500 ਪਟਵਾਰੀ ਭਰਤੀ ਕਰ ਲਏ ਤਾਂ ਜੋ ਪਟਵਾਰੀਆਂ ਦੀ ਤਰੱਕੀ ਹੋਣ ਸਮੇਂ ਇਨ੍ਹਾਂ ਵਿੱਚੋਂ ਪਟਵਾਰੀ ਲਾ ਦਿੱਤੇ ਜਾਣ। ਬੇਅੰਤ ਸਿੰਘ ਤੋਂ ਬਾਅਦ ਪਟਵਾਰ ਸਰਕਲਾਂ ਦੀ ਗਿਣਤੀ ਕਿਸੇ ਵੀ ਸਰਕਾਰ ਨੇ ਨਹੀਂ ਵਧਾਈ, ਜਦੋਂ ਕਿ ਪੰਜਾਬ ਦੇ ਜ਼ਿਲ੍ਹੇ 12 ਤੋਂ ਵੱਧ ਕੇ 23 ਤੇ ਤਹਿਸੀਲਾਂ 63 ਤੋਂ 97 ਹੋ ਗਈਆਂ ਹਨ।


ਪਟਵਾਰ ਸਰਕਲ ਵਧਾਉਣ ਲਈ ਮਾਲ ਵਿਭਾਗ ਦੇ ਸਥਾਪਤ 4 ਨਿਯਮ ਹਨ। ਜਿਨ੍ਹਾਂ ਅਨੁਸਾਰ ਜੇ ਇਕ ਸਰਕਲ ਵਿੱਚ ਜ਼ਮੀਨ ਦਾ ਰਕਬਾ ਵੱਧ ਜਾਵੇ, ਖਸਰਾ ਨੰਬਰ ਤੇ ਖਤੌਨੀਆਂ ਵੱਧ ਜਾਣ ਤਾਂ ਨਵਾਂ ਸਰਕਲ ਬਣਾਉਣਾ ਪੈਂਦਾ ਹੈ। ਬੇਅੰਤ ਸਿੰਘ ਵੱਲੋਂ ਬਣਾਏ 4716 ਸਰਕਲ ਹੀ ਹਨ। ਪਟਵਾਰੀ ਸੇਵਾ ਮੁਕਤ ਹੋ ਰਹੇ ਹਨ ਤੇ ਅਸਾਮੀਆਂ ਖਾਲੀ ਹੋ ਰਹੀਆਂ ਹਨ, ਇਕ-ਇੱਕ ਪਟਵਾਰੀ ਕੋਲ 4-5 ਸਰਕਲ ਹਨ। ਪਟਵਾਰੀਆਂ 'ਤੇ ਕੰਮ ਦਾ ਭਾਰ ਹੋਣ ਕਰਕੇ ਉਹ ਆਪਣੇ ਨਾਲ ਸਹਾਇਤਾ ਲਈ ਗ਼ੈਰ-ਕਾਨੂੰਨੀ ਬੰਦੇ ਰੱਖ ਲੈਂਦੇ ਹਨ। ਪਟਵਾਰੀਆਂ ਦਾ ਮੰਨਣਾ ਹੈ ਕਿ ਜੇ ਉਨ੍ਹਾਂ ਕੋਲ ਇਕ ਸਰਕਲ ਦਾ ਕੰਮ ਹੋਵੇ ਤਾਂ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਬੰਦੇ ਰੱਖਣ ਦੀ ਲੋੜ ਨਹੀਂ ਹੋਵੇਗੀ, ਉਨ੍ਹਾਂ ਦੀ ਦਲੀਲ ਹੈ ਕਿ ਜੇ ਉਹ ਬੰਦੇ ਨਹੀਂ ਰੱਖਦੇ ਤਾਂ ਕਿਸਾਨਾਂ ਦਾ ਨੁਕਸਾਨ ਹੋਵੇਗਾ।

1999 ਵਿੱਚ ਸੇਵਾ ਸਿੰਘ ਸੇਖਵਾਂ ਮਾਲ ਮੰਤਰੀ ਨੇ 32 ਪਟਵਾਰੀ ਨੌਕਰੀ ਵਿੱਚੋਂ ਕੱਢ ਦਿੱਤੇ, 2001 ਵਿੱਚ ਅਜਨਾਲਾ ਦੀ ਉਪ ਚੋਣ ਸਮੇਂ ਸਰਕਾਰ ਨੇ ਪਟਵਾਰੀਆਂ ਤੋਂ ਡਰਦਿਆਂ ਮੁੜ ਨੌਕਰੀ ਵਿੱਚ ਰੱਖ ਲਏ ਸਨ। 2016 ਵਿੱਚ ਬਿਕਰਮ ਸਿੰਘ ਮਜੀਠੀਆ ਮਾਲ ਮੰਤਰੀ ਦੇ ਸਮੇਂ 1227 ਪਟਵਾਰੀ ਭਰਤੀ ਕੀਤੇ ਸਨ। ਉਨ੍ਹਾਂ ਵਿੱਚੋਂ 300 ਪਟਵਾਰੀ ਨੌਕਰੀ ਛੱਡ ਗਏ। ਫਿਰ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ 2021 ਵਿੱਚ 1090 ਪਟਵਾਰੀ ਭਰਤੀ ਕੀਤੇ ਸਨ, ਉਨ੍ਹਾਂ ਨੂੰ 6 ਜੁਲਾਈ 2022 ਨੂੰ ਭਗਵੰਤ ਸਿੰਘ ਮਾਨ ਸਰਕਾਰ ਨੇ ਨਿਯੁਕਤੀ ਪੱਤਰ ਦਿੱਤੇ ਹਨ। ਉਹ ਟ੍ਰੇਨਿੰਗ ਕਰ ਰਹੇ ਹਨ। ਇਸੇ ਸਰਕਾਰ ਨੇ 710 ਪਟਵਾਰੀ ਹੋਰ ਭਰਤੀ ਕੀਤੇ ਹਨ। ਇਸ ਸਮੇਂ 3000 ਅਸਾਮੀਆਂ ਖਾਲੀ ਹਨ। ਪਟਵਾਰੀ ਦਾ ਮੁੱਖ ਕੰਮ ਜ਼ਮੀਨੀ ਰਿਕਾਰਡ ਰੱਖਣਾ, ਜ਼ਮੀਨ ਖਰੀਦਣ ਅਤੇ ਵੇਚਣ ਸਬੰਧੀ ਰਿਕਾਰਡ ਵਿੱਚ ਤਬਦੀਲੀ ਕਰਨੀ ਹੁੰਦਾ ਹੈ। ਇੱਕ ਕਿਸਮ ਨਾਲ ਪਿੰਡ ਦਾ ਲੇਖਾਕਾਰ ਹੁੰਦਾ ਹੈ। ਸਰਕਾਰ ਨੂੰ ਪੰਜਾਬ ਦੇ ਹਿਤਾਂ ਨੂੰ ਮੁੱਖ ਰਖਦਿਆਂ ਪਟਵਾਰੀਆਂ ਨਾਲ ਗੱਲਬਾਤ ਕਰਕੇ ਮਸਲਾ ਹਲ ਕਰਨਾ ਚਾਹੀਦਾ ਹੈ, ਕਿਉਂਕਿ ਪੰਜਾਬ ਤਾਂ ਪਹਿਲਾਂ ਹੀ ਨਸ਼ਿਆਂ ਦਾ ਸੰਤਾਪ ਹੰਢਾ ਰਿਹਾ ਹੈ।

## ਪਟਵਾਰੀ ਅਤੇ ਵੱਟਬਾਰੀ

**ਪਟਵਾਰੀ ਪ੍ਰਣਾਲੀ ਭਾਰਤ ਵਿੱਚ ਬਹੁਤ ਪੁਰਾਣੀ ਹੈ। 16ਵੀਂ ਸਦੀ ਵਿੱਚ ਸ਼ੇਰ ਸ਼ਾਹ ਸੂਰੀ ਨੇ ਇਹ ਪ੍ਰਣਾਲੀ ਸ਼ੁਰੂ ਕੀਤੀ ਸੀ। ਕੁਝ ਲੋਕ ਇਸ ਪ੍ਰਣਾਲੀ ਦੀ ਸ਼ੁਰੂਆਤ ਅਲਾਉਦੀਨ ਖ਼ਿਲਜ਼ੀ ਦੇ ਸਮੇਂ ਤੋਂ ਦੱਸ ਰਹੇ ਹਨ। ਅਕਬਰ ਬਾਦਸ਼ਾਹ ਦੇ ਮੌਕੇ ਉਸ ਦੇ ਮਾਲ ਮੰਤਰੀ ਟੋਡਰ ਮੱਲ ਨੇ ਜ਼ਮੀਨਾਂ ਦੀ ਮਿਣਤੀ ਦਾ ਕੰਮ ਸ਼ੁਰੂ ਕਰਵਾਇਆ। ਬ੍ਰਿਟਿਸ਼ ਰਾਜ ਵਿੱਚ ਈਸਟ ਇੰਡੀਆ ਕੰਪਨੀ ਨੇ ਇਸ ਪ੍ਰਣਾਲੀ ਦੇ ਨਿਯਮਾਂ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕਰਕੇ ਇਸ ਦੇ ਕੰਮ ਕਾਜ ਨੂੰ ਹੋਰ ਸੁਚਾਰੂ ਬਣਾਇਆ ਗਿਆ। ਉਸ ਸਮੇਂ ਪਟਵਾਰੀਆਂ ਨੂੰ ਵੱਟਬਾਰੀ ਕਿਹਾ ਜਾਂਦਾ ਸੀ। ਕਿਸਾਨਾਂ ਦੀ ਫ਼ਸਲ ਦਾ ਰਾਜੇ ਮਹਾਰਾਜੇ ਤੀਜਾ ਹਿੱਸਾ ਵੱਟਿਆਂ ਨਾਲ ਤੋਲ ਕੇ ਆਪ ਟੈਕਸ ਦੇ ਤੌਰ 'ਤੇ ਲੈਂਦੇ ਸਨ। ਦੋ ਹਿੱਸੇ ਕਿਸਾਨ ਰੱਖਦਾ ਸੀ। ਫਿਰ ਰਾਜੇ ਮਹਾਰਾਜੇ ਵੱਟਬਾਰੀ ਨੂੰ ਫ਼ਸਲਾਂ ਦੀ ਪੈਦਾਵਾਰ ਮਿਹਨਤਾਨੇ ਦੇ ਰੂਪ ਵਿੱਚ ਦਿੰਦੇ ਸਨ। ਵੱਟਿਆਂ ਨਾਲ ਫਸਲਾਂ ਦੀ ਵੰਡ ਕਰਨ ਕਰਕੇ ਇਨ੍ਹਾਂ ਨੂੰ ਵੱਟਬਾਰੀ ਕਿਹਾ ਜਾਂਦਾ ਸੀ। ਸਮੇਂ ਵਿੱਚ ਤਬਦੀਲੀ ਆਉਣ ਨਾਲ ਵੱਟਬਾਰੀਆਂ ਦੀ ਤਨਖ਼ਾਹ ਨਿਸ਼ਚਿਤ ਹੋ ਗਈ ਅਤੇ ਵੱਟਿਆਂ ਨਾਲ ਤੋਲ ਕੇ ਫ਼ਸਲ ਵਿੱਚੋਂ ਹਿੱਸਾ ਲੈਣ ਦਾ ਕੰਮ ਖ਼ਤਮ ਹੋ ਗਿਆ, ਤੇ ਫਿਰ ਇਨ੍ਹਾਂ ਦਾ ਨਾਮ ਪਟਵਾਰੀ ਪੈ ਗਿਆ। ਪਹਿਲਾਂ ਪਟਵਾਰੀਆਂ ਨੂੰ ਵੀ ਫਸਲਾਂ ਦੀ ਪੈਦਾਵਾਰ ਵਿੱਚੋਂ ਹੀ ਮਿਹਨਤਾਨੇ ਦੇ ਤੌਰ 'ਤੇ ਫਸਲਾਂ ਦਿੱਤੀਆਂ ਜਾਂਦੀਆਂ ਸਨ। ਇਹ ਨਾਮ ਕਦੋਂ ਬਣਿਆਂ? ਇਸ ਬਾਰੇ ਅਧਿਕਾਰਤ ਜਾਣਕਾਰੀ ਉਪਲਭਧ ਨਹੀਂ ਹੈ।**

ਪਟਵਾਰ ਯੂਨੀਅਨ ਪੰਜਾਬ ਦਾ ਲੋਗੋ



**ਝਰੋਖੇ ਵਿੱਚੋਂ...**

**ਪਰਤਾਪ ਸਿੰਘ ਕੈਰੋਂ ਫਰੀਦਾਬਾਦ ਜ਼ਿਲ੍ਹੇ ਦੇ ਪਿੰਡ ਮਟਰੌਲ ਵਿਖੇ ਪਟਵਾਰ ਯੂਨੀਅਨ ਪੰਜਾਬ ਦੇ ਪ੍ਰਧਾਨ ਧਰਮਿੰਦਰ ਸਿੰਘ ਚੌਹਾਨ ਦੇ ਪਰਿਵਾਰ ਨਾਲ ਖੜ੍ਹੇ ਹਨ।**

# ਸੁਫਨਸਾਜ਼



ਪ੍ਰੋ. ਹਰਪਾਲ ਸਿੰਘ ਪੰਨੂ

ਗੁਰੂ ਬਾਬੇ ਨੇ ਸੁਫ਼ਨਾ ਲਿਆ ਕਿ ਧਰਤੀ ਨੂੰ ਚੁੱਕ ਕੇ ਅਸਮਾਨ ਤੱਕ ਲਿਜਾਵਾਂਗੇ। ਧਰਤੀ ਦਾ ਫੈਸਲਾ ਸੀ ਇੱਕ ਇੰਚ ਉਪਰ ਨਹੀਂ ਉਠਣਾ। ਧਰਤੀ ਥੋੜ੍ਹੀ ਬਹੁਤੀ ਸਰਕੀ ਕਿ ਬਿਲਕੁਲ ਨਹੀਂ ਸਰਕੀ, ਇਹ ਗੱਲ ਛੱਡੋ ਦਾਨਸ਼ਵਰਾਂ ਉਪਰ। ਮੇਰਾ ਸਰੋਕਾਰ ਕੇਵਲ ਇਹ ਹੈ, ਜਿਸ ਨੇ ਧਰਤੀ ਨੂੰ ਅਸਮਾਨ ਤੱਕ ਲਿਜਾਣ ਦਾ ਸੁਫਨਾ ਲਿਆ, ਉਹ ਕਿਹੋ ਜਿਹਾ ਹੋਵੇਗਾ ਖੁਦ! ਸਾਲ 1699 ਦੀ ਵਿਸਾਖੀ ਨੂੰ ਇੱਕ ਕੌਮ ਸਿਰਜਣ ਦਾ ਕੰਮ ਤਾਂ ਮੇਰੀ ਸਮਝ ਵਿੱਚ ਆ ਗਿਆ, ਪਰ ਆਪਣੀ ਸਿਰਜਣਾ ਦੇ ਸਾਹਮਣੇ ਹੱਥ ਜੋੜ ਕੇ ਆਖਣਾ- ਤੁਸੀਂ ਵੱਡੇ ਹੋ, ਮੈਨੂੰ ਵੀ ਆਪਣੇ ਜਿਡਾ ਕਰੋ। ਇਹ ਮੇਰੀ ਤੁਹਾਡੇ ਅੱਗੇ ਅਰਦਾਸ ਹੈ। ਇਹ ਗੱਲ ਮੇਰੇ ਸਾਰੇ ਅੰਦਾਜ਼ਿਆਂ ਤੋਂ ਪਾਰ ਦੀ ਹੈ। ਹੁਣ ਮੈਂ ਅੰਦਾਜ਼ੇ ਲਾਉਣੇ ਵੀ ਛੱਡ ਦਿੱਤੇ ਹਨ। ਮੈਨੂੰ ਲਗਦਾ ਅਰਦਾਸ ਹੀ ਕਰਨੀ ਠੀਕ ਹੈ, ਪ੍ਰਣਾਮ ਕਰਨਾ ਠੀਕ ਹੈ। ਜਿਸ ਨੇ ਮੈਨੂੰ ਸਿਰਜਿਆ, ਉਸ ਅੱਗੇ ਪ੍ਰਣਾਮ। ਕਬੂਲ ਹੋਵੇ ਨਾ ਹੋਵੇ, ਉਸਦੀ ਮਰਜ਼ੀ।

ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਦੀ ਜਥੇਬੰਦਕ ਚੋਣ ਵਿੱਚ ਚੁਣੇ ਜਾਣ ਲਈ ਮੈਂ ਕਾਗਜ਼ ਭਰ ਦਿੱਤੇ। ਇਕੱਲੇ ਇਕੱਲੇ ਨੂੰ ਮਿਲਦਾ-ਗਿਲਦਾ ਪ੍ਰੋਫੈਸਰ ਸ਼ਾਮ ਲਾਲ ਸਿੰਗਲਾ ਕੋਲ ਗਿਆ, ਜੋ ਅੰਕੜਾ ਵਿਭਾਗ ਦੇ ਮੁਖੀ ਸਨ। ਮੈਂ ਹੱਥ ਜੋੜ ਕੇ ਉਨ੍ਹਾਂ ਨੂੰ ਕਿਹਾ- ਤੁਹਾਡੀ ਵੋਟ ਚਾਹੀਦੀ ਹੈ, ਜਿਸ ਨਾਲ ਮੈਂ ਜਿੱਤ ਜਾਵਾਂਗਾ। ਉਹ ਗੁੱਸੇ ਵਿੱਚ ਬੋਲੇ- ਇਹਦਾ ਮਤਲਬ ਐ ਬਈ ਤੈਨੂੰ ਮੇਰੇ 'ਤੇ ਸ਼ੱਕ ਐ ਕਿ ਮੈਂ ਤੈਨੂੰ ਵੋਟ ਨਹੀਂ ਦਿਆਂਗਾ? ਮੈਂ ਕਿਹਾ- ਨਹੀਂ ਜੀ, ਇਹ ਗੱਲ ਨਹੀਂ। ਰੱਬ ਜਾਣੀ ਜਾਣ ਐ। ਫੇਰ ਵੀ ਉਹਨੇ ਸਾਨੂੰ ਇਹ ਹੱਕ ਦਿੱਤਾ ਹੋਇਐ ਬਈ ਅਸੀਂ ਉਹਦੇ ਅੱਗੇ ਹੱਥ ਜੋੜ ਕੇ ਅਰਦਾਸ ਕਰੀਏ। ਉਨ੍ਹਾਂ ਨੇ ਮੈਨੂੰ ਜੱਫੀ ਵਿੱਚ ਲੈ ਲਿਆ ਤਾਂ ਮੈਨੂੰ ਜਿੱਤ ਜਾਣ ਦਾ ਸੁਫਨਾ ਮਿਲਿਆ। ਰਸਤੇ ਵਿੱਚ ਪ੍ਰੋ. ਰਾਜਪਾਲ ਮਿਲ ਗਏ, ਕਿਹਾ- ਉਏ ਤੂੰ ਮੇਰੇ ਤੋਂ ਵੋਟ ਨ੍ਹੀਂ ਮੰਗੀ? ਮੈਂ ਕਿਹਾ- ਅਜੇ ਮੈਂ ਤੁਹਾਡੀ ਵੋਟ ਦਾ ਹੱਕਦਾਰ ਨਹੀਂ, ਅਸੀਸ ਦਿਓ।

ਉਹ ਚੋਣ ਅਸੀਂ ਵਾਈਸ-ਚਾਂਸਲਰ ਜੋਗਿੰਦਰ ਸਿੰਘ ਪੁਆਰ ਦੇ ਖਿਲਾਫ ਲੜੀ ਸੀ। ਗਿਆਰਾਂ ਮੈਂਬਰੀ ਪੂਟਾ ਵਿੱਚ ਇਕੱਲਾ ਮੈਂ ਜਿਤਿਆ ਵਿਰੋਧ ਵਿੱਚ ਤੇ ਦਸ ਮੈਂਬਰ ਜਿੱਤੇ ਵਾਈਸ-ਚਾਂਸਲਰ ਦੇ ਹੱਕ ਵਿਚ। ਹਰ ਮਹੀਨੇ ਮੀਟਿੰਗ ਹੁੰਦੀ ਯਾਨੀ ਕਿ ਹਰ ਮਹੀਨੇ ਮੇਰੀ ਬੇਇਜ਼ਤੀ ਹੁੰਦੀ। ਮੈਂ ਬੇਇਜ਼ਤ ਹੋ ਕੇ ਕਾਫੀ ਹਾਊਸ ਵਿੱਚ ਆ ਬੈਠਾ ਤਾਂ ਬੇਇਜ਼ਤੀ ਕਰਨ ਵਾਲਾ ਪੂਟਾ ਪ੍ਰਧਾਨ ਕੇ.ਸੀ. ਸਿੰਗਲ ਮੇਰੇ ਮੇਜ਼ ਕੋਲ ਆ ਕੇ ਖਲੋ ਗਿਆ ਤੇ ਕਿਹਾ- ਤੇਰੇ ਕੋਲ ਬੈਠ ਕੇ ਚਾਹ ਪੀ ਲਵਾਂ? ਬੈਠ ਗਏ। ਮੈਂ ਕਿਹਾ- ਮੇਰਾ ਜੀ ਕਰਦੈ ਮੈਂ ਪੂਟਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿਆਂ। ਉਹ ਬੋਲੇ- ਕਿਉਂ? ਮੈਂ ਕਿਹਾ- ਮੇਰੀ ਕੋਈ ਸੁਣਵਾਈ ਤਾਂ ਹੈ ਨਹੀਂ। ਉਨ੍ਹਾਂ ਕਿਹਾ- ਇਹ ਅਸਤੀਫਾ ਦੇਣ ਵਾਲਾ ਪਾਗਲਪਣ ਨਾ ਕਰ ਬੈਠੀਂ। ਤੈਨੂੰ ਛਪੰਜਾ ਪ੍ਰੋਫੈਸਰਾਂ ਨੇ ਵੋਟ ਦਿੱਤੀ। ਉਨ੍ਹਾਂ ਦਾ ਫੈਸਲਾ ਇਹ ਹੈ ਕਿ ਤੂੰ ਹਰੇਕ ਮੀਟਿੰਗ ਵਿੱਚ ਆਇਆ ਕਰੇਂ, ਅਸੀਂ ਕੀ ਗਲਤ-ਮਲਤ ਕਰ ਰਹੇ ਹਾਂ, ਤੇਰੇ ਤੋਂ ਪਤਾ ਲਗਦੈ ਉਨ੍ਹਾਂ ਨੂੰ। ਚੋਣ ਜਿੱਤਣ ਵਾਲਾ ਬੰਦਾ ਆਪਣੀ ਮਰਜ਼ੀ ਦਾ ਮਾਲਕ ਨਹੀਂ ਹੁੰਦਾ। ਜਿਨ੍ਹਾਂ ਨੇ ਤੈਨੂੰ ਵੋਟ ਦਿੱਤੀ ਸੀ, ਉਨ੍ਹਾਂ ਨੂੰ ਬੁਲਾ ਕੇ ਮੀਟਿੰਗ ਕਰ। ਸ਼ਰਤ ਲਾ ਲੈ ਮੇਰੇ ਨਾਲ, ਉਹ ਤੈਨੂੰ ਅਸਤੀਫ਼ਾ ਨਹੀਂ ਦੇਣ ਦੇਣਗੇ।

ਮੈਂ ਤੰਗੀ ਤੁਰਸ਼ੀ ਵਿੱਚ ਦਸਵੀਂ ਪਾਸ ਕੀਤੀ। ਪਿੰਡ ਦੇ ਡਾਕੀਏ ਦੀ ਮੌਤ ਹੋਈ ਤਾਂ ਮੈਂ ਡਾਕੀਏ ਦੀ ਨੌਕਰੀ ਵਾਸਤੇ ਅਰਜ਼ੀ ਲਿਖੀ। ਮੈਂ ਸਿਆਣੇ ਬੰਦੇ ਨੂੰ ਪੁੱਛਿਆ- ਇਸ ਮਹਿਕਮੇ ਦਾ ਸਭ ਤੋਂ ਵੱਡਾ ਅਫ਼ਸਰ ਕੌਣ ਹੁੰਦੈ? ਦੱਸਿਆ- ਪੋਸਟ ਮਾਸਟਰ ਜਨਰਲ। ਤੂੰ ਸਿਫਾਰਿਸ਼ ਉਹਦੀ ਕਰਾਏਂਗਾ? ਮੈਂ ਚੁਪ ਕਰਕੇ ਉਥੋਂ ਆ ਗਿਆ। ਮੈਂ ਉਹ ਭਾਸ਼ਣ ਤਿਆਰ ਕਰਨ ਲੱਗ ਗਿਆ, ਜਿਹੜਾ ਬਤੌਰ ਪੋਸਟ ਮਾਸਟਰ ਜਨਰਲ ਮੈਂ ਆਪਣੀ ਰਿਟਾਇਰਮੈਂਟ ਵੇਲੇ ਦਿਆਂਗਾ। ਵੱਡਾ ਭਰਾ ਅੰਬਾਲੇ



ਏਅਰ ਫੋਰਸ ਵਿੱਚ ਸਿਪਾਹੀ ਭਰਤੀ ਕਰਾਉਣ ਲਈ ਲੈ ਗਿਆ। ਉਦੋਂ ਪਿੰਡ ਤੋਂ ਅੰਬਾਲੇ ਤੱਕ ਜਾਣ ਲਈ ਚਾਰ ਘੰਟੇ ਲੱਗੇ। ਮੈਂ ਸਾਰੇ ਰਸਤੇ ਉਹ ਸਪੀਚ ਤਿਆਰ ਕਰਦਾ ਗਿਆ, ਜਿਹੜੀ ਬਤੌਰ ਚੀਫ਼ ਆਫ ਦਾ ਏਅਰ ਸਟਾਫ਼ ਏਅਰ ਮਾਰਸ਼ਲ ਵਜੋਂ ਮੈਂ ਰਿਟਾਇਰਮੈਂਟ ਵੇਲੇ ਦੇਣੀ ਸੀ। ਲੋਕ ਜ਼ਿੰਦਗੀ ਵਿੱਚ ਇੱਕ ਵਾਰ ਰਿਟਾਇਰ ਹੁੰਦੇ ਹਨ। ਮੈਂ ਕਿੱਡੀਆਂ ਕਿੱਡੀਆਂ ਵੱਡੀਆਂ ਬਾਦਸ਼ਾਹੀਆਂ ਤੋਂ ਬਚਪਨ ਵਿੱਚ ਹੀ ਰਿਟਾਇਰ ਹੋ ਗਿਆ ਸੀ, ਇਸ ਬਾਰੇ ਵੀ ਲਿਖਾਂਗਾ।

ਲੋਕ ਸੌਂ ਜਾਣ ਬਾਅਦ ਸੁਫਨੇ ਲੈਂਦੇ ਹਨ, ਬੱਚੇ ਬਹੁਤੇ ਸੁਫਨੇ ਜਾਗਦੇ ਹੋਏ ਲੈਂਦੇ ਹਨ। ਜਾਗਣ ਵੇਲੇ ਲਏ ਜਾਣ ਵਾਲੇ ਸੁਫ਼ਨੇ ਬਹੁਤੇ ਸੁਹਣੇ ਹੁੰਦੇ ਹਨ। ਰੁਆ ਤਾਂ ਰਾਤ ਦੇ ਸੁਫਨੇ ਵੀ ਦਿੰਦੇ ਹਨ, ਪਰ ਦਿਨ ਵੇਲੇ ਲਏ ਸੁਫਨੇ ਵਧੀਕ ਰੁਆਉਂਦੇ ਹਨ। ਜਿੰਨੇ ਵਧੀਕ ਸੁਹਣੇ ਸੁਫਨੇ, ਉਨੇ ਵਧੀਕ ਸੁਹਣੇ ਹੰਝੂ। ਰਾਤੀਂ ਨੀਂਦ ਵਿੱਚ ਮੈਨੂੰ ਬੜੇ ਫਗੂਲ ਸੁਫਨੇ ਵੀ ਆਉਂਦੇ। ਮੈਂ ਮੋਟਰਸਾਈਕਲ ਦੀ ਸਵਾਰੀ ਕਰਦਾ। ਪੂਰੀ ਸ਼ਾਨ। ਪਰ ਹੌਲੀ ਹੌਲੀ ਮੋਟਰਸਾਈਕਲ ਦੇ ਦੋਵੇਂ ਪਾਸੇ ਪੈਡਲ ਨਿਕਲ ਆਉਂਦੇ। ਮੈਂ ਏਨੇ ਭਾਰੇ ਮੋਟਰ ਸਾਈਕਲ ਨੂੰ ਪੈਡਲਾਂ ਨਾਲ ਖਿੱਚਦਾ ਖਿੱਚਦਾ ਪਸੀਨੋ ਪਸੀਨਾ ਹੋ ਜਾਂਦਾ। ਅਖੀਰ ਵਿੱਚ ਜਦੋਂ ਮੈਂ ਮੋਟਰਸਾਈਕਲ ਤੋਂ ਹੇਠਾਂ ਉਤਰਨ ਲਗਦਾ ਤਾਂ ਪਤਾ ਲਗਦਾ ਕਿ ਮੈਂ ਤਾਂ ਗਧੇ 'ਤੇ ਚੜ੍ਹਿਆ ਫਿਰਦਾ ਸੀ। ਤੁਸੀਂ ਅਜਮਾ ਕੇ ਦੇਖ ਲੈਣਾ ਬੇਸ਼ਕ ਕਦੀ ਕਿ ਗਧੇ ਨੂੰ ਪਸੀਨਾ ਨਹੀਂ ਆਉਂਦਾ, ਉਪਰ ਬੈਠਣ ਵਾਲੇ ਨੂੰ ਆਉਂਦਾ ਹੁੰਦੈ।

ਸਰੇ ਰਾਹ ਚਲਦੇ ਚਲਦੇ ਐਵੇਂ ਇੱਕ ਸਾਧ ਸਤਿਅ ਚੈਤਨਯ ਯਤੀ ਨਾਲ ਦੋਸਤੀ ਹੋ ਗਈ ਖਾਹ ਮਖਾਹ। ਉਹ ਮੈਨੂੰ, ਮੈਂ ਉਸ ਨੂੰ ਚਿੱਠੀਆਂ ਲਿਖਣ ਲੱਗੇ। ਨਾ ਉਸਨੂੰ ਪੰਜਾਬੀ ਆਉਂਦੀ ਸੀ, ਨਾ ਹਿੰਦੀ। ਅੰਗਰੇਜ਼ੀ ਵਿੱਚ ਲਿਖਦਾ। ਉਸਦਾ ਇੱਕ ਖਤ ਤੁਹਾਨੂੰ ਵੀ ਸੁਣਾਉਂਦਾ ਹਾਂ। ਸੁਹਣੀ ਕੁੜੀ ਦਾ ਖਤ ਮੁੰਡਾ ਕਿਸੇ ਖਾਸ ਦੋਸਤ ਨੂੰ ਜ਼ਰੂਰ ਦਿਖਾਉਂਦਾ ਹੈ। ਲਿਖਿਆ- ਪਿਆਰੇ ਭਰਾ, ਇਸ ਵਕਤ ਪਸ਼ੂ-ਪੰਛੀ ਵੇਲ-ਬੂਟੇ ਰਾਤ ਦੀ ਚਾਦਰ ਤਾਣ ਕੇ ਸੌਂ ਗਏ ਹਨ। ਤਿਤਲੀਆਂ ਜਦੋਂ ਸੌਂ ਜਾਂਦੀਆਂ ਹਨ, ਕੀ ਤੈਨੂੰ ਪਤੈ ਉਨ੍ਹਾਂ ਦੇ ਸੁਫ਼ਨਿਆਂ ਵਿੱਚ ਫੁੱਲ ਆਇਆ ਕਰਦੇ ਹਨ? ਫੁੱਲ ਜਦੋਂ ਸੌਂ ਜਾਣ ਉਨ੍ਹਾਂ ਦੇ ਸੁਫਨਿਆਂ ਵਿੱਚ ਸੂਰਜ ਆਇਆ ਕਰਦਾ ਹੈ। ਸੂਰਜ ਕਦੇ ਨਹੀਂ ਸੌਂਦਾ। ਜਿਹੜੇ ਸੌਂਦੇ ਨਹੀਂ, ਉਨ੍ਹਾਂ ਨੂੰ ਸੁਫ਼ਨੇ ਨਹੀਂ ਆਉਂਦੇ। ਜਿਹੜੇ ਹਮੇਸ਼ਾ ਜਾਗਦੇ ਰਹਿਣਗੇ, ਉਹ ਹੋਰਾਂ ਦੇ ਸੁਫ਼ਨੇ 'ਚ ਆਇਆ ਕਰਨਗੇ। ਤੇਰਾ ਮਿੱਤਰ- ਚੈਤਨਯ।

ਜਿਨ੍ਹਾਂ ਸੂਰਜਾਂ ਦੀ ਬਾਣੀ ਦਾ ਮੈਂ ਨਿਤਨੇਮ ਕਰਦਾ ਹਾਂ, ਉਹ ਮੇਰੇ ਸੁਫ਼ਨਿਆਂ ਵਿੱਚ ਆਉਂਦੇ ਹਨ, ਪਰ ਚੈਤਨਯ ਭਰਾ ਉਹ ਖੁਦ ਬਹੁਤ ਵੱਡੇ ਸੁਫਨਸਾਜ਼ ਸਨ। ਹਾਫਿਜ਼ ਸ਼ੀਰਾਜ਼ੀ ਨੇ ਲਿਖਿਆ- ਇੱਕ ਭੁਲੇਖਾ ਮੁੱਦਤਾਂ ਤੋਂ ਇਧਰ-ਉਧਰ ਭਟਕਦਾ ਫਿਰਦਾ ਸੀ। ਰੱਬ ਨੇ ਉਸਨੂੰ ਕਿਹਾ- ਹੋਜਾ। ਭੁਲੇਖਾ ਸੱਚ ਹੋ ਗਿਆ। ਇਹੀ ਹੋਇਆ ਸੀ। ਹਿੰਦੁਸਤਾਨ ਭੁਲੇਖਾ ਬਣ ਕੇ ਭਟਕਣ ਲੱਗਾ ਤਾਂ ਗੁਰੂ ਬਾਬੇ ਨੇ ਉਸਨੂੰ ਸੱਚ ਬਣਾ ਦਿੱਤਾ ਸੀ। ਹੁਣ ਫਿਰ ਤੋਂ ਇਹ ਸੱਚ ਭੁਲੇਖਾ ਬਣਨ ਲੱਗ ਗਿਐ, ਇਸ ਨੂੰ ਅਕਲ ਸਿੱਖਣੀ ਪਵੇਗੀ। ਭੁਲੇਖਾ ਤੇ ਸੁਫਨਾ ਸਕੇ ਭਰਾ ਹਨ।

ਸਵੇਰ ਸਾਰ ਇੱਕ ਬੰਦਾ ਆਪਣੀ ਪਤਨੀ ਨੂੰ ਕਹਿਣ ਲੱਗਾ- ਰਾਤੀਂ ਗਵਾਂਢਣ ਮੇਰੇ ਸੁਫਨੇ ਵਿੱਚ ਆਈ ਸੀ। ਪਤਨੀ ਬੋਲੀ- ਇਕੱਲੀ ਆਈ ਹੋਵੇਗੀ। ਪਤੀ ਨੇ ਕਿਹਾ- ਹਾਂ ਇਕੱਲੀ, ਤੈਨੂੰ ਕਿਵੇਂ ਪਤਾ ਲੱਗਾ? ਪਤਨੀ ਨੇ ਕਿਹਾ- ਕਿਉਂਕਿ ਗਵਾਂਢੀ ਮੇਰੇ ਸੁਫਨੇ ਵਿੱਚ ਆਇਆ ਸੀ। ਬੰਦਾ ਬੋਲਿਆ- ਚਾਹ ਤਾਂ ਠਹਿਰ ਕੇ ਪੀ ਲਾਂਗੇ ਪਹਿਲਾਂ ਚੱਲ ਗਵਾਂਢੀ ਦੇ ਚੱਲੀਏ। ਪਤਨੀ ਨੇ ਪੁਛਿਆ- ਕਿਉਂ? ਪਤੀ ਨੇ ਕਿਹਾ- ਆਪਾਂ ਆਖਾਂਗੇ ਕਿ ਰਾਤ ਬਰਾਤੇ ਆਪੋ ਆਪਣੇ ਘਰ ਰਹਿਣਾ ਠੀਕ ਹੁੰਦੈ, ਸਾਡੇ ਕੋਲ ਨਾ ਆਇਆ ਕਰੋ!

ਨਾ ਹੁਣ ਸ਼ਾਇਰ ਦਾ ਪਤਾ, ਨਾ ਸ਼ਿਅਰ ਯਾਦ ਰਿਹਾ, ਪਰ ਟੀ.ਵੀ. 'ਤੇ ਇੱਕ ਸ਼ਾਇਰ ਨੇ ਸ਼ਿਅਰ ਪੜ੍ਹਿਆ- ਉਹ ਗਾਲਿਬ ਜੋ ਖੁਦ ਇੱਕ ਗੁਲਾਬ ਦੀ ਪੰਖੜੀ ਵਾਂਗ ਉਡ ਗਿਆ, ਸਾਨੂੰ ਹਜ਼ਾਰ ਹਜ਼ਾਰ ਸਾਲ ਜਿਉਣ ਦੀਆਂ ਅਸੀਸਾਂ ਦਿਆ ਕਰਦਾ ਸੀ। ਗਾਲਿਬ ਦਾ ਹੀ ਸ਼ਿਅਰ ਹੈ- ਮਗਰਮੱਛ ਸਮੁੰਦਰ ਦੇ ਕਿਨਾਰੇ ਮੂੰਹ ਅੱਡੀ ਇਉਂ ਲੇਟੇ ਪਏ ਹਨ, ਜਿਵੇਂ ਲਹਿਰਾਂ ਨੂੰ ਨਿਗਲ ਜਾਣਗੇ। ਇੱਕ ਨਿੱਕੀ ਬੂੰਦ ਸੁਫਨੇ ਲੈ ਰਹੀ ਹੈ ਕਿ ਮੈਂ ਮੋਤੀ ਬਣਾਂ।

ਪੱਕਾ ਪਤਾ ਨਹੀਂ, ਸ਼ਾਇਦ ਇਹ ਕਥਨ ਐਜ਼ਰਾ ਪਾਉਂਡ ਦਾ ਹੈ। ਪਾਠਕ ਸੋਧ ਦੇਣਗੇ ਜੇ ਉਕਾਈ ਹੋਈ। ਹੁਣ ਤਾਂ ਮੈਂ ਪੜ੍ਹਦਾ-ਪੜ੍ਹਦਾ ਨੋਟਸ ਲੈਂਦਾ ਹਾਂ, ਜੁਆਨੀ ਵਿੱਚ ਐਵੀਂ ਪੜ੍ਹੀ ਗਿਆ, ਸੋ ਗਲਤੀ ਲੱਗ ਸਕਦੀ ਹੈ। ਲਿਖਿਐ- ਤੂੰ ਦੁੱਧ ਦੰਦਾਂ ਨਾਲ ਪਹਾੜ ਕੱਟਣੇ ਚਾਹੇ ਮੂਰਖ। ਸੁਫਨੇ ਲੈਣ ਵਾਸਤੇ ਕੀ ਕੋਈ ਰਾਤ ਕਾਫੀ ਨਹੀਂ ਸੀ? ਮੈਂ ਬਚਪਨ ਤੋਂ ਅੱਖਰਾਂ ਦਾ ਏਨਾ ਸ਼ੁਦਾਈ ਹਾਂ ਕਿ ਸਾਲ 1984 ਵਿੱਚ ਮੈਨੂੰ ਸਿੱਖ ਸਮਝ ਕੇ ਸਰਕਾਰ ਨੇ ਕੈਦ ਵਿੱਚ ਸੁੱਟ ਦਿੱਤਾ, ਉਹ ਵੀ ਇੱਕ ਕਾਲ ਕੋਠੜੀ ਵਿਚ। ਮੈਂ ਪਹਿਰੇਦਾਰਾਂ ਅੱਗੇ ਅਰਜ਼ ਕਰਦਾ- ਕਿਤਾਬ ਤੇ ਅਖਬਾਰ ਤਾਂ ਮੇਰੇ ਕੋਲ ਨਹੀਂ ਆ ਸਕਦੇ, ਕਿਉਂਕਿ ਪਾਬੰਦੀ ਹੈ, ਤੁਸੀਂ ਅਖਬਾਰਾਂ ਤੋਂ ਬਣੇ ਖਾਲੀ ਲਿਫਾਫੇ, ਜਿਹੜੇ ਰੱਦੀ ਦੀ ਟੋਕਰੀ ਵਿੱਚ ਹੀ ਸੁਟਣੇ ਹੁੰਦੇ ਨੇ, ਮੈਨੂੰ ਦੇ ਜਾਇਆ ਕਰੋ। ਉਹ ਏਨੇ ਦਇਆਵਾਨ ਕਿ ਮੈਨੂੰ ਅੱਖ ਬਚਾ ਕੇ ਕਾਗਜ਼ ਦੇ ਲਿਫਾਫੇ ਦੇ ਜਾਂਦੇ। ਮੈਂ ਉਨ੍ਹਾਂ ਦਾ ਅਹਿਸਾਨ ਕਿਵੇਂ ਭੁਲ ਸਕਦਾ ਹਾਂ? ਰੱਦੀ ਲਿਫਾਫਿਆਂ ਦੇ ਅੱਖਰ ਪੜ੍ਹਦਾ-ਪੜ੍ਹਦਾ ਜਦੋਂ ਮੈਂ ਸੌਂ ਜਾਂਦਾ, ਮੈਨੂੰ ਵੱਡੇ ਵੱਡੇ ਗ੍ਰੰਥ ਪੜ੍ਹਨ ਦੇ ਸੁਫ਼ਨੇ ਆਉਂਦੇ। ਉਨ੍ਹਾਂ ਦਿਨਾਂ ਵਿੱਚ ਮੈਂ ਸੰਸਾਰ ਦੀਆਂ ਵੱਡੀਆਂ ਲਾਇਬਰੇਰੀਆਂ ਦੀ ਜ਼ਿਆਰਤ ਕੀਤੀ। ਮੈਨੂੰ ਜੋ ਮਰਜ਼ੀ ਸਜ਼ਾ ਦਿਓ, ਮੈਂ ਮਰਦਾ ਨਹੀਂ। ਜਿਸ ਦਿਨ ਮਾਰਨ ਦਾ ਫੈਸਲਾ ਕਰੋ, ਅੱਖਰ ਵਿਦਿਆ ਖੋਹ ਲੈਣੀ। ਰੱਸਾ ਕਿਸ ਵਾਸਤੇ ਖੂਨ ਨਾਲ ਲਬੇੜਨਾ ਹੋਇਆ?





ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

| | |
|---|---|
| -ਮੌਕੇ 'ਤੇ ਸਸਕਾਰ | -On Site Crematory |
| -ਅੰਤਿਮ ਦਰਸ਼ਨਾਂ ਲਈ ਕਮਰਾ | -Viewing Room Available |
| -ਵੱਡਾ ਤੇ ਸੁੰਦਰ ਚੈਪਲ | -Large, Beautiful Chapels |
| -ਘੱਟ ਖਰਚ ਉਤੇ ਸੇਵਾਵਾਂ | -Competitive Prices |

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

**Serving Families As We Would Want Ours Served**

| Lake Zurich | Crystal Lake | Barrington |
|---|---|---|
| 847-550-4221 | 825-459-3411 | 847-381-3411 |

Please call or visit our website at www.davenportfamily.com

Davenport
FAMILY FUNERAL HOMES AND CREMATORY

# ਚੰਦਰਮਾ/ਚੰਨ/ਚਾਨਣੀ



ਸ਼ਬਦੋ ਵਣਜਾਰਿਓ

**ਪਰਮਜੀਤ ਢੀਂਗਰਾ**
ਫੋਨ: +91-9417358120



ਕੁਦਰਤ ਨਾਲ ਜੁੜੇ ਵਰਤਾਰਿਆਂ ਦੇ ਜਦੋਂ ਨਾਮਕਰਨ ਕੀਤੇ ਗਏ ਤਾਂ ਉਨ੍ਹਾਂ ਦੇ ਗੁਣ, ਲੱਛਣਾਂ ਅਥਵਾ ਵਿਸ਼ੇਸ਼ਤਾਈਆਂ ਨੂੰ ਧਿਆਨ ਵਿੱਚ ਰੱਖਿਆ ਗਿਆ। ਜਿੰਨਾ ਕਿਸੇ ਵਰਤਾਰੇ ਨਾਲ ਮਨੁੱਖ ਡੂੰਘਾ ਜੁੜਿਆ, ਓਨਾ ਉਹਦਾ ਅਰਥ ਘੇਰਾ ਵਧਦਾ ਗਿਆ। ਅਜਿਹਾ ਹੀ ਇੱਕ ਸ਼ਬਦ ਹੈ-ਚੰਦਰਮਾ, ਚੰਨ, ਚੰਦ, ਚਾਣਨੀ। ਨਿਰੁਕਤ ਕੋਸ਼ ਅਨੁਸਾਰ ਚੰਦ: ਰਾਤ ਨੂੰ ਚਮਕਣ ਵਾਲਾ ਇੱਕ ਗ੍ਰਹਿ, ਪਿਆਰਾ ਬਾਲਕ, ਪ੍ਰੀਤਮ, ਪ੍ਰਾ.ਚੰਦ, ਹਿੰਦੀ ਚਾਂਦ, ਬੰਗਾ। ਚਾਂਦ, ਮਰਾ.ਚਾਂਦ, ਸਿੰਧੀ-ਚੰਡਰੁ, ਸੰ. ਚੰਦਰਾ, ਚਮਕਦਾ, ਭਾਰੋਪੀ ਚਮਕਣਾ, ਅੰਗ। ਕੈਂਡਲ ਲਾਤ. ਕੈਂਡ, ਭਾਵ ਚਮਕਣਾ, ਉਜਾਲਾ, ਲਹਿੰ.ਚੰਦਰ, ਚੰਦ ਦਾ ਵਿਕਸਤ ਰੂਪ-ਚੰਨ, ਚਾਂਦੀ, ਚੰਦਨ, ਚਾਂਦਨੀ, ਚੰਦੋਆ; ਚੰਦਰਮਾ ਤੇ ਮੋਮਬੱਤੀ ਦੋਵੇਂ ਰਾਤ ਨੂੰ ਰੁਸ਼ਨਾਉਂਦੇ ਹਨ ਅਰਥਾਤ ਦੀਪਕ ਦਾ ਕੰਮ ਦਿੰਦੇ ਹਨ, "ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ॥" ਫਾਰਸੀ ਚੰਦ=ਕਦੋਂ ਤੱਕ, ਕਿੰਨਾ, ਜੋ ਕੁਝ, ਥੋੜ੍ਹਾ; ਚੰਦਾ=ਕਿਸੇ ਅਖਬਾਰ ਆਦਿ ਦੀ ਮਾਸਕ ਜਾਂ ਸਾਲਾਨਾ ਕੀਮਤ, ਉਗਰਾਹੀ ਗਈ ਰਕਮ, ਦਾਨ ਆਦਿ।

ਪੰਜਾਬੀ ਕੋਸ਼ਾਂ ਅਨੁਸਾਰ ਚੰਦ ਜਾਂ ਚੰਨ ਦਾ ਅਰਥ ਚੰਦਰਮਾ ਭਾਵ ਚਮਕਣਾ, ਰਾਤ ਨੂੰ ਰੁਸ਼ਨਾਉਣ ਵਾਲਾ ਗ੍ਰਹਿ, ਸੋਹਣਾ ਆਦਮੀ, ਪਿਆਰਾ ਬਾਲਕ, ਬਰੰਜੀ ਦੇ ਫੁੱਲ, ਪਸ਼ੂਆਂ ਦੇ ਮੱਥੇ ਦਾ ਸਫੈਦ ਫੁੱਲ, ਇੱਕ ਗਹਿਣਾ, ਉਹ ਨਿਸ਼ਾਨ ਜੋ ਚਾਂਦਮਾਰੀ ਦੇ ਕੇਂਦਰ ਵਿੱਚ ਹੁੰਦਾ ਹੈ, ਇੱਕ ਦੀ ਸੰਖਿਆ ਦਾ ਬੋਧਕ ਚੰਦਰਮਾ ਨੂੰ ਮੰਨਿਆ ਜਾਂਦਾ ਹੈ, "ਚੰਦ ਅਗਨਿ ਰਸ ਮਹੀ ਗਿਨ ਭਾਦੋਂ ਪੂਰਨਮਾਸ" (ਗੁਪ੍ਰਸੂ), ਇਸ ਦੇ ਕਈ ਸਜਾਤੀ ਸ਼ਬਦ ਵੀ ਹਨ-ਚੰਦਰ ਗ੍ਰਹਿਣ, ਚੰਦਰਯਾਨ, ਚੰਦ ਕੌਰ, ਚੰਦਤਾਰਾ, ਚੰਦਾ ਮਾਮਾ, ਚੰਦਾ ਸਿੰਘ, ਚੰਦਨ, ਚੰਦਊਆ, ਚੰਦ ਕੌਡਾ (ਸਿਰ ਦਾ ਇੱਕ ਗਹਿਣਾ), ਚੰਦਨਹਾਰ (ਗਹਿਣਾ), ਚੰਦਰ ਸਾਗਰ-ਕਸ਼ੀਰ ਸਾਗਰ ਦੀ ਉਪਾਧੀ, ਉਹ ਥਾਂ ਜਿਥੇ ਚੰਦ ਸਭ ਤੋਂ ਪਹਿਲਾਂ ਚੜ੍ਹਦਾ ਹੈ, ਚੰਦਰ ਕਲਾ-ਚੰਦ ਦਾ ਸੋਲ੍ਹਵਾਂ ਹਿੱਸਾ, ਇੱਕ ਕਿਸਮ ਦੀ ਮਠਿਆਈ, ਚੰਦਰ ਕਾਂਤਾ-ਇੱਕ ਪ੍ਰਕਾਰ ਦਾ ਜਵਾਹਰ ਜੋ ਸੂਰਜ ਦੀਆਂ ਕਿਰਨਾਂ ਦੇ ਜੰਮ ਜਾਣ ਨਾਲ ਪੈਦਾ ਹੁੰਦਾ ਹੈ ਤੇ ਚੰਦ ਦੀਆਂ ਕਿਰਣਾਂ ਪੈਣ ਨਾਲ ਪਿਘਲ ਜਾਂਦਾ ਹੈ; ਚੰਦਰ ਘਿਰਣ, ਚੰਦਰ ਬਦਰ, ਚੰਦ ਰਾਤ, ਚੰਦਰ ਲੋਕ, ਚੰਦਰ ਲੇਖਾ, ਚੰਦਰਵੰਸ਼, ਚੰਦਰਵੰਸ਼ੀ, ਚੰਦਰਸੇਨੀ ਹਾਰ (ਨੌ ਲੱਖਾ ਹਾਰ), ਚੰਦਰਸੈਣ-ਚੰਦਰਾ, ਭੈੜਾ, ਸ਼ਰਾਰਤੀ, ਚੰਦਰਹਾਸ-ਤਲਵਾਰ, ਖੜਗ, ਰਾਵਣ ਦੀ ਤਲਵਾਰ ਜੋ ਉਸਨੂੰ ਸ਼ਿਵਜੀ ਤੋਂ ਮਿਲੀ, ਚੰਦਰ ਗੁਪਤ-ਮੌਰੀਆ ਵੰਸ਼ ਦਾ ਰਾਜਾ, ਚੰਦਰਪੁਣਾ, ਚੰਦਰਬੰਸ, ਚੰਦਰ ਬਦਨ-ਜਿਸਦਾ ਮੂੰਹ ਚੰਦਰਮਾ ਵਰਗਾ ਹੋਵੇ, ਚੰਦਰਭਾਗਾ-ਰਾਧਾ ਦੀ ਪਿਆਰੀ ਸਹੇਲੀ, ਝਣਾਂ ਦਾ ਪੁਰਾਣਾ ਨਾਂ, ਚੰਦਰਭਾਗਾ, ਚੰਦਰਭਾਨ-ਬਦਨਸੀਬ (ਜੋਤਿਸ਼ ਅਨੁਸਾਰ ਚੰਦਰਮਾ ਤੇ ਸੂਰਜ ਅਮਾਵਸ ਨੂੰ ਇਕੱਠੇ ਹੁੰਦੇ ਹਨ, ਉਸ ਸਮੇਂ ਜੰਮਿਆ ਵਿਅਕਤੀ), ਚੰਦਰਮਲਿਕਾ-ਗੁਲਦਾਊਦੀ, ਚੰਦਰਮੁਖੀ-ਚੰਨ ਵਰਗੇ ਮੂੰਹ ਵਾਲੀ ਔਰਤ, ਨੀਲੋਫਰ; ਚੰਦਰੀ-ਇੱਕ ਗਾਲ੍ਹ, ਊਠਾਂ ਦੀ ਇੱਕ ਬਿਮਾਰੀ ਜਿਸ ਵਿੱਚ ਪਿਲਕਰੇ ਹੋ ਕੇ ਫਿੱਸ ਜਾਂਦੇ ਹਨ; ਚੰਦਾਕੀ-ਚਾਣਨੀ "ਤ੍ਰਿਸਨਾ ਅਗਨਿ ਬੁਝਾਨੀ ਸਿਵ ਚਰਿਓ ਚੰਦ ਚੰਦਾਕੀ"(ਧਨਾਸਰੀ ਮ. ੪), ਚੰਦੂਆ, ਚੰਦੂਮਾਜਰਾ, ਚੰਦੇਰੀ-ਰਾਜਪੂਤਾਂ ਦੀ ਇੱਕ ਜਾਤੀ, ਚੰਦੋਇਆ, ਚੰਦੋਵ।

ਇਸ ਨਾਲ ਜੁੜੇ ਕੁਝ ਅਖਾਣ ਮੁਹਾਵਰੇ ਵੀ ਮਿਲਦੇ ਹਨ-ਚੰਦ 'ਤੇ ਥੁੱਕਣਾ, ਚੰਦ ਚੜ੍ਹ ਜਾਣਾ, ਚੰਦ ਚੜ੍ਹਨਾ, ਚੰਦ ਚੜ੍ਹੇ ਤਦ ਪਰਵਾਨ, ਚੰਦ ਨੂੰ ਤਿਨਕਾ ਪਰਵਾਨ, ਚੰਦ ਨੂੰ ਪਰਵਾਰ ਲੱਗਣਾ, ਚਾਰ ਚੰਦ ਲਾਉਣਾ। ਚੰਨ-ਬਨੇਰਾ, ਚੰਦ, ਚੰਦਰਮਾ, ਟੋਪੀ ਦਾ ਉਪਰਲਾ ਸਿਰਾ, ਚੰਨ ਗ੍ਰਹਿਣ; ਇਸ ਤੋਂ ਬਣੇ ਕਈ ਸ਼ਬਦ ਮਿਲਦੇ ਹਨ-ਚੰਨ ਦਾ ਟੁਕੜਾ, ਚੰਨ ਦੀ ਟਿੱਕੀ, ਚਣਨਾਠੀ- "ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥" (ਗੂਜਰੀ ਮ. ੧) ਇਸ ਨਾਲ ਜੁੜੇ ਕਈ ਮੁਹਾਵਰੇ ਅਖਾਣ ਮਿਲਦੇ ਹਨ-ਚੰਨ ਚੜ੍ਹਨਾ, ਚੰਨ ਚੜ੍ਹ ਜਾਣਾ, ਚੰਨ 'ਤੇ ਥੁਕਣਾ, ਚੰਨ ਦਾ ਗੋਡਾ ਮਾਰਨਾ ਆਦਿ। ਚਾਂਦ ਰਾਜਾ, ਚਾਂਦਵਾਸੀ, ਚਾਂਦਾ ਅਥਵਾ ਚਾਂਦਾਗੜ੍ਹ, ਚਾਂਦਾ ਗਿਰਿ, ਚਾਂਦਰ, ਚਾਂਦਰਮਾਸ, ਚਾਂਦਰਾਇਣ, ਚਾਂਦਣਾ, ਚਾਂਦਣੀ, ਚਾਂਦਣੀ ਚੌਂਕ, ਚਾਂਦ ਰਾਣੀ, ਚਾਂਦਮਾਰੀ ਇਹਦੇ ਸਜਾਤੀ ਹਨ। ਇਸ ਨਾਲ ਬਹੁਤ ਸਾਰੀ ਲੋਕਧਾਰਾ ਵੀ ਜੁੜੀ ਹੋਈ ਹੈ। ਚੰਨ ਪੁਣਛ ਦੇ ਇਲਾਕੇ ਵਿੱਚ ਮਾਹੀਏ ਤੇ ਢੋਲੇ ਵਰਗਾ ਇੱਕ ਲੋਕ ਕਾਵਿ ਰੂਪ ਹੈ। ਇਸ ਵਿਚਲੀ ਵੇਦਨਾ ਪੱਥਰਾਂ ਨੂੰ ਪਿਘਲਾ ਦਿੰਦੀ ਹੈ। ਜਿਵੇਂ-ਚੰਨਾ ਮਾਹੜਿਆ ਬਣਾਂ ਵਿੱਚ ਬੋਲਦੀਆਂ ਕਾਗਣੀ, ਸੁਖਾਂ ਵਾਲੀ ਸੁੱਤੀ ਏ ਤੇ ਦੁਖਾਂ ਵਾਲੀ ਜਾਗਣੀ, ਗਏ ਪ੍ਰਦੇਸੀਆ, ਚੰਨਾ ਰੱਬ ਮੇਲੇ।"

ਇਸ ਕਾਵਿ ਰੂਪ ਬਾਰੇ ਇੱਕ ਦੰਦ ਕਥਾ ਵੀ ਪ੍ਰਚਲਤ ਹੈ: ਪੁਣਛ ਦੇ ਨੇੜੇ ਮੁਜ਼ਫਰਾਬਾਦ ਵੱਲ ਜਾਂਦਿਆਂ ਰਾਹ ਵਿੱਚ ਇੱਕ ਪਹਾੜ ਆਉਂਦਾ ਹੈ, ਜਿਸ ਨੂੰ ਗੰਗਾ ਚੋਟੀ ਕਹਿੰਦੇ ਹਨ। ਇਥੇ ਇੱਕ ਮੁਟਿਆਰ ਭੇਡਾਂ ਬੱਕਰੀਆਂ ਚਰਾਉਂਦੀ ਸੀ। ਉਹਦਾ ਇਸ਼ਕ ਇਸ ਇਲਾਕੇ ਦੇ ਇੱਕ ਆਜੜੀ ਗੱਭਰੂ ਨਾਲ ਹੋ ਗਿਆ। ਪਹਿਲੀ ਸੰਸਾਰ ਜੰਗ ਵਿੱਚ ਉਹ ਫੌਜ ਵਿੱਚ ਭਰਤੀ ਹੋ ਕੇ ਮੁਹਾਜ 'ਤੇ ਚਲਾ ਗਿਆ। ਇਸਦੀ ਖਬਰ ਜਦੋਂ ਆਜੜਨ ਨੂੰ ਹੋਈ ਤਾਂ ਉਹ ਵਿਯੋਗ ਵਿੱਚ ਪਾਗਲ ਹੋ ਗਈ। ਇਸ ਵਿਯੋਗ ਵਿੱਚੋਂ ਇਹ ਕਾਵਿ ਰੂਪ ਪੈਦਾ ਹੋਇਆ। ਚੰਨ ਨਾਲ ਬਹੁਤ ਸਾਰੀਆਂ ਮਨੌਤਾਂ, ਰੀਤਾਂ, ਭਰਮ, ਵਹਿਮ, ਮਿੱਥਕ ਕਥਾਵਾਂ ਵੀ ਜੁੜੀਆਂ ਹੋਈਆਂ ਹਨ, ਜਿਵੇਂ ਨਵਾਂ ਚੰਨ ਵੇਖਣਾ ਸ਼ੁਭ ਮੰਨਿਆ ਜਾਂਦਾ ਹੈ, ਨਵੀਂ ਵਿਆਹੀ ਔਰਤ ਨੂੰ ਨਵੇਂ ਚੰਨ ਦੇ ਮੂੰਹ ਲਾਇਆ ਜਾਂਦਾ ਹੈ, ਨਵੇਂ ਚੰਨ ਨੂੰ ਮੱਥਾ ਟੇਕਣ ਨਾਲ ਸਾਰਾ ਮਹੀਨਾ ਚੰਗਾ ਬੀਤਦਾ ਹੈ; ਮੁਲਤਾਨੀ ਹਿੰਦੂ ਨਵੇਂ ਚੰਨ ਵੱਲ ਧਾਗੇ ਸੁੱਟਦੇ ਹਨ, ਧਾਰਨਾ ਹੈ ਕਿ ਉਹ ਬਦਲੇ ਵਿੱਚ ਚਾਂਦੀ ਦੇਵੇਗਾ। ਭਾਦੋਂ ਦੀ ਚੌਥ ਦਾ ਚੰਨ ਮੱਥੇ ਲੱਗਣਾ ਅਸ਼ੁਭ ਮੰਨਿਆ ਜਾਂਦਾ ਹੈ, ਚੰਨ ਦੀ ਔਰਤਾਂ ਨੂੰ ਗਰਭਿਤ ਕਰਨ ਦੀ ਧਾਰਨਾ ਵੀ ਮਿਲਦੀ ਹੈ। ਚੰਨ ਵਿੱਚ ਜੋ ਕਾਲੇ ਧੱਬੇ ਹਨ ਉਨ੍ਹਾਂ ਬਾਰੇ ਕਿਆਸ ਕੀਤਾ ਜਾਂਦਾ ਹੈ ਕਿ ਮੁੱਢ ਕਦੀਮ ਤੋਂ ਬੁੱਢੀ ਮਾਈ ਓਥੇ ਬੈਠੀ ਚਰਖਾ ਕੱਤ ਰਹੀ ਹੈ।

ਬੋਧੀ ਕਥਾਵਾਂ ਅਨੁਸਾਰ ਮਹਾਤਮਾ ਬੁੱਧ ਨੇ ਆਪਣੇ ਕਿਸੇ ਪਿਛਲੇ ਜਨਮ ਵਿੱਚ ਆਪਣੇ ਆਪ ਨੂੰ ਖਰਗੋਸ਼ ਦੇ ਰੂਪ ਵਿੱਚ ਦੇਵਤਾ-ਮੁਖੀ ਸਾਕਾ ਨੂੰ ਭੇਟ ਕੀਤਾ ਸੀ। ਸਾਕਾ ਮੁਨੀ ਨੇ ਚੰਨ 'ਤੇ ਉਸ ਖਰਗੋਸ਼ ਦਾ ਚਿੱਤਰ ਉਲੀਕ ਦਿੱਤਾ। ਇਸੇ ਲਈ ਚੰਨ ਨੂੰ ਸਸਾਨਕਾ ਭਾਵ ਖਰਗੋਸ਼ ਦੇ ਨਿਸ਼ਾਨ ਵਾਲਾ ਵੀ ਕਿਹਾ ਜਾਂਦਾ ਹੈ। ਇੱਕ ਮਿੱਥ ਅਨੁਸਾਰ ਕਿਹਾ ਜਾਂਦਾ ਹੈ ਕਿ ਚੰਨ ਦੇ ਉਦੇ ਹੋਣ ਤੋਂ ਪਹਿਲਾਂ ਰਸ ਨਾਂ ਦੀ ਕੋਈ ਚੀਜ਼ ਦੁਨੀਆ ਵਿੱਚ ਨਹੀਂ ਸੀ, ਨਾ ਹੀ ਔਰਤਾਂ-ਮਰਦਾਂ ਵਿੱਚ ਆਪਸੀ ਖਿੱਚ ਸੀ, ਨਾ ਕੋਈ ਜ਼ਾਇਕਾ ਸੀ। ਪ੍ਰਭੂ ਨੇ ਰਸ ਪੈਦਾ ਕਰਨ ਲਈ ਹੀ ਚੰਨ ਦੀ ਉਤਪਤੀ ਕੀਤੀ। ਚੰਨ ਦੀ ਪੂਜਾ ਦਾ ਵੀ ਵਿਧਾਨ ਹੈ। ਰਿਗਵੇਦ ਵਿੱਚ ਚੰਦਰਮਾ ਦਾ ਸੋਮ ਨਾਲ ਏਕੀਕਰਣ ਕੀਤਾ ਗਿਆ ਹੈ। ਨੌਂ ਗ੍ਰਹਿਆਂ ਵਿਚੋਂ ਹੋਣ ਕਰਕੇ ਪ੍ਰਾਚੀਨ ਕਾਲ ਤੋਂ ਜੋਤਿਸ਼ ਵਿੱਚ ਇਹਦੀ ਸਰਦਾਰੀ ਰਹੀ ਹੈ। ਇਹ ਮੰਨਿਆ ਜਾਂਦਾ ਹੈ ਕਿ ਪਿੱਤਰ ਚੰਨ 'ਤੇ ਵਾਸ ਕਰਦੇ ਹਨ, ਇਸ ਲਈ ਪਿੱਤਰ ਪੂਜਾ ਵਿੱਚ ਇਹਨੂੰ ਸ਼ਾਮਿਲ ਕੀਤਾ ਜਾਂਦਾ ਹੈ। ਚੰਨ ਨੂੰ ਓਸਾਧਪਤੀ ਅਥਵਾ ਪੌਦਿਆਂ ਦਾ ਸਵਾਮੀ ਮੰਨਿਆ ਜਾਂਦਾ ਹੈ। ਇਸ ਲਈ ਇਹਨੂੰ ਉਤਪਾਦਨ ਨਾਲ ਜੋੜਿਆ ਜਾਂਦਾ ਹੈ। ਕਈ ਲੋਕ ਨਵਾਂ ਚੰਨ ਵੇਖ ਕੇ ਉਸ ਵੱਲ ਚਾਂਦੀ ਦਾ ਸਿੱਕਾ ਸੁੱਟਦੇ ਹੋਏ "ਸ਼ੇਰ ਖਤ" ਮਲਦੇ ਹਨ। ਚੌਥ, ਅਸ਼ਟਮੀ, ਇਕਾਦਸ਼ੀ, ਪੂਰਨਮਾਸ਼ੀ ਨੂੰ ਚੰਨ ਦੀ ਪੂਜਾ ਤੇ ਵਰਤਾਂ ਦਾ ਵਿਧੀ ਵਿਧਾਨ ਮਿਲਦਾ ਹੈ। ਸੱਸੀ ਤੇ ਇੰਦਰ ਗੌਤਮ ਰਿਖੀ ਦੀ ਮਿੱਥ ਵੀ ਚੰਦਰਮਾ ਨਾਲ ਜੁੜੀ ਹੋਈ ਹੈ।

ਚੰਦ/ਚੰਦਰਮਾ ਸ਼ਬਦ ਦਾ ਪਾਸਾਰਾ ਸੰਸਕ੍ਰਿਤ ਤੋਂ ਲੈ ਕੇ ਯੂਰਪੀ ਭਾਸ਼ਾਵਾਂ ਤੱਕ ਮਿਲਦਾ ਹੈ। ਸੰਸਕ੍ਰਿਤੀ ਵਿੱਚ /ਮਾ/ ਧਾਤੂ ਦਾ ਅਰਥ ਹੈ- ਕਿਰਨ, ਚਮਕ, ਚਮਕਣ ਵਾਲੀ ਚੀਜ਼, ਰਿਸ਼ਮ, ਉਜਾਲਾ, ਸੁੰਦਰਤਾ ਆਦਿ। ਇਹ ਸਾਰੇ ਗੁਣ ਚੰਨ ਵਿਚ ਮਿਲਦੇ ਹਨ। ਇਸ /ਮਾ/ ਤੋਂ ਚੰਦਰਮਾ ਬਣਿਆ ਹੈ। /ਚੰਦ/ ਧਾਤੂ ਤੋਂ ਬਣੇ ਚੰਦਰ ਵਿੱਚ ਚਮਕ ਅਥਵਾ ਚਮਕੀਲੇ ਦਾ ਭਾਵ ਹੈ। ਬਿਨਾ ਚੰਦ ਤੋਂ ਰਾਤ ਲਈ ਸੰਸਕ੍ਰਿਤ ਵਿੱਚ /ਅਮਾ/ ਸ਼ਬਦ ਹੈ। ਇਸ ਵਿੱਚ /ਅ+ਮਾ/ ਅਰਥਾਤ ਜਦੋਂ ਚੰਦਰਮਾ ਹਾਜ਼ਰ ਨਹੀਂ। ਇਸ ਤੋਂ ਬਣੇ ਹਨ-ਅਮਾਵਸ, ਅਮਾਵਸੀ, ਮੱਸਿਆ। ਮਾਪਣ ਦੇ ਅਰਥਾਂ ਵਿੱਚ ਵੀ ਸੰਸਕ੍ਰਿਤ ਦੀ ਧਾਤੂ /ਮਾ/ ਧਾਤੂ ਦਾ ਜਨਮ ਚੰਦਰਮਾ ਦੇ /ਮਾ/ ਤੋਂ ਹੋਇਆ ਹੈ। ਚੰਦਰਮਾ ਦੀਆਂ ਕਲਾਵਾਂ ਦੇ ਵਧਣ-ਘਟਣ ਨਾਲ ਕਾਲਗਿਣਤੀ ਦਾ ਅਰੰਭ ਹੋਇਆ। /ਮਾ/ ਦੇ ਪੂਰਨ ਹੋਣ 'ਤੇ ਪੂਰਨਮਾਸ਼ੀ ਬਣਿਆ। ਇਸੇ ਤਰ੍ਹਾਂ ਅੰਗਰੇਜ਼ੀ ਦਾ 'ਮੋਨੋ' ਸ਼ਬਦ ਦੇਖਿਆ ਜਾ ਸਕਦਾ ਹੈ। ਇਸ ਵਿੱਚ ਇਕਹਿਰੇ, ਇਕਲੌਤੇ ਦੇ ਭਾਵ ਹਨ। ਇਹਦੀ ਵਿਓਤਪਤੀ ਗਰੀਕ ਦੇ 'ਮੈਨੋਸ' ਤੋਂ ਹੋਈ ਹੈ, ਜਿਸ ਵਿੱਚ ਦੁਰਲੱਭ ਜਾਂ ਵਿਰਲੇ ਦੇ ਭਾਵ ਪਏ ਹਨ। ਅਕਾਸ਼ ਵਿੱਚ ਚੰਦਰਮਾ ਦੀ ਸਥਿਤੀ ਵੀ ਦੁਰਲੱਭ ਤੇ ਵਿਸ਼ੇਸ਼ ਹੈ। ਪੂਰਵ ਵੈਦਿਕ ਵਿੱਚ /ਮਾ/ ਭਾਵ ਚੰਦਰਮਾ ਤੋਂ ਬਣੇ /ਮਾਸ:/ ਵਾਂਗ ਹੀ ਯੂਰਪ ਵਿੱਚ ਮੂਨ ਤੋਂ ਮਹੀਨਾ ਬਣਿਆ ਹੈ।

ਅੰਗਰੇਜ਼ੀ ਵਿੱਚ ਮਹੀਨੇ ਲਈ ਮੰਥ ਸ਼ਬਦ ਮਿਲਦਾ ਹੈ। ਫਾਰਸੀ ਵਿੱਚ ਮਾਸ ਜਾਂ ਮਾਹ ਪ੍ਰਚਲਤ ਹੈ। ਚੰਦ ਨੂੰ ਵੀ ਮਾਹ ਕਿਹਾ ਜਾਂਦਾ ਹੈ। ਇਸ ਤੋਂ ਮਹਿਤਾਬ ਭਾਵ ਚਮਕਦਾਰ ਚਿਹਰੇ ਵਾਲਾ ਬਣਿਆ। ਮਹਿਤਾਬ ਇੱਕ ਕਿਸਮ ਦੀ ਫੁੱਲਝੜੀ ਵੀ ਹੈ। ਮਾਹਰੁਖ ਭਾਵ ਚੰਦ ਵਰਗਾ ਮੁਖੜਾ। ਫਾਰਸੀ ਵਿੱਚ ਮਾਹਨਾਮਾ ਮਾਸਿਕ ਪੱਤਰ ਨੂੰ ਕਹਿੰਦੇ ਹਨ। ਮਾਹਵਾਰੀ ਸ਼ਬਦ ਇਹਦਾ ਸਜਾਤੀ ਹੈ। ਮਹੀਨਾ ਸ਼ਬਦ ਇਸ ਮਾਸ ਦੀ ਦੇਣ ਹੈ। ਚੰਦਰਮਾ ਲਈ ਅੰਗਰੇਜ਼ੀ ਵਿੱਚ ਮੂਨ ਸ਼ਬਦ ਮਿਲਦਾ ਹੈ। ਓਲਡ ਅੰਗਰੇਜ਼ੀ ਵਿੱਚ ਮੋਨਾ, ਓਲਡ ਜਰਮੈਨਿਕ ਵਿੱਚ ਮੇਨਾਨ, ਜਰਮੈਨਿਕ ਵਿੱਚ ਮਾਨ, ਗਰੀਕ ਵਿੱਚ ਮੇਨੇ, ਸੰਸਕ੍ਰਿਤ /ਮਾ/ਮਾਸ:/, ਸਲੋਵਾਨੀ ਵਿੱਚ ਮੇਸੇਸਿ, ਲੈਟਿਨ ਵਿੱਚ ਮੈਨੇਸਿਸ, ਓਲਡ ਆਇਰਿਸ਼ ਵਿੱਚ ਮੀ ਆਦਿ। ਚੰਨ ਤੋਂ ਹੀ ਚਾਂਦਨੀ ਜਾਂ ਚਾਣਨੀ ਸ਼ਬਦ ਬਣੇ ਹਨ। ਚਾਂਦਨੀ ਦੀ ਚੰਦਨ ਨਾਲ ਸਕੀਰੀ ਹੈ। ਸੰਸਕ੍ਰਿਤ ਵਿੱਚ ਚੰਦਨ ਸ਼ਬਦ ਦੀ ਵਿਓਤਪਤੀ ਚੰਦਨ: ਤੋਂ ਹੋਈ ਹੈ, ਇਸ ਵਿੱਚ ਚਮਕ, ਪ੍ਰਸੰਨਤਾ, ਖੁਸ਼ੀ ਦੇ ਭਾਵ ਹਨ। ਚੰਦ ਤੋਂ ਪਹਿਲਾਂ ਅਸਲ ਵਿੱਚ ਚੰਦਰ ਸ਼ਬਦ ਬਣਿਆ ਜਿਸਦਾ ਅਰਥ ਹੈ ਅਕਾਸ਼। ਇਸ ਅਕਾਸ਼ ਵਿੱਚ ਚੰਦ ਕੀਮਤੀ ਗ੍ਰਹਿ ਹੈ। ਚੰਦਰ: ਦੇ ਕਈ ਅਰਥ ਮਿਲਦੇ ਹਨ ਜਿਵੇਂ ਪਾਣੀ, ਸੋਨਾ, ਕਪੂਰ, ਮੋਰਪੰਖ ਦੀ ਟਿੱਕੀ। ਇਸ ਚੰਦਰ ਤੋਂ ਹੀ ਕਈ ਸ਼ਬਦ ਬਣੇ ਹਨ-ਚੰਦਾ, ਚੰਦਰਿਕਾ, ਚਾਂਦਨੀ, ਚੰਦੂ, ਚੰਦਨਾਂਚਲ, ਚੰਦਨਗਿਰੀ, ਚੰਦਣ ਆਦਿ। ਚੰਦਰਵੰਸ਼ੀ ਹੋਣ ਕਰਕੇ ਰਾਮ ਨਾਲ ਚੰਦਰ ਲਾਇਆ ਜਾਂਦਾ ਹੈ। ਚਾਣਨ ਮੱਲ, ਚਾਣਨ ਰਾਮ ਹੋਰ ਨਾਂ ਵਾਚਕ ਹਨ। ਅੱਜ ਕੱਲ੍ਹ ਵਿਗਿਆਨੀ ਚੰਦਰਮਾ 'ਤੇ ਵਸੇਬੇ ਦੀਆਂ ਯੋਜਨਾਵਾਂ ਬਣਾ ਰਹੇ ਹਨ ਤੇ ਉਥੇ ਪਲਾਟ ਕੱਟੇ ਜਾ ਰਹੇ ਹਨ। ਭਾਰਤ ਦਾ ਚੰਦਰਯਾਨ ਅੱਜ ਕੱਲ੍ਹ ਚੰਦਰਮਾ 'ਤੇ ਹੈ। ਇਸ ਤੋਂ ਚੰਦਰਮਾ ਬਾਰੇ ਕਈ ਨਵੀਆਂ ਜਾਣਕਾਰੀਆਂ ਮਿਲਣ ਦੀ ਆਸ ਕੀਤੀ ਜਾ ਰਹੀ ਹੈ। ਚੰਦਰਮਾ ਨਾਲ ਜੁੜੇ ਇਸ ਵਿਸ਼ਾਲ ਪਸਾਰੇ ਤੋਂ ਇਹਦੀ ਮਹੱਤਤਾ ਉਜਾਗਰ ਹੁੰਦੀ ਹੈ।

**Prepare for Tomorrow Now With Comprehensive Retirement Planning**

■Annuities ■Life Insurance
■Long-Term Care
■Medicare Planning
■Disability Income

**Futurity First Insurance Group**



**Call Gurpreet Singh** *Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST
Retirement | Life | Health

# ਬੋਲੀਆਂ ਦਾ ਖ਼ੂਬ ਪਿੜ ਬੱਝਿਆ 'ਮਿਲਵਾਕੀ ਦੀਆਂ ਤੀਆਂ' ਵਿੱਚ

**ਮਿਲਵਾਕੀ, ਵਿਸਕਾਨਸਿਨ (ਪੰਜਾਬੀ ਪਰਵਾਜ਼ ਬਿਊਰੋ):** ਪੰਜਾਬੀ ਕਮਿਊਨਿਟੀ ਆਰਗੇਨਾਈਜੇਸ਼ਨ (ਪੀ.ਸੀ.ਓ.) ਮਿਲਵਾਕੀ ਨਾਲ ਜੁੜੀਆਂ ਬੀਬੀਆਂ ਦੇ ਗਰੁੱਪ ਨੇ ਲੰਘੇ ਦਿਨੀਂ ਮਸਕੀਗੋ ਲੇਕਸ ਕਾਉਂਟੀ ਕਲੱਬ ਵਿਖੇ 'ਤੀਆਂ ਦਾ ਮੇਲਾ' ਕਰਵਾਇਆ, ਜਿਸ ਨੂੰ ਬੀਬੀਆਂ ਨੇ ਭਰਪੂਰ ਹੁੰਗਾਰਾ ਦਿੱਤਾ। ਕਰੀਬ ਡੇਢ ਘੰਟਾ ਬੋਲੀਆਂ ਦਾ ਖੁੱਲ੍ਹਾ ਪਿੜ ਬੱਝਿਆ ਰਿਹਾ, ਜਿਸ ਦੌਰਾਨ ਵਿਆਹੀਆਂ, ਕੁਆਰੀਆਂ ਤੇ ਵਡੇਰੀ ਉਮਰ ਦੀਆਂ ਬੀਬੀਆਂ ਨੇ ਰੱਜ ਕੇ ਬੋਲੀਆਂ ਪਾਈਆਂ ਅਤੇ ਆਪਣਾ ਨੱਚਣ-ਗਾਉਣ ਦਾ ਚਾਅ ਲਾਹਿਆ। ਉਨ੍ਹਾਂ ਢੋਲਕੀ ਦੀ ਥਾਪ ਉਤੇ ਤੀਆਂ ਦੇ ਗੀਤ ਗਾਏ ਅਤੇ ਹਾਸੇ-ਠੱਠੇ ਤੇ ਵਿਅੰਗ ਭਰਪੂਰ ਬੋਲੀਆਂ ਵੀ ਪਾਈਆਂ।

ਤੀਆਂ ਦੇ ਮੇਲੇ ਲਈ ਪ੍ਰਸਿੱਧ ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਨੂੰ ਉਚੇਚਾ ਸੱਦਾ ਦਿੱਤਾ ਗਿਆ ਸੀ, ਜਿਸ ਨੇ ਆਪਣੇ ਸੱਭਿਆਚਾਰਕ ਗੀਤ ਗਾ ਕੇ ਅਤੇ ਬੋਲੀਆਂ ਪਾ ਕੇ ਖ਼ੂਬ ਰੰਗ ਬੰਨ੍ਹਿਆ। ਮੇਲੇ ਵਿੱਚ ਸ਼ਾਮਲ ਕਰੀਬ ਕਰੀਬ ਸਾਰੀਆਂ ਬੀਬੀਆਂ ਨੇ ਸਤਵਿੰਦਰ ਬਿੱਟੀ ਦੇ ਨਾਲ ਗਾਇਆ ਵੀ ਅਤੇ ਗਿੱਧਾ ਵੀ ਪਾਇਆ। ਕੋਈ ਪੱਖੀ ਦੀ ਝੱਲ ਮਾਰਦੀ ਨੱਚ ਰਹੀ ਸੀ ਤੇ ਕੋਈ ਫੁੱਲ-ਬੂਟਿਆਂ ਵਾਲਾ ਝੋਲਾ ਮੋਢੇ 'ਤੇ ਲਟਾ ਕੇ ਬੋਲੀਆਂ ਪਾਉਂਦੀ ਪੂਰਾ ਰੰਗ ਬੰਨ੍ਹ ਰਹੀ ਸੀ। ਨਣਦਾਂ-ਭਰਜਾਈਆਂ, ਸਖੀਆਂ-ਸਹੇਲੀਆਂ, ਮਾਂਵਾਂ-ਸੱਸਾਂ ਦੀਆਂ ਤਾਰੀਫਾਂ ਤੇ ਮਿੱਠੀਆਂ ਮਿੱਠੀਆਂ ਨੋਕਾਂ-ਝੋਕਾਂ ਨਾਲ ਭਰਪੂਰ ਬੋਲ ਵੀ ਗੂੰਜ ਰਹੇ ਸਨ। ਮਾਹੌਲ ਪੂਰਾ ਪਰਿਵਾਰਕ ਤੇ ਖੁਸ਼ੀਆਂ ਵਾਲਾ ਬਣਿਆ ਹੋਇਆ ਸੀ।

ਇਸ ਤੀਆਂ ਦੇ ਮੇਲੇ ਦੀ ਇੱਕ ਵਿਸ਼ੇਸ਼ਤਾ ਇਹ ਵੀ ਸੀ ਕਿ ਇਸ ਮੌਕੇ ਨੂੰਹਾਂ-ਧੀਆਂ ਨੂੰ ਸੰਧਾਰੇ ਦਿੱਤੇ ਗਏ ਅਤੇ ਮਿਲਵਾਕੀ ਵਿੱਚ ਵਿਆਹੀਆਂ ਗਈਆਂ ਨੂੰਹਾਂ ਨੂੰ ਪਿਆਰ/ਅਸੀਸ ਵਜੋਂ ਫੁੱਲਕਾਰੀਆਂ ਦਿੱਤੀਆਂ ਗਈਆਂ। ਸਾਰੀਆਂ ਫੁੱਲਕਾਰੀਆਂ ਬੀਬੀ ਵਿਸ਼ਵਜੀਤ ਕੌਰ ਤੂਰ ਨੇ ਮੁਹੱਈਆ ਕਰਵਾਈਆਂ ਸਨ।

ਭੰਗੜਾ ਰਾਈਮਜ਼ ਸ਼ਿਕਾਗੋ ਦੇ ਅਮਨਦੀਪ ਸਿੰਘ ਕੁਲਾਰ ਦੀਆਂ ਤਿਆਰ ਕੀਤੀਆਂ ਦੋ ਟੀਮਾਂ ਨੇ ਰਿਦਮ ਵਿੱਚ ਭੰਗੜਾ ਪਾ ਕੇ ਖ਼ੂਬ ਰੰਗ ਬੰਨ੍ਹਿਆ। ਇੱਕ ਟੀਮ ਵਿੱਚ 4 ਤੋਂ 8 ਸਾਲ ਅਤੇ ਦੂਜੀ ਟੀਮ ਵਿੱਚ 10 ਤੋਂ 14 ਸਾਲ ਦੇ ਬੱਚੇ ਸ਼ਾਮਲ ਸਨ। ਇਸ ਤੋਂ ਇਲਾਵਾ ਰਵਨੀਤ ਅਤੇ ਉਸ ਦੀਆਂ ਸਹੇਲੀਆਂ ਨੇ ਡਾਂਸ ਤੇ ਗਿੱਧਾ ਪੇਸ਼ ਕੀਤਾ। ਸਟੇਜ ਦੀ ਕਾਰਵਾਈ ਹਰਪ੍ਰੀਤ ਕੌਰ ਚਾਹਲ ਦੇ ਹੱਥ ਸੀ, ਜਿਸ ਨੇ ਮਿਥੀ ਰੂਪਰੇਖਾ ਅਨੁਸਾਰ ਪ੍ਰੋਗਰਾਮ ਨੂੰ ਅੱਗੇ ਤੋਰੀ ਰੱਖਿਆ।


ਖਾਸ ਗੱਲ ਇਹ ਵੀ ਸੀ ਕਿ ਪੀ.ਸੀ.ਓ. ਦੀਆਂ ਪ੍ਰਬੰਧਕ ਬੀਬੀਆਂ ਵੱਲੋਂ ਮਿਲਵਾਕੀ ਏਰੀਏ ਵਿੱਚ ਰਹਿੰਦੀਆਂ ਬਜ਼ੁਰਗ ਤੇ ਪੁਰਾਣੀਆਂ ਵਸਨੀਕ ਬੀਬੀਆਂ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ। ਜਿਨ੍ਹਾਂ ਟੀਮਾਂ ਜਾਂ ਬੱਚਿਆਂ, ਕੁੜੀਆਂ-ਬੀਬੀਆਂ ਨੇ ਗਿੱਧਾ, ਭੰਗੜਾ ਤੇ ਡਾਂਸ ਵਗੈਰਾ ਪੇਸ਼ ਕੀਤਾ ਸੀ, ਉਨ੍ਹਾਂ ਨੂੰ ਬਜ਼ੁਰਗ ਬੀਬੀਆਂ ਦੇ ਹੱਥੋਂ ਗਿਫਟ ਜਾਂ ਇਨਾਮ ਦਿਵਾਏ ਗਏ। ਮਾਣ-ਤਾਣ ਮਿਲਣ 'ਤੇ ਬੀਬੀਆਂ ਵੀ ਖੁਸ਼ ਸਨ ਅਤੇ ਪ੍ਰਬੰਧਕ ਬੀਬੀਆਂ ਨੂੰ ਅਸੀਸਾਂ ਦੇ ਰਹੀਆਂ ਸਨ।

ਪ੍ਰਬੰਧਕ ਬੀਬੀਆਂ ਨੇ ਤੀਆਂ ਦੇ ਮੇਲੇ ਵਾਲਾ ਹਾਲ ਪੂਰੀ ਤਰ੍ਹਾਂ ਸਜਾਇਆ ਹੋਇਆ ਸੀ, ਜਿਸ ਤੋਂ ਪੰਜਾਬ ਦੇ ਕਿਸੇ ਵਿਆਹ ਸਮਾਗਮ ਵਾਲੇ ਘਰ ਦਾ ਭੁਲੇਖਾ ਪੈ ਰਿਹਾ ਸੀ। ਸਟੇਜ ਦੇ ਪਿਛਲੇ ਪਾਸੇ ਫੁੱਲਕਾਰੀਆਂ ਤੇ ਚੁੰਨੀਆਂ ਨਾਲ ਸਜਾਵਟ ਕੀਤੀ ਹੋਈ ਸੀ। ਇਸ ਤੋਂ ਇਲਾਵਾ ਚਰਖਾ, ਚਾਟੀ ਤੇ ਮਧਾਣੀ, ਝਾਲਰਾਂ ਵਾਲੀਆਂ ਤੇ ਫੁੱਲਾਂ ਦੀ ਕਢਾਈ ਵਾਲੀਆਂ ਪੱਖੀਆਂ, ਮੰਜਾ, ਫੁੱਲ-ਬੂਟਿਆਂ ਵਾਲੀਆਂ ਛਤਰੀਆਂ ਆਦਿ ਨਾਲ ਵੀ ਪੂਰੀ ਸਜਾਵਟ ਕੀਤੀ ਹੋਈ ਸੀ। ਖਰੀਦੋ-ਫਰੋਖਤ ਲਈ ਪੰਜਾਬੀ ਪਹਿਰਾਵਿਆਂ, ਗਹਿਣੇ-ਗੱਟਿਆਂ ਦੇ ਸਟਾਲ ਵੀ ਲੱਗੇ ਹੋਏ ਸਨ, ਜਿਨ੍ਹਾਂ ਤੋਂ ਬੀਬੀਆਂ ਆਪਣੀ ਪਸੰਦ ਦਾ ਸਾਮਾਨ ਚਾਈਂ ਚਾਈਂ ਖਰੀਦ ਰਹੀਆਂ ਸਨ।

ਪੀ.ਸੀ.ਓ. ਦੀਆਂ ਇੱਕੀ ਬੀਬੀਆਂ ਮੈਂਬਰ ਹਨ, ਜਿਨ੍ਹਾਂ ਵਿੱਚ ਤੀਆਂ ਦੇ ਮੇਲੇ ਦੀਆਂ ਮੁੱਖ ਕੋਆਰਡੀਨੇਟਰਾਂ ਵਿੱਚ ਹਰਪ੍ਰੀਤ ਚਾਹਲ, ਪਿੰਕੂ ਸੰਧਾਵਾਲੀਆ, ਹਰਜਿੰਦਰ ਸੂਸ, ਹਰਪ੍ਰੀਤ ਜਯੋਤੀ, ਹਰਪ੍ਰੀਤ ਤੂਰ, ਰਮਨ ਹਾਂਸੀ, ਗੁਰਦੀਪ ਚਾਹਲ, ਬਲਜੀਤ ਕੌਰ ਗਿੱਲ ਤੇ ਨੀਨਾ ਔਲਖ ਆਦਿ ਸ਼ਾਮਲ ਸਨ।




















## ਬੋਦੀ ਵਾਲਾ ਤਾਰਾ

# ਚੱਕਰਵਰਤੀ ਲੇਖਕ 'ਕੁੱਸੇ' ਦਾ ਸ਼ਿਵਚਰਨ ਜੱਗੀ



**ਸ਼ਿਵਚਰਨ ਜੱਗੀ ਕੁੱਸਾ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਪਕੌੜੇ ਜਾਂ ਪਤੌੜ ਖਾਣ ਵਾਲਿਆਂ ਨੂੰ ਪਤਾ ਹੈ ਕਿ ਜੇ ਇਹ ਤੱਤੇ-ਤੱਤੇ ਹੋਣ ਤਾਂ ਖਾਣ ਦਾ ਸਵਾਦ ਵੱਖਰਾ ਹੀ ਹੁੰਦਾ ਹੈ। ਆਪਣੇ ਨਾਵਲਾਂ/ਲਿਖਤਾਂ ਵਿੱਚ 'ਸਵਾਦ ਵਾਲੀ ਸ਼ਬਦਾਵਲੀ' ਵਰਤਣ ਦੀ ਜੁਗਤ ਜੱਗੀ ਕੁੱਸੇ ਨੂੰ ਆਉਂਦੀ ਹੈ, ਜਿਸ ਕਾਰਨ ਉਹਦੇ ਨਾਵਲਾਂ ਦੀ ਕਸ਼ਿਸ਼ ਉਹਦੇ ਕਰਾਰੇ ਸੰਵਾਦਾਂ ਵਿੱਚ ਹੈ। ਹਥਲੇ ਸ਼ਬਦੀ-ਚਿੱਤਰ ਵਿੱਚ ਪ੍ਰਿੰ. ਸਰਵਣ ਸਿੰਘ ਨੇ ਉਸ ਬਾਰੇ ਲਿਖਿਆ ਹੈ, "ਉਸ ਦੇ ਨਾਵਲ ਤੱਤੇ ਪਕੌੜਿਆਂ ਵਾਂਗ ਵਿਕਦੇ ਨੇ...। ਉਹ ਆਪਣੀਆਂ ਲਿਖਤਾਂ ਵਿੱਚ ਪੇਂਡੂ ਤੇ ਕਿਰਸਾਣੀ ਜੀਵਨ ਨੂੰ ਸ਼ਿੱਦਤ ਨਾਲ ਚਿਤਰ ਸਕਿਆ ਹੈ... ਉਹਦੇ ਨਾਵਲ ਪੜ੍ਹਦੇ ਪਾਠਕ ਸਕਤੇ ਵਿੱਚ ਆ ਜਾਂਦੇ ਹਨ।...ਉਹਦੀ ਲਿਖਤ ਉਤੇ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਤੋਂ ਲੈ ਕੇ ਬੂਟਾ ਸਿੰਘ ਸ਼ਾਦ ਦੇ ਨਾਵਲਾਂ ਤੱਕ ਦਾ ਰੰਗ ਸਾਫ਼ ਦਿਸਦੈ।" ਪੇਸ਼ ਹੈ, 'ਵੈੱਲੀ' ਜਿਹੇ ਲੱਗਦੈ ਭਲੇਮਾਣਸ ਜੱਗੀ ਬਾਰੇ ਇਹ ਦਿਲਚਸਪ ਲੇਖ...**

**ਪ੍ਰਿੰ. ਸਰਵਣ ਸਿੰਘ**



## ਗੱਲ ਪਿੰਡ ਕੁੱਸੇ ਦੀ...

ਗੱਲ ਕਰਦੇ ਹਾਂ ਹੁਣ ਪਿੰਡ ਕੁੱਸੇ ਦੀ। ਕੁੱਸਾ ਗੁੰਮਨਾਮ ਪਿੰਡ ਸੀ, ਜਿਸ ਨੂੰ ਉਥੋਂ ਦੇ ਲੇਖਕਾਂ ਨੇ ਮਸ਼ਹੂਰ ਕੀਤਾ। ਓਮ ਪ੍ਰਕਾਸ਼ ਕੁੱਸਾ ਅਤੇ ਕਰਮਜੀਤ ਸਿੰਘ ਕੁੱਸਾ ਵੀ ਏਸੇ ਪਿੰਡ ਦੇ ਜੰਮਪਲ ਸਨ। ਇੱਕ ਪਾਵੇਲ ਕੁੱਸਾ ਹੈ, ਜੋ ਅਗਾਂਹਵਧੂ ਨੌਜੁਆਨ ਹੈ, ਜਿਸ ਦਾ ਅਖ਼ਬਾਰਾਂ ਵਿੱਚ ਜ਼ਿਕਰ ਹੁੰਦਾ ਰਹਿੰਦੈ। ਪਿੰਡ ਕੁੱਸਾ ਹੁਣ ਹੋਰ ਵੀ ਕਈਆਂ ਗੱਲਾਂ ਕਰਕੇ ਪ੍ਰਸਿੱਧ ਹੋ ਗਿਐ। ਭਾਅ ਜੀ ਗੁਰਸ਼ਰਨ ਸਿੰਘ ਨਾਟਕਕਾਰ ਤੇ ਰੰਗ-ਮੰਚ ਕਲਾਕਾਰ ਦਾ ਲੋਕ ਸਨਮਾਨ ਇਸੇ ਪਿੰਡ ਵਿੱਚ ਬਹੁਤ ਵੱਡੀ ਪੱਧਰ 'ਤੇ ਹੋਇਆ ਸੀ, ਜਿਸ ਵਿੱਚ ਹਜ਼ਾਰਾਂ ਲੋਕ ਸ਼ਾਮਲ ਹੋਏ ਸਨ। ਕੁੱਸੇ ਦੇ ਕੁਝ ਕਬੱਡੀ ਖਿਡਾਰੀਆਂ ਨੇ ਵੀ ਕੁੱਸਾ ਲੋਕਾਂ ਦੇ ਮੂੰਹ ਚੜ੍ਹਾਇਆ। ਰਹਿੰਦੀ ਕਸਰ ਹੁਣ ਜੱਗੀ ਕੁੱਸਾ ਕੱਢੀ ਜਾ ਰਿਹੈ। ਉਸ ਨੇ ਪਰਦੇਸ ਵਸਦਿਆਂ ਆਪਣੇ ਪਿੰਡ ਦਾ ਮੋਹ ਇੰਜ ਪੇਸ਼ ਕੀਤਾ ਹੈ:

ਵਤਨ ਜਾਂਦਿਆਂ ਰਾਹੀਆ! ਮੇਰੇ ਪਿੰਡ ਨੂੰ ਮੇਰਾ ਸਲਾਮ ਆਖੀਂ!!
ਤੇ ਆਖੀਂ ਮੇਰੇ ਪਿੰਡ ਦੀ ਪਵਿੱਤਰ ਮਾਂ-ਮਿੱਟੀ ਨੂੰ
ਤੇਰੀ ਨਿੱਘੀ ਗੋਦ ਪਲਿਆ ਤੇਰਾ ਪੁੱਤਰ
ਸਰਘੀ ਵੇਲੇ ਹਰ ਰੋਜ਼ ਤੈਨੂੰ ਸਜਦਾ ਕਰਦੈ!!!
ਰੱਬ ਕਰੇ ਤੇਰੇ ਵੱਲੋਂ ਸਦਾ ਠੰਢੀਆਂ ਹਵਾਵਾਂ ਹੀ ਆਉਣ!...

ਮੇਰੇ ਬਚਪਨ 'ਚ ਪਿੰਡ ਕੁੱਸੇ ਨੂੰ ਬਹੁਤੇ ਲੋਕ ਨਹੀਂ ਸਨ ਜਾਣਦੇ। ਉਦੋਂ ਜ਼ਿਲ੍ਹਾ ਫਿਰੋਜ਼ਪੁਰ ਦਾ ਇਹ ਛੇਕੜਲਾ ਪਿੰਡ ਸੀ। ਸਾਡਾ ਪਿੰਡ ਚਕਰ ਵੀ ਲੁਧਿਆਣੇ ਜ਼ਿਲ੍ਹੇ ਦਾ ਅਖੀਰਲਾ ਪਿੰਡ ਹੈ, ਜਿਸ ਦੀ ਜੂਹ ਕੁੱਸੇ ਨਾਲ ਲੱਗਦੀ ਹੈ। ਚਾਰ ਕੁ ਕਿਲੋਮੀਟਰ ਦਾ ਫਾਸਲਾ ਹੈ ਦੋਹਾਂ ਪਿੰਡਾਂ ਵਿਚਕਾਰ। ਅਸੀਂ ਡੰਗਰ ਚਾਰਦੇ ਕੁੱਸੇ ਦੀ ਜੂਹ ਵਿੱਚ ਜਾ ਵੜਦੇ ਸਾਂ। ਕੁੱਸਾ ਫਿਰੋਜ਼ਪੁਰ ਤੋਂ ਬਾਅਦ, ਜ਼ਿਲ੍ਹਾ ਫਰੀਦਕੋਟ ਦਾ ਪਿੰਡ ਬਣਿਆ ਤੇ ਹੁਣ ਜ਼ਿਲ੍ਹੇ ਮੋਗੇ ਦਾ ਪਿੰਡ ਹੈ। ਮੋਗਾ-ਬਰਨਾਲਾ ਸੜਕ ਉਤੇ ਪਿੰਡ ਬੌਡੇ ਅਤੇ ਲੁਹਾਰਾ ਆਉਂਦੇ ਹਨ। ਦੋਹਾਂ ਪਿੰਡਾਂ ਤੋਂ ਕੁੱਸਾ ਦੋ ਕਿਲੋਮੀਟਰ ਚੜ੍ਹਦੇ ਪਾਸੇ ਹੈ। ਉਹਦੇ ਉੱਤਰ ਵੱਲ ਪਿੰਡ ਮੀਨੀਆਂ ਹੈ, ਚੜ੍ਹਦੇ ਵੱਲ ਚਕਰ ਤੇ ਦੱਖਣ ਵੱਲ ਰਾਮਾ। ਤਖਤੂਪੁਰਾ ਪੰਜ ਕੁ ਕਿਲੋਮੀਟਰ ਪੱਛਮ ਵੱਲ ਹੈ।

ਮੇਰੇ ਬਚਪਨ ਦੀਆਂ ਯਾਦਾਂ ਵਿੱਚ ਤਖਤੂਪੁਰੇ ਦਾ ਮੇਲਾ ਬੜਾ ਡੂੰਘਾ ਸਮਾਇਆ ਹੋਇਐ। ਨਿੱਕੇ ਹੁੰਦੇ ਅਸੀਂ ਖੀਸਿਆਂ 'ਚ ਭਾਨ ਪਾ ਕੇ ਮਾਘੀ ਦਾ ਮੇਲਾ ਵੇਖਣ ਤਖਤੂਪੁਰੇ ਜਾਂਦੇ। ਮੇਲਾ ਵੇਖਣ ਦੇ ਚਾਅ ਵਿੱਚ ਸਾਡੇ ਹਾਸੇ ਛਣਕਦੇ, ਤੇ ਖੀਸਿਆਂ 'ਚ ਭਾਨ ਛਣਕਦੀ। ਘਰੋਂ ਤੁਰਦਿਆਂ ਰਾਹ 'ਚ ਚੀਮੇਆਣੇ ਦਾ ਖੂਹ ਆਉਂਦਾ, ਜਿੱਥੇ ਸਾਡੇ ਖੇਤ ਸਨ। ਉਹ ਖੂਹ ਕੁੱਸੇ ਨੂੰ ਜਾਣ ਵਾਲੇ ਰਾਹ ਦੇ ਨੇੜੇ ਸੀ, ਜਿਥੇ ਅਸੀਂ ਗੰਨੇ ਚੂਪਦੇ ਤੇ ਬੇਰੀਆਂ ਤੋਂ ਬੇਰ ਲਾਹੁੰਦੇ। ਫਿਰ ਡੰਡੀ ਪੈ ਕੇ ਕੁੱਸੇ ਤੇ ਲੁਹਾਰੇ ਦੇ ਦੱਖਣ ਵੱਲ ਦੀ ਪੰਜ ਕੋਹ ਦੂਰ ਤਖਤੂਪੁਰੇ ਪੁੱਜਦੇ। ਕੁੱਸੇ ਤੇ ਲੁਹਾਰੇ ਦੇ ਚੁੱਲ੍ਹਿਆਂ 'ਚੋਂ ਉਠਦਾ ਧੂੰਆਂ ਬਨੇਰਿਆਂ 'ਤੇ ਚੜ੍ਹਦਾ ਦਿਸਦਾ। ਹਰੀਆਂ ਕਚਾਰ ਕਣਕਾਂ ਵਿੱਚ ਅਗੇਤੀਆਂ ਸਰਵ੍ਹਾਂ ਦੇ ਪੀਲੇ ਫੁੱਲ ਖਿੜੇ ਦਿਸਦੇ। ਕਮਾਦਾਂ ਦੇ ਖੇਤ ਹੁਲਾਰੇ ਮਾਰਦੇ। ਹਿਰਨਾਂ ਦੀਆਂ ਡਾਰਾਂ ਦੌੜਦੀਆਂ ਦਿਸਦੀਆਂ ਤੇ ਸਹੇ ਟਪੂਸੀਆਂ ਮਾਰਦੇ, ਲੁਕਣ ਮੀਟੀ ਖੇਡਦੇ ਨਜ਼ਰੀਂ ਪੈਂਦੇ। ਉਦੋਂ ਨਹੀਂ ਸੀ ਪਤਾ ਕਿ ਇਸ ਆਲੇ-ਦੁਆਲੇ ਵਾਲੇ ਪਿੰਡ ਕੁੱਸੇ 'ਚ ਚੋਟੀ ਦੇ ਨਾਵਲਕਾਰ ਜੰਮਣਗੇ।

---

ਸ਼ਿਵਚਰਨ ਜੱਗੀ ਸਾਡੇ ਗੁਆਂਢੀ ਪਿੰਡ 'ਕੁੱਸੇ' ਦਾ ਜੰਮਪਲ ਹੈ। ਨਾਵਲਕਾਰ ਵਜੋਂ ਉਸ ਨੇ ਆਪਣਾ ਤੇ ਕੁੱਸੇ ਦਾ ਨਾਂ ਦੂਰ-ਦੂਰ ਤੱਕ 'ਧੁੰਮਾ' ਦਿੱਤਾ ਹੈ। ਉਹਦੇ ਪਾਠਕ ਅਨੇਕਾਂ ਮੁਲਕਾਂ ਵਿੱਚ ਖਿੱਲਰੇ ਹਨ, ਜਿਨ੍ਹਾਂ ਦੀ ਗਿਣਤੀ ਲੱਖਾਂ ਵਿੱਚ ਹੋਵੇਗੀ। ਉਹਦੇ ਨਾਵਲ ਅਨਾਰੀ ਬੰਬਾਂ ਵਾਂਗ ਫੱਟਦੇ ਹਨ, ਜੋ ਪਾਠਕਾਂ ਦੀਆਂ ਅੱਖਾਂ ਚੁੰਧਿਆ ਦਿੰਦੇ ਹਨ। ਉਹ ਮਲਵਈ ਵਾਰਤਾਲਾਪ ਦਾ ਦਿਲਚਸਪ ਲੇਖਕ ਹੈ। ਉਸ ਦੇ ਨਾਵਲ ਤੱਤੇ ਪਕੌੜਿਆਂ ਵਾਂਗ ਵਿਕਦੇ ਨੇ। ਬੇਸ਼ਕ ਹੁਣ 58 ਸਾਲਾਂ ਦਾ ਬੰਦਾ ਬਣ ਗਿਐ, ਪਰ ਮੇਰੇ ਵਰਗੇ 'ਵੱਡ-ਉਮਰਿਆਂ' ਲਈ ਅਜੇ 'ਨਿਆਣਾ' ਹੀ ਹੈ। ਮੈਥੋਂ ਪੱਚੀ ਸਾਲ ਛੋਟਾ ਜੁ ਹੋਇਆ? ਨਿਆਣਿਆਂ ਨਾਲ ਵੱਡੇ ਲਾਡ-ਬਾਡੀਆਂ ਕਰ ਲੈਂਦੇ ਹਨ, ਇਸ ਲਈ ਮੇਰੀਆਂ ਗੱਲਾਂ ਦਾ ਗੁੱਸਾ ਨਹੀਂ ਕਰੇਗਾ।

ਉਹਦੀ ਬੇਬੇ ਨੇ ਪਤਾ ਨਹੀਂ ਉਹਨੂੰ ਕੀ ਖਾ ਕੇ ਜੰਮਿਆ, ਉਹ ਜੰਮਣ ਤੋਂ ਹੀ ਧੂੜਾਂ ਪੱਟੀ ਆਉਂਦੈ! ਜਿੱਧਰ ਪੈਂਦੈ, 'ਧੰਨ-ਧੰਨ' ਕਰਵਾਈ ਜਾਂਦੈ। ਨਿੱਕੀ ਉਮਰੇ ਹੀ ਉਹ ਲਿਖਣ ਲੱਗ ਪਿਆ, ਤੇ ਲਿਖ-ਲਿਖ ਨਾਵਲਾਂ-ਕਹਾਣੀਆਂ ਦੇ 'ਬੋਹਲ' ਲਾ ਦਿੱਤੇ। ਅਜੇ ਕਿਹੜਾ ਬੱਸ ਐ? ਜੁਆਕ ਨੌਂਈਂ ਮਹੀਨੀਂ ਜੰਮਦੈ, ਤੇ ਉਹ ਵੀ ਸਾਲ ਦੋ ਸਾਲਾਂ ਦੀ ਵਿੱਥ ਪਾ ਕੇ, ਪਰ ਉਹ ਛੇਈਂ ਮਹੀਨੀਂ ਨਵਾਂ ਨਾਵਲ 'ਜਮਾ' ਦਿੰਦੈ! ਚੌਵੀ ਨਾਵਲ, ਪੰਜ ਕਹਾਣੀ-ਸੰਗ੍ਰਹਿ, ਤਿੰਨ ਹਾਸ ਵਿਅੰਗ, ਚਾਰ ਅੰਗਰੇਜ਼ੀ ਨਾਵਲ, ਇੱਕ ਕਾਵਿ-ਸੰਗ੍ਰਹਿ ਤੇ ਇੱਕ ਨਿਬੰਧ-ਸੰਗ੍ਰਹਿ ਤਾਂ ਛਪ ਵੀ ਚੁੱਕੇ ਨੇ। ਕੀ ਕਹੀਏ ਇਹੋ ਜਿਹੇ 'ਅਸਤਰ' ਨੂੰ?

ਉਹਦਾ ਕੱਦ ਸਮੱਧਰ ਹੈ, ਚਿਹਰਾ ਚੌਰਸ ਤੇ ਅੱਖਾਂ ਮੋਟੀਆਂ। ਮੂੰਹ ਬਾਘੜ ਬਿੱਲੇ ਵਰਗਾ ਹੈ। ਮੁੱਛਾਂ ਨਿੱਕੀਆਂ, ਬੁੱਲ੍ਹ ਮੀਚਵੇਂ ਤੇ ਦਾੜ੍ਹੀ ਕਤਰਵੀਂ ਰੱਖੀ ਹੈ। ਕੁਝ ਵੀ ਹੋਵੇ ਵੇਖਣ ਨੂੰ ਉਹ 'ਵੈੱਲੀ' ਵੱਧ ਲੱਗਦੈ ਤੇ ਭਲਾਮਾਣਸ ਘੱਟ। ਉਂਜ ਹੈ ਭਲਾਮਾਣਸ, ਜਿਸ ਕਰ ਕੇ ਅੱਜ ਤੱਕ ਕਿਸੇ ਨਾਲ ਕੋਈ ਪੰਗਾ ਲੈਂਦਾ ਨਹੀਂ ਸੁਣਿਆ। ਉਹਦੇ ਮੂੰਹੋਂ 'ਗੁਰੂ ਕਿਰਪਾ' ਤੇ 'ਤਵ ਪ੍ਰਸ਼ਾਦਿ' ਨਿਕਲਦਾ ਤਾਂ ਵਾਰ-ਵਾਰ ਹੈ, ਪਰ ਉਹ ਓਨਾ ਸੁਭਾਵਿਕ ਨਹੀਂ ਲੱਗਦਾ, ਜਿੰਨੀਆਂ ਉਸ ਦੀਆਂ 'ਗਾਲ੍ਹਾਂ' ਸੁਭਾਵਿਕ ਲੱਗਦੀਆਂ। ਗਾਲ੍ਹਾਂ ਦਾ ਪ੍ਰਸ਼ਾਦ ਤਾਂ ਉਹ ਆਪਣੀਆਂ ਲਿਖਤਾਂ ਵਿੱਚ ਵੀ ਵਰਤਾਉਣੋ ਨਹੀਂ ਸੰਗਦਾ। ਸ਼ਾਇਦ ਇਸੇ ਕਾਰਨ ਕਈ ਪਾਠਕ ਉਸ ਨੂੰ ਯਥਾਰਥਵਾਦੀ ਨਾਵਲਕਾਰ ਕਹਿੰਦੇ ਹਨ। ਉਹ ਆਖਦਾ ਹੈ, "ਜੇ ਉਹਦਾ ਪਾਤਰ ਹੋਵੇ ਈ ਗਾਲ੍ਹਾਂ ਕੱਢਣ ਵਾਲਾ, ਤਾਂ ਉਹ ਉਹਦੇ ਮੂੰਹੋਂ ਸ਼ਬਦ ਹਜ਼ਾਰੇ ਕਿਵੇਂ ਕਹਾ ਦੇਵੇ?"

ਜੱਗੀ ਖ਼ੁਦ ਪਿੰਡ ਦੀ ਸੱਥ ਦਾ ਸ਼ਿੰਗਾਰ ਰਿਹਾ ਹੈ, ਦਿਸਚਸਪ ਟੋਟਕੇ ਸੁਣਾਉਣ ਵਾਲਾ। ਉਹਦੀਆਂ ਗੱਲਾਂ ਖਿੜੇ ਅਮਲੀਆਂ ਵਰਗੀਆਂ ਹਨ। ਪੰਜਾਬ ਦੇ ਠਾਣਿਆਂ ਵਿੱਚ ਕਈ ਪੁਲਸੀਏ ਆਇਆਂ ਗਿਆਂ ਦਾ 'ਸਵਾਗਤ' ਮਾਂ-ਭੈਣ ਦੀਆਂ 'ਫਿਲੌਰੀ ਗਾਲ੍ਹਾਂ' ਨਾਲ ਕਰਦੇ ਹਨ, ਤੇ ਇਹੋ ਕੁਝ ਫਿਰ ਠਾਣਿਓਂ 'ਸਿੱਖਿਆ' ਲੈਣ ਵਾਲੇ ਕਰਨ ਲੱਗ ਜਾਂਦੇ ਹਨ। ਜੱਗੀ ਠਾਣੇ ਜਾ ਕੇ ਈ ਇਹ ਸਾਰਾ ਕੁਛ ਸਿੱਖਿਆ। ਸਕੂਲ 'ਚ ਪੜ੍ਹਦਿਆਂ ਉਹਨੇ ਕਿੱਥੋਂ ਸਿੱਖ ਲੈਣਾ ਸੀ? ਪੁਲਸੀਆਂ ਤੇ ਵੈਲੀਆਂ ਬਦਮਾਸ਼ਾਂ ਦੀਆਂ ਗਾਲ੍ਹਾਂ ਨਾਲ ਉਹਦੇ ਨਾਵਲਾਂ ਦੇ ਪਾਤਰ ਜਿਉਂਦੇ ਜਾਗਦੇ ਲੱਗਦੇ ਹਨ। ਉਹਦੇ ਨਾਵਲਾਂ ਦੀ ਕਸ਼ਿਸ਼ ਉਹਦੇ ਕਰਾਰੇ ਸੰਵਾਦਾਂ ਵਿੱਚ ਹੈ। ਗਾਲ੍ਹ-ਮੰਦੇ ਨਾਲ ਰੰਗੇ ਬੋਲਾਂ ਵਿੱਚ।

ਉਹ ਪੀਣ ਖਾਣ ਵਾਲਿਆਂ ਦੀ ਮਹਿਫ਼ਿਲ, ਤੇ ਠਾਣਿਆਂ ਦੀ ਕੁੱਟ ਦੇ ਦ੍ਰਿਸ਼ ਬੜੇ ਜਾਨਦਾਰ ਚਿਤਰਦਾ ਹੈ। ਦਾਰੂ ਦੇ ਨਸ਼ੇ, ਆਸ਼ਕਾਂ ਦੇ ਇਸ਼ਕ, ਕਾਮੁਕ ਛੇੜ-ਛਾੜ, ਛੜੇ ਛਾਂਟਾਂ ਦੀ ਜਿਣਸੀ ਭੁੱਖ, ਅਣਖੀ ਬੰਦਿਆਂ ਦੀ ਨਾਬਰੀ, ਬਦਲੇ 'ਚ ਕਤਲ, ਪੁਲਸੀਆਂ ਦੀਆਂ ਗਾਲ੍ਹਾਂ ਤੇ ਤਸ਼ੱਦਦ, ਮਾਰ ਧਾੜ ਤੇ ਬਲਾਤਕਾਰ ਦੇ ਦ੍ਰਿਸ਼ ਅਜਿਹੇ ਨੁਸਖੇ ਹਨ, ਜੋ ਉਹ ਆਪਣੇ ਨਾਵਲਾਂ ਵਿੱਚ ਆਮ ਵਰਤਦੈ। ਉਹਦਾ ਹਰ ਨਾਵਲ ਜਾਸੂਸੀ ਨਾਵਲ ਵਾਂਗ ਪੜ੍ਹਿਆ ਜਾਂਦੈ। ਵਿੱਚੋਂ ਕੁਛ ਨਿਕਲੇ ਭਾਵੇਂ ਨਾ ਨਿਕਲੇ, ਪਰ ਪੜ੍ਹ ਕੇ ਸੁਆਦ ਆ ਜਾਂਦੈ। ਇਹੋ ਕਾਰਨ ਹੈ ਕਿ ਉਹ ਬਹੁਤ ਵੱਡੀ ਗਿਣਤੀ ਵਿੱਚ ਪੜ੍ਹਿਆ ਜਾ ਰਿਹੈ। ਉਹਦੀ ਲਿਖਤ ਉਤੇ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਤੋਂ ਲੈ ਕੇ ਬੂਟਾ ਸਿੰਘ ਸ਼ਾਦ ਦੇ ਨਾਵਲਾਂ ਤੱਕ ਦਾ ਰੰਗ ਸਾਫ਼ ਦਿਸਦੈ।

ਪਹਿਲਾਂ ਉਹਦੀ ਲਿਖਤ ਦਾ ਰੰਗ ਹੀ ਵੇਖੀਏ। ਪੁਲਿਸ ਦਾ ਤਸ਼ੱਦਦ ਉਹ ਇਉਂ ਦਿਖਾਉਂਦੈ:

-ਧੱਤੂ ਅਤੇ ਸੱਤ ਹੋਰ ਸਿਪਾਹੀਆਂ ਨੇ ਪੀੜਾਂ ਗਰਾਸੇ ਸੁੱਖੀ ਹੋਰੀਂ 'ਬੁੱਚੜਖਾਨੇ' ਵਿੱਚ ਘੜੀਸ ਲਏ। ਊਠ ਜਿੱਡਾ ਧੱਤੂ ਨਿਰਾ ਦੈਂਤ ਨਜ਼ਰ ਆਉਂਦਾ ਸੀ। ਦੇਸੀ ਦਾਰੂ ਦੀ ਪੂਰੀ ਬੋਤਲ ਡਕਾਰ ਕੇ ਉਹ ਮੁਜ਼ਰਮ ਦੁਆਲੇ ਹੁੰਦਾ ਤਾਂ ਕਹਿੰਦੇ ਕਹਾਉਂਦੇ ਬਦਮਾਸ਼ ਉਹਦੇ ਅੱਗੇ ਬਹੁੜੀਆਂ ਘੱਤ ਜਾਂਦੇ। ਜਦ ਉਹ ਇੱਕ ਲੱਤ 'ਤੇ ਲੱਤ ਧਰ ਕੇ ਦੂਜੀ ਨੂੰ ਉਪਰ ਉਗਾਸ ਕੇ ਮੁਜ਼ਰਮ ਦੇ ਚੱਡੇ ਪਾੜਦਾ ਤਾਂ ਨਾਲ ਦੀ ਨਾਲ ਕਹਿੰਦਾ, "ਲੈ ਬਈ ਮਿੱਤਰਾ, ਜਦੋਂ ਜੁਗਨੀ ਕਲਕੱਤੇ ਪਹੁੰਚਣ ਲੱਗੀ ਤਾਂ ਆਪੇ ਈ ਬੋਲ ਪਈਂ, ਮੈਂ ਹੁਣ ਕੁਛ ਨਹੀਂ ਬੋਲਣਾ।" ਥੋੜ੍ਹ-ਦਿਲੇ ਤਾਂ ਝੱਟ ਹੀ ਮਿਆਂਕ ਉਠਦੇ।

-ਉਹ ਬੋਹੜ ਵਾਂਗ ਫੈਲਰਿਆ ਸੁੱਖੀ ਹੋਰਾਂ ਦੁਆਲੇ ਖੜ੍ਹਾ ਸੀ, "ਲਓ ਬਈ ਮਿੱਤਰੋ ਹੁਣ ਕਸ ਲਓ ਯੁਾਂਘੀਏ। ਮੈ ਥੋਨੂੰ ਆਖ਼ਰੀ ਵਾਰ ਦੋਸਤਾਂ ਵਾਂਗੂੰ ਬੋਲਣ ਦਾ ਮੌਕਾ ਦਿੰਨੈਂ। ਫੇਰ ਨਾ ਆਖਿਓ ਬਈ ਦੱਸਿਆ ਨਹੀਂ। ਜੇ ਕੁਛ ਦੱਸਣੈ ਤਾਂ ਹੁਣੇ ਦੱਸ ਦਿਓ, ਫੇਰ ਅੱਧੇ ਕੁ ਘੰਟੇ ਨੂੰ ਤਾਂ ਮੈਨੂੰ ਸੁਣਨਾ ਬੰਦ ਹੋ ਜਾਣੈ!" ਦਾਰੂ ਦੀ ਬੋਤਲ ਮੂੰਹ ਲਾ ਕੇ ਉਸ ਨੇ ਅੱਧੀ ਸੂਤ ਧਰੀ ਅਤੇ ਫਿਰ ਵੱਡਾ ਸਾਰਾ ਡਕਾਰ ਮਾਰਿਆ। ਲਾਹਣ ਦੀ ਬੂਅ ਦੂਰ-ਦੂਰ ਤੱਕ ਫੈਲ ਗਈ। ਲੂੰਬੜ ਦੀ ਪੂਛ ਜਿੱਡੀਆਂ ਮੁੱਛਾਂ ਤੋਂ ਦਾਰੂ ਦੇ ਛਿੱਟੇ ਸਪਰੇਅ ਵਾਂਗ ਦੂਰ-ਦੂਰ ਤੱਕ ਬੁੜ੍ਹਕੇ।

-"ਪਹਿਲਾਂ ਤੂੰ ਆ ਬਈ ਪ੍ਰੋਫੈਸਰਾ, ਤੂੰ ਦੇਖ ਹੁਣ ਸਾਡੀ ਪੜ੍ਹਾਈ ਦੇ ਰੰਗ। ਅਸੀਂ ਸਵੇਰ ਤੱਕ ਬੀ. ਏ. ਪਾਸ ਕਰਵਾ ਕੇ ਛੱਡਦੇ ਐਂ।" ਧੱਤੂ ਨੇ ਪ੍ਰੋਫੈਸਰ ਨੂੰ ਅਲਫ਼ ਨੰਗਾ ਕਰ ਲਿਆ। ਲੱਤਾਂ, ਬਾਹਾਂ ਅਤੇ ਅੱਖਾਂ ਬੰਨ੍ਹ ਕੇ ਉਸ ਨੂੰ ਇਕੱਲੀਆਂ ਬਾਹਾਂ ਆਸਰੇ ਛੱਤ ਨਾਲ ਟੰਗ ਦਿੱਤਾ। ਪ੍ਰੋਫੈਸਰ ਦੇ ਮੋਢਿਆਂ ਦੇ ਜੜਾਕੇ ਪੈਣ ਲੱਗ ਪਏ ਅਤੇ ਅੱਖਾਂ ਅੱਗੇ ਹਨੇਰ ਛਾ ਗਿਆ। ਸੁੱਖੀ ਦਾ ਇਸ ਤੋਂ ਵੀ ਬੁਰਾ ਹਾਲ ਸੀ। ਉਹ ਅੱਖਾਂ ਅਤੇ ਪੈਰ ਨਰੜ ਕੇ ਮੂਧਾ ਸੁੱਟਿਆ ਹੋਇਆ ਸੀ। ਦੋਵੇਂ ਹੱਥਾਂ 'ਤੇ ਖੁਰੀਆਂ ਵਾਲੇ ਬੂਟਾਂ ਸਮੇਤ ਪੁਲਸੀਏ ਚੜ੍ਹੇ ਹੋਏ ਸਨ। ਇੱਕ ਸਿਪਾਹੀ ਵਾਲ ਖਿੱਚੀ ਖੜ੍ਹਾ ਸੀ ਅਤੇ ਧੱਤੂ ਖੁੱਚਾਂ ਵਿਚਕਾਰ ਘੋਟਣਾ ਰੱਖ ਕੇ ਲੱਤਾਂ ਬੜੀ ਤਾਕਤ ਨਾਲ ਮੋੜੀ ਜਾ ਰਿਹਾ ਸੀ। ਸੁੱਖੀ ਦਾ ਸਰੀਰ ਜਿਵੇਂ ਘੁਲਾੜੀ ਵਿੱਚ ਦਿੱਤਾ ਹੋਇਆ ਸੀ। ਉਸ ਦਾ ਸਾਰਾ ਪਿੰਡਾ ਮੁੜ੍ਹਕੇ ਨਾਲ 'ਤਰ' ਸੀ। ਪੀੜ ਸਿੱਧੀ ਦਿਲ ਨੂੰ ਜਾਂਦੀ ਸੀ।

-ਲਾਲੀ ਦੀਆਂ ਲੱਤਾਂ ਦਾ 'ਐਂਗਲ' ਬਣਾ ਕੇ ਪੁੱਠਾ ਟੰਗਿਆ ਹੋਇਆ ਸੀ। ਗੁਪਤ ਅੰਗਾਂ 'ਤੇ ਬਿਜਲੀ ਦਾ ਕਰੰਟ ਲਾਇਆ ਜਾ ਰਿਹਾ ਸੀ। ਉਸ ਦੇ ਕੇਸ ਪਸੀਨੇ ਨਾਲ ਨੁੱਚੜ ਰਹੇ ਸਨ। ਲਗਾਤਾਰ ਡੰਡਾ ਉਸ ਦੇ ਗੋਡਿਆਂ 'ਤੇ ਵਰ੍ਹ ਰਿਹਾ ਸੀ। ਗੱਲ ਕੀ ਸਾਰੇ ਮੱਛੀਓਂ ਮਾਸ ਕੀਤੇ ਜਾ ਰਹੇ ਸਨ। ਧੱਤੂ ਨੇ ਬੋਤਲ ਜੜ੍ਹੀਂ ਲਾ ਕੇ ਤਿੰਨਾਂ ਨੂੰ ਹੀ ਬਿਜਲੀ ਦੇ 'ਸ਼ਾਟ' ਲਾਉਣੇ ਸ਼ੁਰੂ ਕਰ ਦਿੱਤੇ। ਸਾਰੇ ਨਿਢਾਲ ਸਨ। ਸ਼ਾਟ ਲੱਗਣ ਨਾਲ ਨਿਰਬਲ ਸਰੀਰ ਇੱਕ ਵਾਰ ਹੀ ਕੱਟੀਂਦੇ ਬੱਕਰੇ ਵਾਂਗ ਹਰਕਤ ਕਰਦੇ ਅਤੇ ਫਿਰ ਲੁੜਕ ਜਾਂਦੇ।

-ਬੇਹੋਸ਼ ਹੋਏ ਪ੍ਰੋਫੈਸਰ ਨੂੰ ਰੱਸੇ ਨਾਲੋਂ ਲਾਹ ਕੇ ਹੇਠਾਂ ਸੁੱਟ ਦਿੱਤਾ। ਛਾਤੀ ਦੀਆਂ ਨਸਾਂ ਖਿੱਚੀਆਂ ਜਾਣ ਕਾਰਨ ਉਸ ਦੇ ਮੂੰਹ 'ਚੋਂ ਖੂਨ ਤੁਰ ਪਿਆ ਸੀ। ਦਾੜ੍ਹੀ ਖੂਨ ਨਾਲ ਭਿੱਜ ਗਈ ਸੀ। ਜਦ ਪ੍ਰੋਫੈਸਰ ਨੂੰ ਹੋਸ਼ ਆਈ ਤਾਂ ਉਸ ਨੂੰ ਫਿਰ ਟੰਗ ਦਿੱਤਾ ਗਿਆ। ਹੁਣ ਮੂੰਹ ਦੇ ਨਾਲ ਨੱਕੋਂ ਵੀ ਲਹੂ ਵਗ ਪਿਆ ਸੀ।

-ਸਵੇਰ ਦੇ ਚਾਰ ਵਜੇ ਤੱਕ ਲਗਾਤਾਰ ਕਸਾਖਾਨਾ ਜਾਰੀ ਰਿਹਾ। ਪੰਜ ਵਜੇ ਧੱਤੂ ਤਿੰਨਾਂ ਤੋਂ ਕੋਰੇ ਕਾਗਜ਼ ਉਤੇ ਦਸਤਖ਼ਤ ਕਰਵਾਉਣ ਵਿੱਚ ਕਾਮਯਾਬ ਹੋ ਗਿਆ। ਪੋਰੀ-ਪੋਰੀ ਭੰਨੇ ਸੁੱਖੀ ਹੋਰੀਂ ਫਿਰ ਅੰਦਰ ਲਿਆ ਸੁੱਟੇ। ਉਨ੍ਹਾਂ ਦਾ ਇਤਨਾ ਬੁਰਾ ਹਾਲ ਸੀ ਕਿ ਮੂੰਹੋਂ ਦਰਦ ਭਰੀ 'ਹੂੰਗਰ' ਵੀ ਨਹੀਂ ਸੀ ਨਿਕਲਦੀ।

**ਤਸ਼ੱਦਦ ਦਾ ਇੱਕ ਹੋਰ ਦ੍ਰਿਸ਼:**

-ਬਲਤੇਜ ਦਾ ਇੱਕ ਪੱਟ, ਤਕਰੀਬਨ ਅੱਧਾ ਫੁੱਟ ਪਾੜ ਕੇ ਵਿੱਚ ਲਾਲ ਮਿਰਚਾਂ ਪਾ ਕੇ ਮੁੜ ਸਿਓਂ ਦਿੱਤਾ ਗਿਆ ਸੀ। ਗੁਰਜੀਤ ਦੇ ਦੋਨੋਂ ਹੱਥਾਂ ਅਤੇ ਪੈਰਾਂ ਦੇ ਨਹੁੰ ਜਮੂਰਾਂ ਨਾਲ ਖਿੱਚ ਦਿੱਤੇ ਗਏ ਸਨ। ਬਾਬੇ ਦਾ ਡਰਾਈਵਰ ਡਾਂਗਾਂ ਨਾਲ ਪਿੰਜਿਆ ਜਾ ਰਿਹਾ ਸੀ। ਲਹੂ-ਲੁਹਾਣ ਜ਼ਖ਼ਮਾਂ ਉਪਰ ਸਾਰੀ ਰਾਤ ਡੰਡਾ ਵਰ੍ਹਦਾ ਰਹਿੰਦਾ ਸੀ। ਪੀੜਾਂ ਦੇ ਪਰੋਏ ਉਹ ਫਿਰ ਵੀ ਟੱਸ ਤੋਂ ਮੱਸ ਨਹੀਂ ਹੋਏ ਸਨ। ਅੱਧ-ਮਰੇ ਮੁੰਡਿਆਂ ਨੂੰ ਆਪਣਾ ਅੰਤ ਨਜ਼ਦੀਕ ਆ ਰਿਹਾ ਪ੍ਰਤੀਤ ਹੁੰਦਾ ਸੀ। ਉਨ੍ਹਾਂ ਨੂੰ ਸਾਥੀਆਂ ਦੇ ਟਿਕਾਣਿਆਂ ਅਤੇ ਅਸਲੇ ਦੀ ਆਮਦ ਬਾਰੇ ਪੁੱਛਿਆ ਜਾ ਰਿਹਾ ਸੀ। ਪਰ ਕਿਸੇ ਨੇ ਕੋਈ ਗੱਲ ਪੱਲੇ ਨਹੀਂ ਪਾਈ ਸੀ।

-"ਤੁਸੀਂ ਬੋਲਦੇ ਨਹੀਂ ਓਏ? ਮੈਂ ਕੁੱਤਾ ਐਂ ਜਿਹੜਾ ਐਨੇ ਦਿਨਾਂ ਦਾ ਭੌਂਕੀ ਜਾਨੈਂ?" ਠਾਣੇਦਾਰ ਨੇ ਬਲਤੇਜ ਹੋਰਾਂ ਨੂੰ ਡਾਂਗ ਲੈ ਕੇ ਪਾਗ਼ਲਾਂ ਵਾਂਗ ਕੁੱਟਣਾ ਸ਼ੁਰੂ ਕਰ ਦਿੱਤਾ। ਮੁੰਡਿਆਂ ਦੇ ਪਾੜੇ ਸਰੀਰ ਲਾਟਾਂ ਵਾਂਗ ਮੱਚਣ ਲੱਗ ਪਏ। ਪੀੜ ਦੀ ਲਾਟ ਸਿੱਧੀ ਦਿਲ ਨੂੰ ਜਾਂਦੀ ਸੀ। ਪਰ ਉਨ੍ਹਾਂ ਨੇ ਚੁੱਪ ਨਾ ਤੋੜੀ। ਠਾਣੇਦਾਰ ਭੂਸਰੇ ਸਾਹਨ ਵਾਂਗ ਡਰਾਈਵਰ ਵੱਲ ਨੂੰ ਮੁੜਿਆ, "ਇਹਨੂੰ ਭੈਣ ਚੋ... ਨੂੰ ਦੋ-ਫਾੜ ਕਰ ਦਿਓ।" ਉਸ ਨੇ ਔਰੰਗਜ਼ੇਬੀ ਹੁਕਮ ਦਿੱਤਾ। ਹੁਕਮ ਤਾਮੀਲ ਕੀਤਾ ਗਿਆ। ਦੋਨੋਂ ਜੀਪਾਂ ਵੱਖ-ਵੱਖ ਦਿਸ਼ਾਵਾਂ ਵੱਲ ਬੜੀ ਤੇਜ਼ੀ ਨਾਲ ਦੌੜੀਆਂ ਅਤੇ ਸਖ਼ਤ ਫੱਟੜ ਡਰਾਈਵਰ ਵਿਚਾਲਿਓਂ 'ਪਾੜ' ਦਿੱਤਾ ਗਿਆ। ਜ਼ਿੰਦਾ! ਉਸ ਦੀ ਆਖ਼ਰੀ ਭਿਆਨਕ ਚੀਕ ਮੂੰਹ ਅੰਦਰ ਹੀ ਮਰ ਗਈ। ਦੋ-ਫਾੜ ਹੋਇਆ ਸਰੀਰ ਤੜਫੀ ਜਾ ਰਿਹਾ ਸੀ। ਲਹੂ ਦਾ ਛੱਪੜ ਲੱਗ ਗਿਆ। ਹਿਰਦੇਵੇਧਕ ਦ੍ਰਿਸ਼ ਵੇਖ ਕੇ ਬਲਤੇਜ ਹੋਰਾਂ ਦੀ ਰੂਹ ਕੰਬ ਉੱਠੀ। ਉਨ੍ਹਾਂ ਸਾਹਮਣੇ ਬਲੀ ਸ਼ਹੀਦ ਭਾਈ ਮਤੀ ਦਾਸ ਦੁਬਾਰਾ ਆਰੇ ਨਾਲ ਚੀਰਿਆ ਗਿਆ ਸੀ। ਪੁਰਾਤਨ ਇਤਿਹਾਸ ਫਿਰ ਦੁਹਰਾਇਆ ਗਿਆ ਸੀ। ਬਲਤੇਜ ਨੂੰ ਪਤਾ ਨਹੀਂ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਕੀ ਸੁੱਝਿਆ? ਉਸ ਨੇ ਉੱਠ ਕੇ ਠਾਣੇਦਾਰ ਦੇ ਨੱਕ 'ਤੇ ਮੁੱਕੀ ਮਾਰੀ। ਨੱਕ ਵਿੱਚੋਂ ਲਹੂ ਤੁਰ ਪਿਆ। ਠਾਣੇਦਾਰ ਨੇ ਪਿਸਟਲ ਦਾ ਸਾਰਾ ਮੈਗਜ਼ੀਨ ਬਲਤੇਜ 'ਤੇ ਖਾਲੀ ਕਰ ਦਿੱਤਾ। ਟਿਕੀ ਰਾਤ ਵਿੱਚ ਜਨੌਰਾਂ ਨੇ ਹਾਲ-ਦੁਹਾਈ ਮਚਾ ਦਿੱਤੀ। ਬਲਤੇਜ ਧਰਤੀ 'ਤੇ ਢੇਰੀ ਹੋ ਗਿਆ। ਇੱਕੋ ਸਾਹ ਚੱਲੀਆਂ ਗੋਲੀਆਂ ਨੇ ਕਹਿਰ ਵਰ੍ਹਾਅ ਦਿੱਤਾ ਸੀ। ਬਲਤੇਜ ਦੀ ਛਾਤੀ ਭਰਾੜ ਹੋ ਗਈ ਸੀ। ਹਿੱਕੋਂ ਲਹੂ ਖਾਲ ਵਾਂਗ ਵਗੀ ਜਾ ਰਿਹਾ ਸੀ।...

---

ਅਜਿਹੇ ਵਰਣਨ ਵਿੱਚ ਹਿੰਸਕ ਫਿਲਮਾਂ ਵਾਲੀ ਖਿੱਚ ਹੁੰਦੀ ਹੈ। ਫਿਲਮਾਂ ਵਿੱਚ ਮਾੜ ਧਾੜ ਵੀ ਇਸੇ ਲਈ ਕਰਾਈ ਜਾਂਦੀ ਹੈ ਕਿ ਦਰਸ਼ਕ ਸਕਤੇ ਵਿੱਚ ਆਏ ਰਹਿਣ। ਜੱਗੀ ਕੁੱਸੇ ਦੇ ਨਾਵਲ ਪੜ੍ਹਦਿਆਂ ਵੀ ਪਾਠਕ ਸਕਤੇ ਵਿੱਚ ਆ ਜਾਂਦੇ ਹਨ। ਉਹ ਜਾਣ ਬੁੱਝ ਕੇ ਆਸ਼ਕੀ ਵਾਰਤਾਲਾਪ ਤੇ ਤਸ਼ੱਦਦ ਦੇ ਦ੍ਰਿਸ਼ ਆਪਣੀ ਗਲਪ ਵਿੱਚ ਲਿਆਉਂਦਾ ਹੈ, ਤਾਂ ਕਿ ਉਹਦੀ ਲਿਖਤ ਪਾਠਕਾਂ ਨੂੰ ਧੂਹ ਪਾਈ ਰੱਖੇ। ਉਹ ਅਨੇਕਾਂ ਪਾਤਰਾਂ ਨੂੰ 'ਤੀਵੀਆਂ ਦੇ ਭੁੱਖੇ' ਦਰਸਾਉਂਦਾ ਹੈ, ਜੋ ਕਾਫੀ ਹੱਦ ਤੱਕ 'ਹਕੀਕਤ' ਹੈ। ਉਨ੍ਹਾਂ ਦੀ ਵਾਰਤਾਲਾਪ ਵੀ ਪਾਠਕਾਂ ਨੂੰ ਬੰਨ੍ਹੀ ਰੱਖਦੀ ਹੈ। ਨਮੂਨਾ ਵੇਖੋ:

-ਅਗਲੇ ਦਿਨ ਦੁਪਹਿਰ ਨੂੰ ਠਾਣੇਦਾਰ ਆਪਣੇ ਲਾਮ ਲਸ਼ਕਰ ਨਾਲ ਕਰਨਲ ਦੀ ਕੋਠੀ ਆ ਗਿਆ। ਕੁੱਕੜਾਂ ਦੀਆਂ ਧੌਣਾਂ ਮਰੋੜੀਆਂ ਗਈਆਂ, ਬੋਤਲਾਂ ਖੁੱਲ੍ਹ ਗਈਆਂ। ਕਮਲੇ ਹੋਏ ਸਿਪਾਹੀ ਲਾਹਣ ਧੂਹੰਦੇ ਰਹੇ। ਕਰਨਲ ਤੇ ਠਾਣੇਦਾਰ ਇੱਕ ਵੱਖਰੇ ਕਮਰੇ ਵਿੱਚ ਬੈਠੇ ਪੀ ਰਹੇ ਸਨ। ਦਾਰੂ ਪੀਂਦਿਆਂ ਅਤੇ ਕੁੱਕੜ ਚੱਬਦਿਆਂ ਉਨ੍ਹਾਂ ਨੂੰ ਸ਼ਾਮ ਦੇ ਚਾਰ ਵੱਜ ਗਏ।

-"ਯਾਰ ਕਰਨਲ ਕਹਿੰਦੈ ਪਰਲੀ ਕੋਠੀ 'ਚ ਬੁੜ੍ਹੀਐਂ। ਕਿਸੇ ਦੇ ਦਰਸ਼ਣ ਈ ਪਾ ਲਈਏ?" ਇੱਕ ਸ਼ਰਾਬੀ ਸਿਪਾਹੀ ਨੇ ਢਿਲਕੀ ਹੋਈ ਮੁੱਛ ਉਂਗਲ ਦੇ ਹੋੜੇ ਨਾਲ ਉਪਰ ਚੁੱਕ ਕੇ ਦੂਜੇ ਸਿਪਾਹੀ ਨੂੰ ਕਿਹਾ।...

-"ਚੱਲ ਯਾਰ ਕਰੀਏ ਬੇਗੋ ਨਾਰ ਦੇ ਦੀਦਾਰੇ, ਇਹਦੇ ਨਾਲ ਕਿਉਂ ਜਿਦੀ ਜਾਨੈਂ? ਉਹ ਤਾਂ ਸ਼ਰਾਬੀ ਐ, ਤੂੰ ਤਾਂ ਚੰਗਾ ਭਲਾ ਐਂ।" ਪਹਿਲੇ ਸਿਪਾਹੀ ਨੇ ਬੋਤਲ ਵਿੱਚੋਂ ਮੱਕੀ ਦਾ ਗੁੱਲ ਖਿੱਚਦਿਆਂ ਕਿਹਾ।

ਤਿੰਨੇ ਸ਼ਰਾਬੀ ਹੋਏ ਬਲਦ ਮੂਤਣੀਆਂ ਪਾਉਂਦੇ ਅੱਗੜ-ਪਿੱਛੜ ਹੋ ਤੁਰੇ। ਚੌਥਾ ਬੈਠਾ ਰਿਹਾ।

ਇੱਕ ਸਿਪਾਹੀ ਨੇ ਵਿਚਕਾਰਲਾ ਦਰਵਾਜ਼ਾ ਖੜਕਾਇਆ। ਦਰਵਾਜ਼ੇ ਕੋਲ ਖੜ੍ਹਾ ਉਹ ਬਲਦ ਵਾਂਗ ਝੂਲ ਰਿਹਾ ਸੀ।

ਦਰਵਾਜ਼ਾ ਲਾਲੀ ਨੇ ਖੋਲ੍ਹਿਆ। ਪੁਲੀਸ ਆਈ ਦੀ ਉਸ ਨੂੰ ਅਗਾਊਂ ਹੀ ਖ਼ਬਰ ਸੀ। ਦਿਲਬਾਗ਼, ਪ੍ਰੋਫ਼ੈਸਰ, ਪ੍ਰਗਟ ਤੇ ਸੁੱਖੀ ਅੰਦਰ ਸੁੱਤੇ ਪਏ ਸਨ।

"ਕੀ ਗੱਲ ਐ ਬਾਈ ਜੀ?" ਲਾਲੀ ਅੱਧ ਖੁੱਲ੍ਹੇ ਦਰਵਾਜ਼ੇ ਵਿੱਚ ਅੜਿਆ ਜਿਹਾ ਖੜ੍ਹਾ ਸੀ।

"ਮੂਤਣੈਂ...।" ਸਿਪਾਹੀ ਨੇ ਦਰਵਾਜ਼ਾ ਧੱਕ ਕੇ ਵਿਹੜੇ ਵਿੱਚ 'ਘੁਸਣ' ਦੀ ਕੋਸ਼ਿਸ਼ ਕੀਤੀ।

"ਬਾਥ ਰੂਮ ਬਾਈ ਜੀ ਔਧਰ ਐ।" ਲਾਲੀ ਨੇ ਦਰਵਾਜ਼ਾ ਰੋਕਿਆ ਹੋਇਆ ਸੀ।

"ਪਰ੍ਹੇ ਹਟ ਸਾਲਾ ਕੁੱਤੇ ਦਾ, ਅਸੀਂ ਕਰਨਲ ਦੇ ਮਹਿਮਾਨ ਐਂ। ਤੂੰ ਸਾਨੂੰ ਰੋਕਦੈਂ?"

"ਪਰ ਬਾਈ ਜੀ ਇੱਧਰ ਤਾਂ ਬੁੜ੍ਹੀਆਂ ਰਹਿੰਦੀਐਂ, ਤੁਸੀਂ ਔਧਰ ਈ ਪਿਸ਼ਾਬ ਕਰ ਲਵੋ।"

ਲਾਲੀ ਨੂੰ ਖੁੜਕ ਗਈ ਸੀ ਕਿ ਇਹ ਸ਼ਰਾਬੀ ਹੋਏ ਮਾਰੇ ਜਾਣਗੇ ਅਤੇ ਠੋਸ 'ਟਿਕਾਣਾ' ਹੱਥੋਂ ਜਾਂਦਾ ਲੱਗੇਗਾ। ਇਸ ਲਈ ਉਹ ਬੜੀ ਸੂਝ ਤੇ ਨਰਮਾਈ ਨਾਲ ਗੱਲ ਮੁੱਠੀ ਵਿੱਚ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਮਾਰ ਖਾਂ ਮੇਰੇ ਸਾਲ਼ੇ ਦੇ ਦੋ ਗੱਤਲੇ 'ਚ।" ਦੂਸਰਾ ਸਿਪਾਹੀ ਦਰਵਾਜ਼ੇ ਨੂੰ ਧੱਕਾ ਦੇ ਕੇ ਵਿਹੜੇ ਵਿੱਚ ਆ ਗਿਆ। ਉਹਦੀਆਂ ਰੱਤੀਆਂ ਅੱਖਾਂ 'ਬੇਗੋਨਾਰ' ਦੀ ਭਾਲ ਵਿੱਚ 'ਘੁਕੀ' ਜਾ ਰਹੀਆਂ ਸਨ।

"ਤੂੰ ਤਾਂ ਹਰਾਮਦਿਆ ਕਹਿੰਦਾ ਸੀ ਅੰਦਰ ਬੁੜ੍ਹੀਐਂ, ਇੱਥੇ ਤਾਂ ਕੋਈ ਵੀ ਨਹੀਂ।" ਇੱਕ ਨੇ ਲਾਲੀ ਦੇ ਚਪੇੜ ਮਾਰੀ, ਤਾਂ ਲਾਲੀ ਦਾ ਰੋਹ ਭੜਕ ਪਿਆ। ਉਸ ਨੇ ਹਨੇਰੀ ਵਾਂਗ ਦਰਵਾਜ਼ੇ ਦੀ ਅਰਲ ਬੰਦ ਕਰ ਦਿੱਤੀ ਅਤੇ ਸੁੱਖੀ ਹੋਰਾਂ ਨੂੰ ਜਗਾਇਆ। ਸਾਰਿਆਂ ਨੇ ਅਸਾਲਟਾਂ ਧੂਹ ਲਈਆਂ।

"ਕੀ ਗੱਲ ਐ ਓਏ ਭੈਣ ਦਿਆ ਖਸਮਾਂ ਆਬਦੀ ਦਿਆ?" ਪੈਂਦੀ ਸੱਟੇ ਸੁੱਖੀ ਨੇ ਸਿਪਾਹੀ ਦੇ ਥੱਪੜ ਜੜ ਦਿੱਤੇ।

ਸਿਪਾਹੀ ਭੂਸਰ ਗਿਆ, "ਲਿਆ ਓਏ ਦਲੀਪ ਅਸਲਾ ਚੁੱਕ ਕੇ, ਇਹਦੀ ਮਾਂ ਦੀ...।" ਅਜੇ ਗਾਲ੍ਹ ਸਿਪਾਹੀ ਦੇ ਮੂੰਹ ਵਿੱਚ ਹੀ ਸੀ ਕਿ ਸੁੱਖੀ ਨੇ ਬੰਦੇ ਖਾਣੀ ਦਾ ਮੂੰਹ ਖੋਲ੍ਹ ਦਿੱਤਾ। ਬਰੱਸਟ ਤਿੰਨਾਂ ਵਿੱਚ ਦੀ ਲੰਘ ਗਿਆ। ਤਿੰਨੇ ਸਿਪਾਹੀ ਭਰਾੜ ਹੋ ਗਏ। ਵਿਹੜੇ ਦੇ ਫਰਸ਼ 'ਤੇ ਖ਼ੂਨ ਦਾ ਛੱਪੜ ਲੱਗ ਗਿਆ।...

ਸੰਵਾਦਾਂ ਦਾ ਐਸਾ ਅੰਦਾਜ਼ ਹੈ ਸ਼ਿਵਚਰਨ ਜੱਗੀ ਦੇ ਨਾਵਲਾਂ ਦਾ।

---

ਸ਼ਿਵਚਰਨ ਜੱਗੀ ਦਾ ਜਨਮ ਮਾਤਾ ਗੁਰਨਾਮ ਕੌਰ ਦੀ ਕੁੱਖੋਂ ਪੰਡਤ ਬ੍ਰਹਮਾ ਨੰਦ ਦੇ ਘਰ ਪਹਿਲੀ ਅਕਤੂਬਰ 1965 ਨੂੰ ਹੋਇਆ। ਉਨ੍ਹਾਂ ਦਿਨਾਂ ਵਿੱਚ 5 ਸਤੰਬਰ ਤੋਂ 18 ਸਤੰਬਰ ਤੱਕ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਹੋ ਕੇ ਹਟੀ ਸੀ। ਹਵਾਈ ਜਹਾਜ਼ਾਂ ਦੀਆਂ ਆਵਾਜ਼ਾਂ ਉਸ ਨੇ ਮਾਂ ਦੇ ਪੇਟ ਵਿੱਚ ਸੁਣੀਆਂ ਹੋਣਗੀਆਂ। ਜੱਗੀ ਨੇ ਪ੍ਰਾਇਮਰੀ ਦੀ ਪੜ੍ਹਾਈ ਕੁੱਸੇ ਦੇ ਸਕੂਲ 'ਚੋਂ ਕੀਤੀ ਤੇ ਦਸਵੀਂ ਤੱਕ ਤਖਤੂਪੁਰੇ ਦੇ ਖ਼ਾਲਸਾ ਹਾਈ ਸਕੂਲ ਵਿੱਚ ਪੜ੍ਹਿਆ। ਪੜ੍ਹਾਈ ਵਿੱਚ ਨਾ ਉਹ ਬਹੁਤਾ ਹੁਸ਼ਿਆਰ ਸੀ ਤੇ ਨਾ ਕਮਜ਼ੋਰ। ਬਚਪਨ ਵਿੱਚ ਪੜ੍ਹਾਈ ਦੇ ਨਾਲ ਮਾਲ ਡੰਗਰ ਚਾਰਨ ਤੇ ਖੇਤੀਬਾੜੀ ਦੇ ਕੰਮ ਵਿੱਚ ਹੱਥ ਵਟਾਉਣ ਦਾ ਤਜਰਬਾ ਹੁੰਦਾ ਗਿਆ। ਇਹੋ ਕਾਰਨ ਹੈ ਕਿ ਉਹ ਆਪਣੀਆਂ ਲਿਖਤਾਂ ਵਿੱਚ ਪੇਂਡੂ ਤੇ ਕਿਰਸਾਣੀ ਜੀਵਨ ਨੂੰ ਸ਼ਿੱਦਤ ਨਾਲ ਚਿਤਰ ਸਕਿਆ ਹੈ।

ਦਸਵੀਂ ਕਰ ਕੇ ਉਹ ਡੀ. ਐੱਮ. ਕਾਲਜ ਮੋਗੇ ਵਿੱਚ ਪੜ੍ਹਨ ਲੱਗਾ ਸੀ ਕਿ ਪਿੰਡਾਂ ਵਿੱਚ ਪੁਲਿਸ ਦੇ ਛਾਪੇ ਪੈਣ ਲੱਗੇ। ਗਰਮ ਖ਼ਿਆਲੀ ਹੋਣ ਅਤੇ ਪੀ.ਐੱਸ.ਯੂ. ਦੇ ਸਟੇਜੀ ਡਰਾਮਿਆਂ ਵਿੱਚ 'ਨਕਸਲਵਾੜੀਏ' ਦਾ ਰੋਲ ਕਰਨ ਕਾਰਨ ਜੱਗੀ ਕੁੱਸਾ ਦੀ ਵੀ 'ਪੁੱਛ-ਗਿੱਛ' ਹੋਣ ਲੱਗੀ। ਮਾਪਿਆਂ ਦਾ 'ਕੱਲਾ ਪੁੱਤ ਹੋਣ ਕਾਰਨ ਘਰਦਿਆਂ ਨੂੰ ਵੱਧ ਫ਼ਿਕਰ ਹੋਇਆ ਕਿ ਹੋਰਨਾਂ ਕਾਲਜੀਏਟਾਂ ਵਾਂਗ ਉਹਨੂੰ ਵੀ ਪੁਲੀਸ ਨਾ 'ਵਲ੍ਹੇਟ' ਲਵੇ। ਦੋ ਵਾਰ ਉਹ ਠਾਣੇ ਦੇ 'ਦਰਸ਼ਨ' ਕਰ ਵੀ ਆਇਆ ਤੇ ਪੁਲਸੀਆਂ ਦੀ ਬੋਲਬਾਣੀ ਵੀ ਸਿੱਖ ਗਿਆ। ਮਾਪਿਆਂ ਨੇ ਜੱਗੀ ਨੂੰ ਵਿਦੇਸ਼ ਭੇਜਣ ਵਿੱਚ ਹੀ ਬਚਾਅ ਸਮਝਿਆ। ਕਾਲਜ ਦੀ ਪੜ੍ਹਾਈ ਵਿੱਚੇ ਛੁਡਵਾ ਕੇ ਉਸ ਨੂੰ 2 ਅਕਤੂਬਰ 1983 ਨੂੰ ਗੋਰਿਆਂ ਦੇ ਅੱਤ ਖ਼ੂਬਸੂਰਤ ਮੁਲਕ ਆਸਟਰੀਆ ਪੁਚਾ ਦਿੱਤਾ।

ਤਦ ਤੱਕ ਉਹਦੀ ਉਮਰ ਭਾਵੇਂ 18 ਸਾਲ ਦੀ ਹੀ ਸੀ, ਪਰ ਉਹ ਕਵਿਤਾ ਕਹਾਣੀ ਨੂੰ ਮੂੰਹ ਮਾਰਨ ਲੱਗ ਪਿਆ ਸੀ। ਚੜ੍ਹਦੀ ਜੁਆਨੀ ਵਿੱਚ ਪਿੰਡ, ਪੰਜਾਬ ਅਤੇ ਕਿਸੇ 'ਸ਼ੋਖ਼ ਚਿਹਰੇ' ਦੇ ਵਿਛੋੜੇ ਨੇ ਉਹਦੇ ਮਨ ਵਿੱਚ ਵਤਨ ਦੀ ਤੜਪ ਵਧਾ ਦਿੱਤੀ। ਉਹ ਪੰਜਾਬ ਤੋਂ ਪੰਜਾਬੀ ਦੀਆਂ ਕਿਤਾਬਾਂ, ਖ਼ਾਸ ਕਰ ਕੇ ਨਾਵਲ ਮੰਗਵਾ ਕੇ ਪੜ੍ਹਨ ਲੱਗਾ। ਕੁੱਸੇ ਰਹਿੰਦਿਆਂ ਉਹ ਕਰਮਜੀਤ ਕੁੱਸਾ, ਗੁਰਦਿਆਲ ਸਿੰਘ, ਜਸਵੰਤ ਸਿੰਘ ਕੰਵਲ ਤੇ ਬੂਟਾ ਸਿੰਘ ਸ਼ਾਦ ਦੇ ਨਾਵਲ ਪੜ੍ਹ ਚੁੱਕਾ ਸੀ। ਸ਼ਾਦ ਦੇ ਨਾਵਲ 'ਕੁੱਤਿਆਂ ਵਾਲੇ ਸਰਦਾਰ' ਤੋਂ ਉਹ ਵਧੇਰੇ ਪ੍ਰਭਾਵਿਤ ਹੋਇਆ। ਆਸਟਰੀਆ ਦੇ ਸ਼ਹਿਰ ਸਾਲਜ਼ਬਰਗ ਵਿੱਚ ਰਹਿੰਦਿਆਂ ਉਸ ਨੇ ਕੰਪਿਊਟਰ ਦੀ ਪੜ੍ਹਾਈ ਕੀਤੀ ਤੇ ਕੰਪਿਊਟਰ ਮਾਹਿਰ ਬਣਨ ਦੇ ਨਾਲ ਜਰਮਨ ਭਾਸ਼ਾ ਵੀ ਸਿੱਖ ਗਿਆ। ਅੰਗਰੇਜ਼ੀ ਤਾਂ ਉਸ ਨੇ ਪੰਜਾਬ ਵਿੱਚ ਹੀ ਸਿੱਖ ਲਈ ਸੀ। ਆਸਟਰੀਆ ਵਿੱਚ ਜਰਮਨ ਭਾਸ਼ਾ ਵੀ ਸਿੱਖ ਲਈ। ਆਪਣੀ ਲਿਆਕਤ ਨਾਲ ਉਹ ਆਸਟਰੀਅਨ ਅਤੇ ਜਰਮਨ ਬਾਰਡਰ ਪੁਲਿਸ ਵਿੱਚ ਇੱਕ ਅਹਿਮ ਅਹੁਦੇ 'ਤੇ ਜਾ ਲੱਗਿਆ। ਇਸ ਸਭ ਕਾਸੇ ਨੇ ਉਸ ਨੂੰ ਗਲੋਬਲੀ ਜਾਣਕਾਰੀ ਨਾਲ ਲੈੱਸ ਕਰ ਦਿੱਤਾ। ਉਸ ਨੇ ਪਹਿਲਾ ਨਾਵਲ 'ਜੱਟ ਵੱਢਿਆ ਬੋਹੜ ਦੀ ਛਾਂਵੇਂ' ਲਿਖਿਆ, ਜੋ ਪਾਠਕਾਂ ਦੇ ਪਸੰਦ ਆ ਗਿਆ, ਤੇ ਫਿਰ ਚੱਲ ਸੋ ਚੱਲ ਹੋ ਗਈ...।

ਉਸ ਨੇ ਆਪਣੇ ਨਾਵਲਾਂ ਦੇ ਨਾਂ ਆਮ ਬੋਲ ਚਾਲ ਵਿੱਚ ਮਕਬੂਲ ਲੋਕੋਕਤੀਆਂ, ਲੋਕ ਗੀਤਾਂ, ਕਾਵਿ ਪੰਗਤੀਆਂ ਤੇ ਗੁਰਬਾਣੀ ਦੀਆਂ ਟੂਕਾਂ 'ਤੇ ਰੱਖੇ, ਜੋ ਲੋਕਾਂ ਦੇ ਮੂੰਹ ਚੜ੍ਹਦੇ ਗਏ ਅਤੇ ਜੱਗੀ ਕੁੱਸਾ ਸਟਾਰ ਨਾਵਲਕਾਰ ਵਜੋਂ ਉੱਭਰ ਕੇ ਸਾਹਮਣੇ ਆਇਆ। ਮਿਸਾਲ ਵਜੋਂ ਏਤੀ ਮਾਰ ਪਈ ਕੁਰਲਾਣੇ, ਤਵੀ ਤੋਂ ਤਲਵਾਰ ਤੱਕ, ਊਠਾਂ ਵਾਲੇ ਬਲੋਚ, ਲੱਗੀ ਵਾਲੇ ਕਦੇ ਨਾ ਸੌਂਦੇ, ਰਾਜੇ ਸ਼ੀਂਹ ਮੁਕੱਦਮ ਕੁੱਤੇ, ਪੁਰਜਾ ਪੁਰਜਾ ਕਟਿ ਮਰੈ, ਹਾਜੀ ਲੋਕ ਮੱਕੇ ਨੂੰ ਜਾਂਦੇ, ਗੋਰਖ ਦਾ ਟਿੱਲਾ, ਉੱਜੜ ਗਏ ਗਰਾਂ, ਕੁੱਲੀ ਨੀ ਫ਼ਕੀਰ ਦੀ ਵਿੱਚੋਂ, ਬਾਰ੍ਹੀਂ ਕੋਹੀਂ ਬਲਦਾ ਦੀਵਾ, ਕੋਈ ਲੱਭੋ ਸੰਤ ਸਿਪਾਹੀ ਨੂੰ, ਬਾਝ ਭਰਾਵੋਂ ਮਾਰਿਆ, ਅੱਖੀਆਂ 'ਚ ਤੂੰ ਵਸਦਾ, ਰੂਹ ਲੈ ਗਿਆ ਦਿਲਾਂ ਦਾ ਜਾਨੀ, ਸੱਚ ਆਖਾਂ ਤਾਂ ਭਾਂਬੜ ਮੱਚਦਾ, ਡਾਚੀ ਵਾਲਿਆ ਮੋੜ ਮੁਹਾਰ ਵੇ, ਬੋਦੀ ਵਾਲਾ ਤਾਰਾ ਚੜ੍ਹਿਆ, ਇੱਕ ਮੇਰੀ ਅੱਖ ਕਾਸ਼ਣੀ, ਦਿਲਾਂ ਦੀ ਜੂਹ, ਆਦਿ...। ਉਸ ਦੇ ਨਾਵਲ ਆਮ ਕਰ ਕੇ ਪਹਿਲਾਂ ਲੜੀਵਾਰ ਅਖ਼ਬਾਰਾਂ ਰਸਾਲਿਆਂ ਵਿੱਚ ਛਪਦੇ ਹਨ, ਤੇ ਫਿਰ ਕਿਤਾਬੀ ਰੂਪ ਵਿੱਚ। ਇਉਂ ਉਹ ਪਹਿਲਾਂ ਹੀ ਪ੍ਰਸਿੱਧ ਹੋ ਜਾਂਦੇ ਹਨ।

ਕੰਪਿਊਟਰ ਮਾਹਿਰ ਹੋਣ ਕਾਰਨ ਉਹ ਇੰਟਰਨੈੱਟ ਉਤੇ ਵੀ ਛਾ ਗਿਆ ਤੇ ਇਨਫਰਮੇਸ਼ਨ ਟੈਕਨਾਲੋਜੀ ਦੀ ਹੋਰਨਾਂ ਲੇਖਕਾਂ ਦੇ ਮੁਕਾਬਲੇ ਵੱਧ ਵਰਤੋਂ ਕਰਨ ਲੱਗਾ। ਉਸ ਦੀਆਂ ਵੀਡੀਓਜ਼ ਦਾ ਵੀ ਕੋਈ ਲੇਖਾ ਨਹੀਂ। ਆਸਟਰੀਆ 'ਚ ਰਹਿਣ ਪਿੱਛੋਂ ਉਹ ਇੰਗਲੈਂਡ ਦਾ ਵਸਨੀਕ ਬਣ ਗਿਆ ਹੈ, ਤੇ ਪੰਜਾਬ ਦਾ ਗੇੜਾ ਮਾਰਦਾ ਰਹਿੰਦਾ ਹੈ। ਮਾਂ ਬਾਪ ਚਲਾਣੇ ਕਰ ਗਏ। ਹੁਣ ਤਾਂ ਫ਼ਿਲਮਾਂ ਵਾਲੇ ਵੀ ਉਹਤੋਂ ਫਿਲਮਾਂ ਤੇ ਡਾਇਲਾਗ ਲਿਖਾਉਣ ਲਈ ਉਹਦੇ ਮਗਰ-ਮਗਰ ਫਿਰਦੇ ਹਨ। ਅੱਜ ਕੱਲ੍ਹ ਉਸ ਦੀ ਲਿਖੀ ਵੈੱਬ-ਸੀਰੀਜ਼ 'ਨੈੱਟਫਲਿੱਕਸ' ਲਈ ਬਣ ਰਹੀ ਹੈ, ਜੋ ਛੇ ਭਾਸ਼ਾਵਾਂ ਵਿੱਚ 'ਡੱਬ' ਹੋਵੇਗੀ। ਉਸ ਦਾ ਇੱਕ ਪੈਰ ਲੰਡਨ, ਦੂਜਾ ਵੈਨਕੂਵਰ ਅਤੇ ਸਾਨ ਫ਼ਰਾਂਸਿਸਕੋ ਜਾਂ ਮੁੰਬਈ ਰਹਿੰਦਾ ਹੈ। ਕੋਈ ਪਤਾ ਨਹੀਂ ਉਹ ਫ਼ਿਲਮੀ ਦੁਨੀਆਂ ਵਿੱਚ ਹੀ ਜਾ ਵੜੇ? ਜਾਵੇ ਉਹ ਕਿਤੇ ਵੀ, ਪਰ ਰਹੇਗਾ ਸਾਡੇ ਗੁਆਂਢੀ ਪਿੰਡ 'ਕੁੱਸੇ' ਦਾ ਹੀ। ਕੁੱਸਾ ਉਹਦਾ 'ਬੇਸ' ਹੈ, ਉਹਦਾ 'ਰੰਨ ਵੇਅ', ਜਿੱਥੋਂ ਉਸ ਨੇ ਉਡਾਰੀਆਂ ਭਰੀਆਂ ਹਨ। ਮੇਰੀਆਂ ਸ਼ੁਭ ਇਛਾਵਾਂ ਹਨ ਕਿ ਉਹ ਹੋਰ ਉੱਚੀਆਂ ਉਡਾਰੀਆਂ ਲਾਵੇ, ਹੋਰ ਨਾਮ ਕਮਾਵੇ, ਪਰ ਪੈਰ ਜ਼ਮੀਨ 'ਤੇ ਹੀ ਰੱਖੇ। ਸਦਾ ਚੜ੍ਹਦੀ ਕਲਾ 'ਚ ਰਹੇ ਤੇ ਕਦੇ ਨਿਰਾਸ਼ ਨਾ ਹੋਵੇ। ਅਜੇ ਉਹਤੋਂ ਬੜੀਆਂ ਆਸਾਂ ਹਨ।










**-ਮਾਰੂ ਵਰਤਾਰਾ-**

# ਢਹਿ-ਢੇਰੀ ਹੁੰਦੇ ਪਹਾੜ

**ਵਿਜੈ ਬੰਬੇਲੀ**
ਫੋਨ: +91-94634 39075



ਸਾਂਵੀ-ਪੱਧਰੀ ਜ਼ਿੰਦਗੀ ਬਸਰ ਕਰਨ ਲਈ ਮਿੱਟੀ-ਪਾਣੀ, ਹਵਾ-ਅਕਾਸ਼, ਜੰਗਲ-ਬੇਲੇ, ਦਰਿਆਵਾਂ ਸਮੇਤ ਪਹਾੜਾਂ ਅਰਥਾਤ ਸਰ-ਸ਼ਬਜ ਪਹਾੜਾਂ ਦੀ ਵੀ ਉਨੀ ਹੀ ਲੋੜ ਹੈ, ਜਿੰਨੀ ਕੁੱਲੀ-ਗੁੱਲੀ-ਜੁੱਲੀ ਦੀ; ਪਰ ਅਸੀਂ ਪਹਾੜਾਂ ਦੀ ਮਹੱਤਤਾ, ਦੇਣ ਅਤੇ ਇਨ੍ਹਾਂ ਪ੍ਰਤੀ ਆਪਣੇ ਫਰਜ਼ਾਂ ਨੂੰ ਭੁੱਲ-ਭੁਲਾਅ ਗਏ ਹਾਂ। ਪਹਾੜਾਂ ਨੂੰ ਮਹਿਜ਼ ਆਮਦਨ ਦੇ ਸਾਧਨ, ਸੈਰ-ਸਪਾਟੇ ਜਾਂ ਫਿਰ ਮਨੋਰੰਜਨ ਦੇ ਸਾਧਨ ਮਾਤਰ ਸਮਝ ਲਿਆ ਹੈ। ਇਹੀ ਸਾਡੀ ਬੱਜਰ ਗਲਤੀ ਹੈ। ਪਹਾੜ ਕੁਦਰਤ ਦਾ ਸਿਰਮੌਰ ਅੰਗ ਹਨ, ਸਾਡੇ ਮੂਕ-ਸੇਵਾਦਾਰ। ਜਦ ਸਾਡੀਆਂ ਕਰਤੂਤਾਂ ਕਾਰਨ ਇਹ ਰੁੱਸਦੇ ਹਨ, ਤਦ ਭੀਸ਼ਣ ਦੁਖਾਂਤ ਸਾਡੇ ਪੱਲੇ ਪੈਂਦੇ ਹਨ। ਵਿਰਾਟ ਰੂਪ ਧਾਰ ਇਹ ਕੁੱਢਰ-ਚਾਲੇ ਵਹਿ ਤੁਰਦੇ ਹਨ, ਲਾਲਚੀ ਨਿਜ਼ਾਮ ਅਤੇ ਬੇ-ਸਮਝ ਬੰਦੇ ਦਾ ਸਿਰਜਿਆ ਸਭ ਕੁੱਝ ਢਹਿ-ਢੇਰੀ ਕਰਨ।

ਪਹਾੜ ਮਹਿਜ਼ ਮਿੱਟੀ ਦੇ ਢੇਰ ਨਹੀਂ। ਇਨ੍ਹਾਂ ਦਾ ਆਪਣਾ ਇੱਕ ਜੀਵੰਤ ਸੰਸਾਰ ਹੈ, ਬੇਹੱਦ ਸੂਖਮ ਅਤੇ ਜਟਿਲ। ਬਹੁਤ ਕੁੱਝ ਹੈ ਇਨ੍ਹਾਂ ਉੱਤੇ ਅਤੇ ਇਨ੍ਹਾਂ ਵਿੱਚ। ਜਰਖੇਜ਼ ਮਿੱਟੀ ਦੀਆਂ ਪਰਤਾਂ, ਬੇਸ਼-ਕੀਮਤੀ ਖਣਿਜ, ਵਿਲੱਖਣ ਜੀਵ-ਜੰਤੂ ਅਤੇ ਮਨ-ਭਾਉਂਦੇ ਜੰਗਲ-ਬੇਲੇ, ਕਿਤੇ-ਕਿਤੇ ਗਲੇਸ਼ੀਅਰ ਅਤੇ ਕਿਤੇ ਨਿਰੇ ਪਠਾਰ ਅਤੇ ਉੱਤਮ ਦ੍ਰਿਸ਼। ਜਿਹੜੇ ਰਲ-ਮਿਲ ਪੌਣ-ਪਾਣੀ, ਮਨੁੱਖੀ ਜ਼ਿੰਦਗੀ ਅਤੇ ਤਰੱਕੀ ਵਿੱਚ ਅਹਿਮ ਰੋਲ ਨਿਭਾਉਂਦੇ ਹਨ। ਇਨ੍ਹੀਂ ਦਿਨੀਂ ਹਿਮਾਚਲ, ਉੱਤਰਾਖੰਡ ਅਤੇ ਮਹਾਂਰਾਸ਼ਟਰ ਦੇ ਦੁਖਾਂਤਾਂ ਬਹਾਨੇ, ਪਹਾੜਾਂ ਦੇ ਢਹਿ-ਢੇਰੀ ਹੋਣ (ਲੈਂਡ ਸਲਾਈਡਿੰਗ) ਅਤੇ ਜਲ-ਸੈਲਾਬ ਦੀ ਬੜੀ ਚਰਚਾ ਹੈ। ਜਲ-ਸੈਲਾਬ ਕਾਰਨ ਨੇਪਾਲ, ਬਿਹਾਰ, ਉੱਤਰਾਖੰਡ, ਹਿਮਾਚਲ ਅਤੇ ਮਹਾਂਰਾਸ਼ਟਰ 'ਚ ਵੱਡੇ ਕਹਿਰ ਵਾਪਰੇ ਹਨ। ਇਹ ਅਚਨਚੇਤ ਵਾਪਰਨ ਵਾਲਾ ਕੁਦਰਤੀ ਵਰਤਾਰਾ ਨਹੀਂ, ਜਿਵੇਂ ਬਹੁਤੇ ਸਮਝਦੇ ਹਨ ਅਤੇ ਨਾ ਹੀ ਕਿਸੇ ਕੁਲ-ਦੇਵਤੇ ਦੀ ਕਰੋਪੀ ਹੈ, ਜਿਵੇਂ ਸਰਲ-ਬਿਰਤੀ ਅਦਿ-ਕਬੀਲੇ ਸੋਚਦੇ ਹਨ। ਅਸਲ ਦੋਸ਼ੀ ਸਿਸਟਮ ਹੈ ਅਰਥਾਤ ਬੰਦਾ। ਕਿਵੇਂ? ਲਓ ਸੁਣੋ:

ਮਨੁੱਖ ਕੁਦਰਤ ਦੀ ਬੇਹਤਰੀਨ ਪੈਦਾਵਾਰ ਹੈ। ਇੱਕ ਲੰਬੀ ਕੁਦਰਤੀ ਕਿਰਿਆ-ਪ੍ਰਕਿਰਿਆ ਉਪਰੰਤ ਮਨੁੱਖ ਦੀ ਉਤੱਪਤੀ ਹੋਈ। ਪਹਿਲਾਂ ਪਾਣੀ-ਮਿੱਟੀ-ਬਨਸਪਤੀ ਦੀ ਅਨੰਤ ਗਾਥਾ। ਫਿਰ ਸੂਖਮ ਜੀਵ ਤੋਂ ਬਰਾਸਤਾ ਜਾਨਵਰ-ਦਰ-ਜਾਨਵਰ, ਮਨੁੱਖ ਬਣਨ ਦਾ ਲੰਬਾ ਸਫਰ। ਜੰਗਲਾਂ, ਕੰਦਰਾਂ, ਗੁਫਾਵਾਂ, ਕੁੱਲੀਆਂ-ਢਾਰਿਆਂ ਤੋਂ ਸੁੱਖਾਂ-ਲੱਧੀਆਂ ਧੜਵੈਲ ਇਮਾਰਤਾਂ ਤੱਕ। ਗੇਲੀ, ਪਹੀਏ ਤੋਂ ਲੈ ਕੇ ਰਾਕਟ ਤੱਕ ਅਤੇ ਕੁਦਰਤੀ ਬਿਪਤਾਵਾਂ, ਮਹਾਂਮਾਰੀਆਂ ਦੇ ਦੌਰਾਂ ਤੋਂ ਵਿਗਿਆਨਕ ਸਹੂਲਤਾਂ ਤੱਕ। ਗੱਲ ਕੀ! ਹੁਣ ਵਾਲਾ "ਆਧੁਨਿਕ" ਮਨੁੱਖ ਮਗਰ ਲਖੂਖਾਂ ਸਾਲਾਂ ਦੀ ਘਾਲਣਾ ਹੈ। ਇਹ "ਰੱਬੀ" ਦੇਣ ਨਹੀਂ, ਕੁਦਰਤੀ ਕਿਰਿਆ-ਪ੍ਰਕਿਰਿਆ ਦੀ ਸਿਫਤੀ ਦੇਣ ਹੈ। ਪਰ ਇਸੇ ਮਨੁੱਖ ਨੇ ਆਪਣੀ ਜਨਮ ਦਾਤੀ ਕੁਦਰਤ 'ਚ ਖਲਲ ਪਾਉਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਮੋੜਵੇਂ ਰੂਪ 'ਚ ਇਸਦੇ ਭੈੜੇ ਸਿੱਟੇ ਨਿਕਲ ਰਹੇ ਹਨ। ਹਾਕਮ-ਜਮਾਤਾਂ, ਭੁੱਲੀ ਬੈਠੀਆਂ ਹਨ ਕਿ ਕੁਦਰਤ ਅਤੇ ਵਾਤਾਵਰਣ ਨੂੰ ਉਲੰਘ ਕੇ ਕੀਤਾ ਗਿਆ ਕੋਈ ਵੀ "ਵਿਕਾਸ" ਅੰਤ ਉਨ੍ਹਾਂ ਨੂੰ ਵੀ ਲੈ ਬੈਠੇਗਾ।

ਜੰਗਲਾਂ ਪਹਾੜਾਂ 'ਚ ਨਿਗੁਣੀਆਂ ਆਮਦਨਾਂ ਅਤੇ "ਵਿਕਾਸ ਅਤੇ ਸੈਰ-ਸਪਾਟੇ" ਦੇ ਨਾਂ 'ਤੇ ਕੁਦਰਤੀ ਸਮਤੋਲ ਵਿੱਚ ਦਿੱਤਾ ਬੇ-ਲੋੜਾ ਦਖ਼ਲ ਪਹਾੜਾਂ ਨੂੰ ਢਹਿ-ਢੇਰੀ ਕਰਕੇ ਹਰ ਸਾਲ ਭੀਸ਼ਣ ਦੁਖਾਂਤ ਸਾਡੇ ਪੱਲੇ ਪਾਉਂਦਾ ਹੈ। ਮਨੁੱਖੀ ਉਜੱਡਤਾ ਅਤੇ ਧਨ-ਕੁਬੇਰ ਪੱਖੀ ਨਿਜ਼ਾਮ ਦੀ ਬਦੌਲਤ ਪਹਾੜੀ-ਖਿਸਕਾਓ ਅਤੇ ਜਲ-ਸੈਲਾਬ ਸਾਨੂੰ ਸਖ਼ਤ ਚਿਤਾਵਨੀ ਹਨ। ਦਰ-ਹਕੀਕਤ, ਜ਼ਿੰਦਗੀ ਦਾ ਲੁਤਫ ਮਾਣਨ ਲਈ ਮਹਿਜ਼ ਪੈਸਾ ਜਾਂ ਭੌਤਿਕ ਸਹੂਲਤਾਂ ਦੀ ਹੀ ਨਹੀਂ, ਸਾਂਵੀ ਕੁਦਰਤ ਦੀ ਵੀ ਲੋੜ ਹੈ। ਅਸੀਂ ਜੰਗਲਾਂ-ਪਹਾੜਾਂ 'ਚ ਪੈਟਰੋ-ਕੈਮੀਕਲਜ਼ ਅਤੇ ਪਲਾਸਟਿਕ ਲੈ ਵੜੇ ਹਾਂ, ਜਿਸ ਨੇ ਸਾਡੇ ਜਲ-ਸੋਮਿਆਂ ਗਲੇਸ਼ੀਅਰਾਂ ਨੂੰ ਵੀ ਨਿਗਲਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਹਕੂਮਤਾਂ ਅਤੇ ਧਨ-ਕੁਬੇਰੀ ਲਾਲਚਾਂ ਨੇ ਅਖੌਤੀ ਵਿਕਾਸ ਦੇ ਨਾਂ ਕੁਦਰਤ 'ਚ ਅਣਸਾਂਵੀ ਦਖ਼ਲ-ਅੰਦਾਜ਼ੀ ਕੀਤੀ ਹੋਈ ਹੈ, ਜਿਸ ਦੇ ਚੌਗਿਰਦੇ ਉੱਪਰ ਭੈੜਾ ਅਸਰ ਪ੍ਰਤੱਖ ਹਨ। ਧਨ-ਕੁਬੇਰਾਂ ਨੇ ਖਣਿਜ-ਪਦਾਰਥਾਂ ਅਤੇ ਉਸਾਰੀਆਂ ਹਿੱਤ ਜਿਵੇਂ ਪਹਾੜਾਂ ਨੂੰ ਖੋਖਲਾ ਕਰਨਾ ਸ਼ੁਰੂ ਕੀਤਾ ਹੋਇਆ ਹੈ, ਇਨ੍ਹਾਂ ਸਭ ਦਾ ਹੀ ਮਾਰੂ ਸਿੱਟਾ ਹੈ, ਪਹਾੜਾਂ ਦਾ ਢਹਿ-ਢੇਰੀ ਹੋਣਾ।

ਮਿੱਟੀ ਸਿਰਜਣ ਅਤੇ ਪਹਾੜਾਂ ਨੂੰ ਜਕੜ-ਬੰਦ ਰੱਖਣ ਵਿੱਚ ਲਖੂਖਾਂ ਸਾਲਾਂ ਦੀ ਕੁਦਰਤੀ ਕਿਰਿਆ-ਪ੍ਰਕਿਰਿਆ ਅਤੇ ਬਨਸਪਤੀ ਦਾ ਵੱਡਾ ਯੋਗਦਾਨ ਹੈ। ਮਿੱਟੀ ਦੀ ਇੱਕ ਇੰਚ ਪਰਤ ਤਿਆਰ ਹੋਣ ਵਿਚ ਇੱਕ ਹਜ਼ਾਰ ਵਰ੍ਹਾ ਲੱਗ ਜਾਂਦਾ ਹੈ ਅਤੇ ਕੁਦਰਤਨ ਜਰਖੇਜ਼ ਹੋਣ ਵਿੱਚ ਤਿੰਨ ਸਦੀਆਂ। ਪਹਾੜ ਵੀ ਅੰਬਰੋਂ ਨਹੀਂ ਸੀ ਡਿੱਗੇ, ਇੱਕ ਲੰਬੀ ਦਾਸਤਾਂ ਹੈ ਇਨ੍ਹਾਂ ਦੇ ਉੱਗਮਣ ਅਤੇ ਸਭ ਦੀ ਸਰਬ-ਸਾਂਝੀ ਮਾਲਕੀ ਦੀ। ਹਾਂ, ਇਹ ਸੂਖਮ ਰੂਪ 'ਚ ਵਹਿੰਦੇ ਵੀ ਹਨ। ਮੱਲੜ-ਮਿੱਟੀ ਦਾ ਸਹਿਜ ਰੂਪ 'ਚ ਵਹਿਣਾ ਕੁਦਰਤ ਅਤੇ ਮਨੁੱਖ ਪੱਖੀ ਹੈ। ਕੁਦਰਤ ਦੁਆਰਾ ਜਾਂ ਕੁਦਰਤ ਵਿਰੋਧੀ ਮਨੁੱਖ ਵਲੋਂ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਕਾਰਨ ਧਰਤੀ ਖੁਰਚਿਆਂ ਜਾਣਾ ਭੌਂ-ਖੋਰ ਜਾਂ ਪਹਾੜਾਂ ਦਾ ਵਹਿਣਾ ਕਹਾਉਂਦਾ ਹੈ। ਭੂਮੀ ਦੇ ਕਣਾਂ ਦਾ ਪਾਣੀ, ਹਵਾ, ਗਤੀ ਜਾਂ ਜੀਵਕ-ਗਤੀਵਿਧੀਆਂ ਦੁਆਰਾ ਆਪਣੀ ਮੂਲ ਥਾਂ ਤੋਂ ਦੂਜੀ ਥਾਂ ਜਾਣ ਨੂੰ ਭੌਂ-ਖੋਰ ਆਖਦੇ ਹਨ। ਸੀਮਤ ਤੇ ਸਾਧਾਰਨ ਭੌਂ-ਖੋਰ ਕੁਦਰਤ ਦੀ ਆਮ ਪ੍ਰਕਿਰਿਆ ਹੈ, ਇਹ ਨੁਕਸਾਨਦਾਇਕ ਵੀ ਨਹੀਂ। ਕੁਦਰਤੀ ਜਾਂ ਬੰਦੇ ਦੀਆਂ ਲੋੜਾਂ ਕਾਰਨ ਇਹ ਅੱਗੇ ਵੀ ਜਾਰੀ ਰਹੇਗੀ। ਕੁਦਰਤੀ ਸਮਤੋਲ ਜਾਂ ਭੌਂ-ਖੋਰ ਰੋਕੂ ਕਾਰਜਾਂ ਤਹਿਤ ਇਹ ਸੀਮਤ ਅਤੇ ਕਹਿਣੇ ਵਿੱਚ ਹੁੰਦੀ ਸੀ, ਪਰ ਹੁਣ ਅਜਿਹਾ ਨਹੀਂ ਹੈ।

ਭੂਮੀ ਖੋਰ ਦੋ ਕਿਸਮ ਦਾ ਹੁੰਦਾ ਹੈ- ਸਹਿਜ (ਕੁਦਰਤੀ) ਅਤੇ ਵਧਿਆ ਹੋਇਆ (ਮਨੁੱਖੀ ਆਪ-ਹੁਦਰੀਆਂ ਕਾਰਨ)। ਜਦੋਂ ਭੂਮੀ ਖਾਰ ਦੀ ਦਰ ਭੂਮੀ ਬਣਤਰ ਦੀ ਦਰ ਤੋਂ ਘੱਟ ਜਾਂ ਬਰਾਬਰ ਹੋਵੇ ਤਾਂ ਇਸਨੂੰ ਕੁਦਰਤੀ ਜਾਂ ਸਹਿਜ ਕਿਹਾ ਜਾਂਦਾ ਹੈ, ਪ੍ਰੰਤੂ ਇਹ ਉਸੇ ਸਥਿਤੀ ਵਿਚ ਹੁੰਦਾ ਹੈ, ਜਦ ਭੂਮੀ ਬਨਸਪਤੀ ਨਾਲ ਪੂਰੀ ਤਰ੍ਹਾਂ ਢਕੀ ਹੋਈ ਹੋਵੇ। ਮਨੁੱਖੀ ਲੋੜਾਂ ਪਰ ਬੇ-ਲਗਾਮ ਹਿਰਸਾਂ ਕਾਰਨ ਭੂਮੀ ਨੰਗ-ਧੜੰਗੀ ਅਤੇ ਖੋਖਲੀ ਕਰ ਦਿੱਤੀ ਗਈ ਹੈ। ਪਹਿਲੀ ਸਟੇਜ ਵਿਚ ਜਦ ਮੀਂਹ ਦੀਆਂ ਬੂੰਦਾਂ ਨੰਗੀ ਧਰਤੀ 'ਤੇ ਪੈਂਦੀਆਂ ਹਨ ਤਾਂ ਇਹ ਭੂਮੀ ਕਣਾਂ ਨੂੰ ਨਿਖੇੜ ਕੇ 2 ਤੋਂ 5 ਫੁੱਟ ਦੀ ਦੂਰੀ 'ਤੇ ਲਿਜਾ ਕੇ ਸੁੱਟ ਦਿੰਦੀਆਂ ਹਨ। ਦੂਸਰੀ ਸਟੇਜ ਉੱਤੇ ਇਹ ਕਣ ਵਹਿ ਕੇ ਜਾਂ ਧਰਤੀ ਉਪਰਲੀ ਮਹੀਨ ਪਰਤ ਧੋਹ ਹੋ ਵਹਿ ਤੁਰਦੀ ਹੈ। ਇਸ ਬਾਰੀਕ ਪਰਤ ਦੀ ਖੁਰਚਾਈ ਦਿੱਸਦੀ ਨਹੀਂ, ਪ੍ਰੰਤੂ ਇੱਕ-ਅੱਧੇ ਦਹਾਕੇ ਬਾਅਦ ਇਸ ਦੀ ਘਾਟ ਰੜਕਣ ਲੱਗ ਪੈਂਦੀ ਹੈ। ਇਸਤੋਂ ਅਗਲਾ ਕਦਮ, ਧਾਰਾਵੀਂ ਖੋਰ (ਰਿਲ ਇਰੋਜਨ) ਹੁੰਦੀ ਹੈ, ਜਦ ਧਰਤੀ ਉੱਤੇ ਪੰਜਿਆਂ ਵਰਗੀਆਂ ਧਾਰਾਵਾਂ ਬਣ ਜਾਂਦੀਆਂ ਹਨ। ਪਾਣੀ ਦਾ ਲਗਾਤਾਰ ਵਹਿਣ ਉਂਗਲਾਂ ਵਰਗੀਆਂ ਨਾਲੀਆਂ ਉਸਾਰ ਕੇ ਭੌਂ-ਖੋਰ ਕਰਦਾ ਹੈ, ਜਿਸ ਨਾਲ ਉਪਜਾਊ ਪਰਤਾਂ ਰੁੜ ਜਾਂਦੀਆਂ ਹਨ। ਤੀਜੀ ਧਾਰਾ ਚੋਈਆਂ ਦੀ ਉਸਾਰ ਹੁੰਦੀ ਹੈ। ਪਾਣੀ ਦੀ ਤੇਜ਼ ਗਤੀ ਦੋ ਕੁ ਸਾਲਾਂ 'ਚ ਹੀ ਚੋਈਆਂ (ਨਾਲੀਆਂ) ਦੀ ਉਸਾਰੀ ਕਰ ਦਿੰਦੀ ਹੈ। ਇਸ ਤੋਂ ਅਗਾਂਹ ਖੁਰ ਕੇ ਚੌੜੀਆਂ ਤੇ ਡੂੰਘੀਆਂ ਖੱਡਾ-ਖਾਈਆਂ ਬਣ ਜਾਂਦੀਆਂ ਹਨ। ਬਰਫਾਨੀ, ਹਵਾਈ, ਵਰਖੇਈ ਤੇ ਢਿੱਗਾਂ ਡਿੱਗਣ ਆਦਿ ਕਈ ਕਿਸਮਾਂ ਭੂਮੀ ਖੋਰ ਦੀਆਂ ਸ਼ਕਲਾਂ ਹਨ।


ਭੀਸ਼ਣ ਭੌਂਅ ਅਤੇ ਜਲ ਸੈਲਾਬ ਇਸਦਾ ਵਿਰਾਟ ਰੂਪ ਹਨ, ਜਿਹੜੇ ਪਰਬਤਾਂ ਅਤੇ ਉਥੇ ਵੱਸਦੇ ਲੋਕਾਂ ਨੂੰ ਲੈ ਬਹਿੰਦੇ ਹਨ। ਭਾਰਤ ਨੂੰ ਦਰਪੇਸ਼ ਖ਼ਤਰਿਆਂ ਵਿੱਚੋਂ ਭੌਂ ਖੋਰ ਅਤੇ ਜਲ-ਸੰਕਟ ਹੁਣ ਵੱਡੇ ਖ਼ਤਰੇ ਹਨ। ਹਰ ਸਾਲ 6 ਕਰੋੜ ਟਨ, ਜਲ ਕੁੰਡਾਂ ਨੂੰ ਜਾ ਰਹੀ ਹੈ। ਭਾਰੀ ਮੀਂਹਾਂ ਅਤੇ ਤੇਜ਼ ਹਨੇਰੀਆਂ ਵਿੱਚ ਇਹ ਭੌਂ-ਖੋਰ ਬੜੀ ਤੇਜ਼ ਹੁੰਦੀ ਹੈ। ਭੌਂ ਖੋਰ ਨਾਲ ਧਰਤੀ ਦੀ ਉਪਜਾਊ ਪਰਤ ਗੁਆਚ ਜਾਂਦੀ ਹੈ। ਖੋਖਲੇ ਪਹਾੜ ਅਤੇ ਬਨਸਪਤੀ ਵਿਹੂਣੀਆਂ ਢਲਾਣਾਂ ਸਾਡੇ ਪੱਲੇ ਜਲ-ਸੈਲਾਬ, ਦਰਾੜਾਂ ਅਤੇ ਮਾਰੂਥਲ ਤਾਂ ਪਾ ਹੀ ਜਾਣਗੀਆਂ, ਸਗੋਂ ਅਸੀਂ ਪਹਾੜੀ ਜਨ-ਜੀਵਨ ਤੇ ਜਲ-ਵਹਿਣਾਂ ਅਤੇ ਸਮੁੰਦਰ ਦੀ ਪੂਰ-ਪਰਾਈ ਨਾਲ ਜਲ-ਕੁੰਡ, ਸਮੁੰਦਰ ਜੁੜਵੇਂ ਸ਼ਹਿਰ ਅਤੇ ਨੀਵੇਂ ਮੁਲਕਾਂ ਨੂੰ ਵੀ ਲੈ ਬੈਠਾਂਗੇ। ਪਹਾੜਾਂ ਵਿੱਚ 60 ਹਿੱਸੇ ਦੇ ਹਿਸਾਬ ਨਾਲ ਰੁੱਖ ਨਾ ਲੱਗੇ ਹੋਣ ਤਾਂ ਮੀਂਹ ਪਹਾੜਾਂ-ਮੈਦਾਨਾਂ ਦੀ ਮਿੱਟੀ ਨੂੰ ਖੋਰਦਾ-ਰੋੜ੍ਹਦਾ ਹੈ। ਜਦੋਂ ਪਾਣੀ ਢਲਾਨ ਤੋਂ ਉਤਰਦਾ ਹੈ, ਉਥੇ ਜੇ ਧਰਤੀ ਨੰਗੀ ਹੋਵੇ ਜਾਂ ਮੂਹਰੇ ਅੜਿੱਕੇ ਨਾ ਹੋਣ ਤਾਂ ਤਿੱਖੀ ਗਤੀ ਹਜ਼ਾਰਾ ਟਨ ਮਲਬਾ ਵੀ ਲੈ ਤੁਰਦੀ ਹੈ।

ਨੰਗੀ, ਖੋਖਲੀ ਅਤੇ ਤਿੱਖੀ ਢਾਲੂ ਜ਼ਮੀਨ 'ਤੇ ਪਾਣੀ ਦੀ ਮਹਿਜ਼ ਦੁਗਣੀ ਗਤੀ ਹੀ ਚੌਗਣੀ ਕੱਟ-ਵੱਢ, ਭਾਰ ਚੁੱਕਣ ਦੀ ਸਮੱਰਥਾ 32 ਅਤੇ ਧੱਕਾ ਦੇਣ ਦੀ ਸ਼ਕਤੀ 64 ਗੁਣਾਂ ਅਖਤਿਆਰ ਕਰ ਜਲ-ਸੈਲਾਬ ਦਾ ਰੂਪ ਧਾਰ ਸਾਨੂੰ ਮਿੱਧ ਅਤੇ ਦਰੜ ਕੇ ਰੱਖ ਦਿੰਦੀ ਹੈ। ਤਿੱਗਣੀ ਜਲ ਗਤੀ, ਐਟ ਵਰਟੀਕਲ ਕੱਟ ਤੇ ਰੋਹੜੂ ਤਾਕਤ 729 ਗੁਣਾਂ ਹੋ ਜਾਂਦੀ ਹੈ। ਸਿੱਟੇ ਵਜੋਂ; ਪਹਾੜ ਖਿਸਕਦੇ ਅਤੇ ਵਹਿ ਤੁਰਦੇ ਹਨ। ਬਨਸਪਤਨ-ਜੜ੍ਹਾਂ ਅਤੇ ਕੁਦਰਤੀ ਤੇ ਮਸਨੂਈ ਰੋਕਾਂ ਹੀ ਸਾਡੀ ਮਿੱਟੀ ਨੂੰ ਰੁੜ੍ਹਨੋ-ਉੱਡਨੋ ਬਚਾਉਂਦੀਆਂ ਹਨ। ਜੇ ਇਕ ਹੈਕਟੇਅਰ, ਪੱਧਰੇ ਰਕਬੇ, ਵਿੱਚੋਂ ਹਰ ਵਰ੍ਹੇ ਸਿਰਫ ਇਕ ਘਣਮੀਟਰ ਮਿੱਟੀ ਵੀ ਰੁੜ੍ਹੇ ਅਤੇ ਇਹ ਕਿਰਿਆ ਇਕ ਪੀੜ੍ਹੀ (25 ਵਰ੍ਹੇ) ਜਾਰੀ ਰਹੇ ਤਾਂ ਇਕ ਫੁੱਟ ਉਤਲੀ ਪਰਤ ਰੁੜ੍ਹ-ਖੁਰ ਸਮੁੰਦਰਾਂ ਪੇਟੇ ਜਾ ਪਵੇਗੀ। ਵੀਰਾਨ, ਨੰਗ-ਧੜੰਗੀ ਤੇ ਰੁੱਖ ਵਿਹੂਣੀ ਇਕ ਹੈਕਟੇਅਰ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਹੁਣ ਭੂਮੀ ਅਤੇ ਜੰਗਲਾਂ-ਪਹਾੜਾਂ ਦੀ ਵਰਤੋਂ ਉਸ ਦੀ ਯੋਗਤਾ ਅਤੇ ਕੁਦਰਤੀ ਸਮਤੋਲ ਦੇ ਮੱਦੇਨਜ਼ਰ ਨਹੀਂ ਹੋ ਰਹੀ। ਜਿਸ ਕਾਰਨ ਵੀ ਭੂਮੀ ਖੋਰ, ਮਾਰੂਥਲੀਕਰਨ, ਜਲ-ਸੰਕਟ ਅਤੇ ਪਹਾੜਾਂ 'ਚ ਜਲ-ਸੈਲਾਬ ਵੱਧ ਰਹੇ ਹਨ।

ਮਨੁੱਖੀ ਆਪ-ਹੁਦਰੀਆਂ ਕਾਰਨ ਉਪਜੀ ਆਲਮੀ ਤਪਸ਼ ਨੇ ਰੁੱਤ ਵਿਗਾੜ 'ਚ ਮਾਰੂ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ ਹੈ। ਵਰਖਾ ਗੜਬੜਾ ਗਈ ਹੈ, ਸਾਂਵੇ ਵਰਖੇਈ ਖਿੱਤਿਆਂ ਵਿੱਚ ਵੀ ਕਿਤੇ ਵੱਧ ਅਤੇ ਕਿਤੇ ਮੂਲੋਂ ਘੱਟ। ਭਾਰੀ ਵਰਖਾ-ਬੱਦਲਾਂ ਦਾ ਫਟਣਾ ਇਸ ਦਾ ਵਿਰਾਟ ਰੂਪ ਹੈ। ਇਸ ਵਰਤਾਰੇ ਤਹਿਤ, ਕੁੱਝ ਦਹਾਕੇ, ਪਹਿਲਾਂ ਭਾਰੀ ਮੀਂਹ ਪੈਣਗੇ, ਭੀਸ਼ਣ ਹੜ੍ਹ ਆਉਣਗੇ, ਮਗਰੋਂ ਬਰਾਨਗੀ ਛਾਅ ਜਾਵੇਗੀ, ਬਰਫੀਲੇ ਸੋਮੇ ਪਿਘਲ ਜਾਣਗੇ, ਰੁੱਤਾਂ ਜਾਂਦੀਆਂ ਲੱਗਣਗੀਆਂ। ਸਿੱਟੇ ਵਜੋਂ, ਸੱਭ ਕੁੱਝ ਬਦਲਣਾ ਪੈ ਜਾਵੇਗਾ ਸਾਨੂੰ: ਰਹਿਣ-ਸਹਿਣ, ਕੱਪੜੇ-ਲੱਤੇ, ਘਰਾਂ ਦੀ ਬਣਤਰ, ਫਸਲੀਂ-ਪ੍ਰਣਾਲੀ ਅਤੇ ਖਾਣ-ਪੀਣ। ਦਰ-ਹਕੀਕਤ ਸਾਡਾ ਭਵਿੱਖ ਪਦਾਰਥੀ ਸਹੂਲਤਾਂ ਅਤੇ "ਰਾਜਨੀਤੀ" ਦੇ ਤੱਕੜ ਵਿੱਚ ਨਹੀਂ, ਸਗੋਂ ਭੌਤਿਕ ਤੱਕੜ ਵਿੱਚ ਲਟਕਦਾ ਹੈ ਅਤੇ ਚੌਗਿਰਦੇ ਨਾਲ ਜੁੜਿਆ ਹੋਇਆ ਹੈ। ਆਉਣ ਵਾਲੇ ਸਮੇਂ ਵਿੱਚ ਕੀ ਹੋਵੇਗਾ? ਇਸ ਦਾ ਨਿਤਾਰਾ ਇਸ ਗੱਲ ਉੱਪਰ ਮੁਨੱਸਰ ਹੈ ਕਿ ਅਸੀਂ ਕੁਦਰਤ ਦੀ ਸੰਭਾਲ ਕਿੰਨੀ ਕੁ ਕੀਤੀ।

ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਤੇ ਪਹਾੜਾਂ ਦੇ ਖਿਸਕਾਅ ਤੇ ਮੌਜੂਦਾ ਜਲ-ਸੈਲਾਬ ਅਸਲ ਵਿਚ ਮਨੁੱਖ ਦੇ ਕੁਦਰਤ ਪ੍ਰਤੀ ਗਲਤ ਵਿਹਾਰ ਦੀ ਹੀ ਵਿੱਥਿਆ ਹੈ। ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰ-ਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਤੇ ਟੋਇਆਂ-ਟਿੱਬਿਆਂ ਵਿਚ ਬਦਲ ਗਿਆ, ਜਦ ਜੰਗਲ, ਜਲ-ਵਹਿਣ ਅਤੇ ਪਹਾੜ ਰੁੱਸ ਗਏ। ਤਵਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਦਰਾੜਾਂ, ਜਲ-ਸੰਕਟਾਂ ਅਤੇ ਮਾਰੂਥਲ ਦੇ ਜਨਮ ਨਾਲ ਹੋਇਆ ਹੈ। ਕਿਥੇ ਗਈਆਂ ਸਾਡੀਆਂ ਹੜੱਪਾ ਅਤੇ ਮਹਿਜੋਂਦੜੋ ਦੀਆਂ ਸੱਭਿਆਤਾਵਾਂ?





# ਵਹਿਮ ਦਾ ਕੀ ਇਲਾਜ !

ਵਿਅੰਗ

ਸੁਰਿੰਦਰ ਸਿੰਘ ਖਾਲਸਾ

ਤਾਇਆ ਮਨਸਾ ਰਾਮ ਨੂੰ ਸਾਰਾ ਮੁਹੱਲਾ ਵਹਿਮੀ ਤਾਇਆ ਸਮਝਦਾ ਅਤੇ ਪਿੱਠ ਪਿੱਛੋਂ ਆਖਦਾ ਵੀ ਹੈ। ਮੁਹੱਲੇ ਵਾਲਿਆਂ ਦਾ ਇਸ ਵਿੱਚ ਕਸੂਰ ਵੀ ਕੋਈ ਨਹੀਂ। ਵਹਿਮ ਕੋਹ ਵਾਟ ਤੋਂ ਵੀ ਤਾਏ ਮਨਸਾ ਰਾਮ ਨੂੰ ਉੱਡ ਕੇ ਚੰਬੜਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਤਾਏ ਨੂੰ ਵੀ ਵਹਿਮਾਂ ਨਾਲ ਸ਼ੁਰੂ ਤੋਂ ਹੀ ਇਸ਼ਕ ਦੀ ਹੱਦ ਤੱਕ ਪੁੱਜਿਆ ਹੋਇਆ ਸਨੇਹ ਰਿਹਾ ਹੈ। ਉਸਨੇ ਸਾਰੀ ਜ਼ਿੰਦਗੀ ਉਨ੍ਹਾਂ ਦੇ ਨਾਲ ਨਿਭਾਈ ਹੈ। ਜਿਹੜਾ ਵੀ ਵਹਿਮ ਆਇਆ, ਉਹਨੂੰ 'ਜੀ ਆਇਆਂ ਨੂੰ' ਆਖਿਆ ਅਤੇ ਗਲ਼ ਨਾਲ ਲਾ ਕੇ ਰੱਖਿਆ, ਮਜਾਲ ਕੀ ਉਹਨੂੰ ਥੋੜ੍ਹੇ ਕੀਤੇ ਵਿਛੋੜਿਆ ਹੋਵੇ।

ਜਦੋਂ ਮੈਂ ਤਾਏ ਮਨਸਾ ਰਾਮ ਨੂੰ ਪਹਿਲੀ ਵਾਰ ਮਿਲਿਆ, ਉਸ ਵੇਲੇ ਇਹ ਵਹਿਮ ਉਹਦਾ ਸਾਥੀ ਸੀ ਕਿ ਮੈਨੂੰ ਤਾਂ ਮਾੜੀ-ਮਾੜੀ ਭਖ ਰਹਿੰਦੀ ਹੈ। ਤਾਇਆ ਹੱਟੀ ਵਿੱਚ ਬੈਠਾ ਸੀ, ਮੈਂ ਅੰਦਰ ਲੰਘਿਆ ਤਾਂ ਵੇਖਦਾ ਹਾਂ ਕਿ ਉਹਦੇ ਸੱਜੇ ਹੱਥ ਦੀਆਂ ਉਂਗਲੀਆਂ ਦੇ ਪੋਟੇ ਖੱਬੇ ਹੱਥ ਦੀ ਨਬਜ਼ ਉੱਪਰ ਸਨ ਤੇ ਮੂੰਹ ਵਿੱਚ ਥਰਮਾਮੀਟਰ ਨੱਪਿਆ ਹੋਇਆ ਸੀ। ਉਹਨੇ ਬਹੁਤਾ ਬਰੂ ਖਾ ਜਾਣ ਵਾਲੇ ਵਹਿੜਕੇ ਦੀਆਂ ਨਜ਼ਰਾਂ ਨਾਲ ਤੱਕਿਆ। ਨਬਜ਼ ਤੋਂ ਪਹਿਲਾਂ ਉਂਗਲੀਆਂ ਚੁੱਕੀਆਂ ਤੇ ਫੇਰ ਮੂੰਹ ਵਿੱਚੋਂ ਥਰਮਾਮੀਟਰ ਕੱਢ ਕੇ ਸਾਹਮਣੇ ਪਏ ਕਲਮਦਾਨ ਉੱਪਰ ਟਿਕਾਇਆ ਤੇ ਕਹਿਣ ਲੱਗਾ, "ਮੈਨੂੰ ਸਹੁਰੀ ਭਖ ਨਹੀਂ ਛੱਡਦੀ, ਬਥੇਰਾ ਓਹੜ-ਪੋਹੜ ਕੀਤਾ ਈ, ਪਰ ਇਹ ਖਹਿੜਾ ਨਹੀਂ ਛੱਡਦੀ।" ਇਹ ਆਖਣ ਪਿੱਛੋਂ ਉਹਨੇ ਪੱਠਿਆਂ ਵਿੱਚ ਵਾਲਾਂ ਦਾ ਗੁੱਛਾ ਖਾ ਜਾਣ ਵਾਲੀ ਗਾਂ ਵਾਂਗ ਏਨੇ ਜ਼ੋਰ ਨਾਲ ਖੰਘਣਾ ਆਰੰਭ ਕਰ ਦਿੱਤਾ ਕਿ ਅੱਖੀਆਂ ਵਿੱਚ ਗਲੇਡੂ ਆ ਗਏ।

ਮੈਂ ਹਮਦਰਦੀ ਨਾਲ ਤਾਏ ਦੀ ਖੱਬੇ ਹੱਥ ਦੀ ਨਬਜ਼ 'ਤੇ ਹੱਥ ਰੱਖਿਆ। ਭਖ ਕੋਈ ਨਹੀਂ ਸੀ।

"ਤਾਇਆ ਜੀ, ਭਖ ਤਾਂ ਕੋਈ ਨਹੀਂ, ਐਵੇਂ ਵਹਿਮ ਲਾਇਆ ਜੇ, ਕਦੇ ਠੰਡੇ ਪਿੰਡੇ ਵੀ ਤਾਪ ਚੜ੍ਹਿਆ?"

ਤਾਇਆ ਇਹ ਸੁਣ ਕੇ ਗੁੱਸੇ ਨਾਲ ਕੜਕਿਆ, "ਹੂੰ! ਆ ਗਿਆ ਤੂੰ ਵੱਡਾ ਹਕੀਮ ਕਰਤਾਰ ਚੰਦ ਦਾ ਚੇਲਾ। ਏਥੇ ਵੱਡੇ-ਵੱਡੇ ਧਨੰਤਰ ਹਾਰ ਗਏ, ਤੂੰ ਕਿਹੜਿਆਂ 'ਚੋਂ ਏਂ? ਵਹਿਮ ਤੈਨੂੰ ਹੈ, ਮੈਨੂੰ ਨਹੀਂ; ਮੈਨੂੰ ਤਾਂ ਭਖ ਹੈ।"

ਇਹ ਆਖਦਿਆਂ ਤਾਏ ਮਨਸਾ ਰਾਮ ਨੇ ਥਰਮਾਮੀਟਰ ਮੂੰਹ ਵਿੱਚ ਤੇ ਸੱਜੇ ਹੱਥ ਦੀਆਂ ਉਂਗਲੀਆਂ ਖੱਬੇ ਹੱਥ ਦੀ ਨਬਜ਼ 'ਤੇ ਰੱਖ ਲਈਆਂ। ਮੇਰਾ ਅਗਾਂਹ ਗੱਲ ਤੋਰਨ ਦਾ ਹੌਸਲਾ ਨਾ ਪਿਆ, ਕਿਉਂਕਿ ਕਿਸੇ ਸਿਆਣੇ ਨੇ ਆਖਿਆ ਹੈ ਕਿ 'ਵਹਿਮੀਆਂ ਨਾਲ ਮੁਕਾਬਲਾ, ਆਕਲ ਭੁੱਲ ਕਰੇਣ।'

ਕੋਈ ਪੰਜ ਸਾਲ ਲਈ ਕਈ ਦਰਜਨਾਂ ਥਰਮਾਮੀਟਰ ਭੰਨਣ ਪਿੱਛੋਂ ਤਾਏ ਮਨਸਾ ਰਾਮ ਦਾ ਇਹ ਵਹਿਮ ਤਾਂ ਨਾ ਲੱਥਾ, ਪਰ ਕਈ ਹੋਰ ਆ ਚੰਬੜ ਗਏ।

ਕਈ ਮਹੀਨੇ ਇਸ ਵਹਿਮ ਦਾ ਰਾਜ ਰਿਹਾ ਕਿ ਬਿਮਾਰੀ ਦੇ ਕੀਟਾਣੂੰ ਹਰ ਇੱਕ ਦੇ ਸਰੀਰ ਨਾਲ ਜੁੜੇ ਰਹਿੰਦੇ ਹਨ। ਤਾਏ ਮਨਸਾ ਰਾਮ ਨੇ ਜਦੋਂ ਕਿਸੇ ਨਾਲ ਮਨ ਕਸਾਂਦੇ ਨੇ ਹੱਥ ਮਿਲਾ ਲੈਣੇ ਤਾਂ ਕੀਟਾਣੂੰ ਝਾੜਨ ਲਈ ਅੱਧਾ-ਅੱਧਾ ਘੰਟਾ ਸਾਬਣ ਮਲ-ਮਲ ਕੇ ਹੱਥ ਧੋਈ ਜਾਣੇ। ਜੇ ਕਿਸੇ ਮਿਲਣ ਵਾਲੇ ਨੇ ਮੰਜੇ ਜਾਂ ਕੁਰਸੀ ਉੱਪਰ ਬੈਠ ਕੇ ਚਲੇ ਜਾਣਾ ਤਾਂ ਮਨਸਾ ਰਾਮ ਨੇ "ਹਾਹ-ਤੇਰੇ ਦੀ" ਆਖਣਾ ਤੇ ਵਿਛੀ ਹੋਈ ਚਾਦਰ ਨੂੰ ਗਰਮ ਪਾਣੀ ਵਿੱਚ ਸੁੱਟ ਕੇ ਧੋਣਾ। ਮੰਜੇ ਨੂੰ ਧੁੱਪੇ ਰੱਖ ਕੇ ਸੋਟੇ ਨਾਲ ਝਾੜਨਾ; ਤੇ ਨਾਲ-ਨਾਲ ਬੁੜਬੜਾਈ ਜਾਣਾ, "ਆ ਗਏ ਤਾਏ ਮਨਸਾ ਰਾਮ ਦੇ ਵੱਡੇ ਮੁਲਾਕਾਤੀ। ਬਾਹਵਾਂ ਆਕੜੀਆਂ ਹੋਈਆਂ ਸੀ, ਤਾਏ ਮਨਸਾ ਰਾਮ ਦੀਆਂ ਇਨ੍ਹਾਂ ਦੇ ਮਿਲਣ ਬਿਨਾ। ਬਿਮਾਰੀਆਂ ਦੇ ਕੀਟਾਣੂੰ ਏਥੇ ਝਾੜ ਕੇ ਤੁਰਦੇ ਹੋਏ।"

ਇਸੇ ਤਰ੍ਹਾਂ ਜਰਮਾਂ ਤੋਂ ਮੁਕਤ ਕਰਨ ਲਈ ਉਬਲਦੇ ਪਾਣੀ ਨਾਲ ਕੁਰਸੀ ਨੂੰ ਇਸਨਾਨ ਕਰਾਉਣਾ, ਧੁੱਪੇ ਸੁਕਾ ਕੇ ਉਹਦੇ ਉੱਪਰ ਕਿਰਮ-ਨਾਸ਼ਕ ਪਾਊਡਰ ਧੂੜਦੇ ਫਿਰਨਾ।

ਇੱਕ ਦਿਨ ਤਾਏ ਮਨਸਾ ਰਾਮ ਕੋਲ ਗੁਆਂਢੀਆਂ ਦਾ ਇੱਕ ਜੁਆਕ ਖੇਡ ਰਿਹਾ ਸੀ ਕਿ ਉਹਦੇ ਇੱਕ ਮੁਲਾਕਾਤੀ ਨੇ ਇਹ ਸਮਝਦਿਆਂ ਕਿ ਸ਼ਾਇਦ ਤਾਏ ਮਨਸਾ ਰਾਮ ਦਾ ਪੋਤਾ, ਭਤੀਜਾ ਹੋਵੇਗਾ, ਪਿਆਰ ਨਾਲ ਉਸ ਦਾ ਮੂੰਹ ਚੁੰਮ ਲਿਆ। ਤਾਏ ਮਨਸਾ ਰਾਮ ਨੂੰ ਇਹ ਵੇਖ ਕੇ ਹੱਥਾਂ-ਪੈਰਾਂ ਦੀ ਪੈ ਗਈ ਕਿ ਮੁੰਡੇ ਦੇ ਸਰੀਰ ਵਿੱਚ ਤਾਂ ਬਿਮਾਰੀ ਦੇ ਕੀਟਾਣੂੰ ਦਾਖਲ ਹੋ ਗਏ। ਉਸਨੇ ਸਾਬਣ ਫੜਿਆ, ਮੁੰਡੇ ਨੂੰ ਕੱਛ ਵਿੱਚ ਨੱਪ ਕੇ ਜਿਉਂ ਲੱਗਾ ਉਹਦੇ ਮੂੰਹ ਨੂੰ ਰਗੜਨ ਕਿ ਪੁੱਛੋ ਕੁਝ ਨਾ। ਉਹ ਮੁੰਡਾ ਚਿਚਲਾਏ, ਤੜਫੇ, ਚਾਂਗਰਾਂ ਮਾਰੇ ਪਰ ਤਾਇਆ ਮਨਸਾ ਰਾਮ ਕੀਟਾਣੂੰਆਂ ਨੂੰ ਕਿਵੇਂ ਸੁੱਕਿਆਂ ਜਾਣ ਦਿੰਦਾ! ਉਹਨੇ ਘਰੋੜ-ਘਰੋੜ ਕੇ ਗੱਲ੍ਹਾਂ ਤੇ ਕੰਨਾਂ 'ਚੋਂ ਲਹੂ ਕੱਢ ਛੱਡਿਆ।

ਬੱਚੇ ਦੇ ਤਾਏ-ਚਾਚੇ ਚਾਂਗਰਾਂ ਸੁਣ ਕੇ ਲਾਠੀਆਂ ਚੁੱਕੀ ਨੱਸੇ ਆਏ ਤੇ ਮੁੰਡੇ ਨੂੰ ਤਾਏ ਮਨਸਾ ਰਾਮ ਦੀ ਕੀਟਾਣੂੰ ਨਾਸ਼ਕ ਮੁਹਿੰਮ ਤੋਂ ਬਚਾਇਆ। ਉਨ੍ਹਾਂ ਨੂੰ ਤਾਏ ਮਨਸਾ ਰਾਮ ਦੇ ਵਹਿਮੀ ਹੋਣ ਬਾਰੇ ਪਤਾ ਨਾ ਹੁੰਦਾ ਤਾਂ ਉਹ ਤਾਏ ਦੀ ਕਪਾਲ-ਕਿਰਿਆ ਕਰਕੇ ਹੀ ਵਾਪਸ ਮੁੜਦੇ।

ਤਾਇਆ ਕਈ ਦਿਨ ਇਹ ਰਿਹਾੜ ਕਰਦਾ ਰਿਹਾ, "ਵੇਖੋ ਜੀ, ਅੱਜ-ਕੱਲ੍ਹ ਭਲੇ ਦਾ ਜ਼ਮਾਨਾ ਨਹੀਂ, ਨਾਲੇ ਕਿਸੇ ਦੇ ਜੁਆਕ ਨੂੰ ਜਰਾਸੀਮਾਂ ਤੋਂ ਬਚਾਓ, ਨਾਲੇ ਉਹਦੇ ਪਿਉ ਕੋਲੋਂ ਲਾਠੀਆਂ ਖਾਓ।"

ਇਸ ਵਾਕਿਆ ਨਾਲ ਕੀਟਾਣੂੰਆਂ ਦਾ ਵਹਿਮ ਕੁਝ ਮੱਠਾ ਪੈ ਗਿਆ, ਪਰ ਨਵੇਂ ਵਹਿਮ ਲਾਉਣ ਦੇ ਤਜਰਬੇ ਕਾਹਨੂੰ ਰੁਕਦੇ ਸੀ?

ਇੱਕ ਦਿਨ ਕਿਸ਼ਨੇ ਹਲਵਾਈ ਦੀ ਹੱਟੀ 'ਤੇ ਚਾਹ ਪੀਂਦਾ ਪਿਆ ਸੀ ਤਾਇਆ ਮਨਸਾ ਰਾਮ ਕਿ ਉਹਦਾ ਇੱਕ ਪੈਰ ਕੁੱਤੇ ਦੀ ਪੂਛਲ 'ਤੇ ਟਿਕ ਗਿਆ। ਉਹ "ਚਊਂ-ਚਊਂ" ਕਰਦਾ ਨੱਸਿਆ ਤੇ ਜ਼ਰਾ ਹਟਵਾਂ ਜਾ ਕੇ ਭੌਂਕਣ ਲੱਗ ਪਿਆ। ਤਾਇਆ ਮਨਸਾ ਰਾਮ ਨੇ ਆਪਣੇ ਪੈਰ ਫੜ ਕੇ ਰੌਲਾ ਚੁੱਕ ਲਿਆ, "ਲਓ! ਕਰ ਗਿਆ ਜੇ ਕਾਰਾ।"



ਕਿਸ਼ਨਾ ਕਹਿਣ ਲੱਗਾ, "ਤਾਇਆ ਮਨਸਾ ਰਾਮਾ, ਕੁੱਤੇ ਨੇ ਤੈਨੂੰ ਦੰਦ ਤਾਂ ਨਹੀਂ ਲਾਇਆ।"

ਤਾਇਆ ਬੋਲਿਆ, "ਵਾਹ, ਵਾਹ ਕਿਸ਼ਨਿਆ ਵਾਹ! ਤੈਨੂੰ ਕੀ ਪਤਾ ਕੁੱਤਿਆਂ ਦਾ, ਦੰਦ ਭਾਵੇਂ ਨਹੀਂ ਲਾਇਆ, ਪਰ ਕਾਰਾ ਤਾਂ ਕਰ ਗਿਆ ਨਾ! ਅੱਜ-ਕੱਲ੍ਹ ਦੇ ਕੁੱਤੇ ਤਾਂ ਦੰਦ ਲਾਇਆਂ ਬਗੈਰ ਹੀ ਵੱਢ ਜਾਂਦੇ ਨੇ! ਏਸ ਜਨੌਰ ਦੀ ਤਾਂ ਹਵਾੜ ਵੀ ਮਾੜੀ।" ਤਾਏ ਮਨਸਾ ਰਾਮ ਨੇ ਚੌਦਾਂ ਟੀਕੇ ਵੱਖੀ ਵਿੱਚ ਲਵਾਏ ਤੇ ਉਹਨੂੰ ਵਹਿਮ ਹੋ ਗਿਆ ਕਿ ਹਰ ਕੁੱਤਾ ਉਹਨੂੰ ਵੱਢਣ ਲਈ ਫਿਰਦਾ ਹੈ।

ਇਸ ਲਈ ਕੋਈ ਸਾਲ ਭਰ ਉਹਦੀ ਇਹ ਹਾਲਤ ਰਹੀ ਕਿ ਮਾੜਾ-ਮੋਟਾ ਕਤੂਰਾ ਨਜ਼ਰੇ ਪਿਆ ਨਹੀਂ ਕਿ ਤਾਏ ਮਨਸਾ ਰਾਮ ਨੇ ਉਹਦੇ ਤੋਂ ਬਚ ਕੇ ਨਿਕਲ ਜਾਣ ਲਈ ਹਰਨ-ਚੌਕੜੀਆਂ ਭਰੀਆਂ ਨਹੀਂ।

ਮੈਨੂੰ ਪਤਾ ਨਹੀਂ ਤਾਏ ਮਨਸਾ ਰਾਮ ਨੂੰ ਇਸ ਵਹਿਮ ਨੇ ਅਜੇ ਵਿਛੋੜਾ ਦਿੱਤਾ ਕਿ ਨਹੀਂ, ਪਰ ਕੁਝ ਮਹੀਨੇ ਹੋਏ ਉਹਨੇ ਅੱਧੀ ਰਾਤ ਨੂੰ ਇੱਕ ਹੋਰ ਵਹਿਮ ਦੇ ਲੋਰ ਵਿੱਚ ਮੇਰਾ ਬੂਹਾ ਆ ਖੜਕਾਇਆ, "ਛੇਤੀ ਚਾਰਾ ਕਰ ਲਓ, ਨਹੀਂ ਤਾਂ ਮਨਸਾ ਰਾਮ ਤਾਂ ਗਿਆ।"

ਮੈਂ ਡਰ ਗਿਆ, "ਕਿਉਂ ਸੁੱਖ ਤਾਂ ਹੈ?"

"ਸੁੱਖ ਹੁੰਦਾ ਤਾਂ ਮੈਂ ਅੱਧੀ ਰਾਤ ਤੇਰੇ ਕੋਲ ਦੋਧੇ ਭੁੰਨਾਉਣ ਆਉਣਾ ਸੀ? ਆਹ ਦੇਖੋ ਗੋਡੇ ਦੀ ਚੱਪਣੀ...।"

"ਕੀ ਹੋਇਆ ਤਾਇਆ? ਖ਼ਾਸ ਗੱਲ ਤਾਂ ਮੈਨੂੰ ਜਾਪਦੀ ਨਹੀਂ।"

ਤਾਏ ਨੇ ਨਿਹੋਰੇ ਨਾਲ ਉੱਤਰ ਮੋੜਿਆ, "ਖ਼ਾਸ ਗੱਲ ਕਿਉਂ ਨਹੀਂ! ਜਿੱਥੇ ਮੈਂ ਡਿੱਗਿਆ, ਉੱਥੇ ਘੋੜਿਆਂ ਦੀ ਲਿੱਦ ਪਈ ਸੀ। ਜੇ ਟੀਕਾ ਨਾ ਲੱਗਿਆ ਤਾਂ ਸਵੇਰ ਨੂੰ ਟੈਟਨਸ ਨਾਲ ਤਾਇਆ ਮਨਸਾ ਰਾਮ ਬੰਨੇ ਸਮਝ ਲੈ।" ਸੌ ਬੂਹੇ ਖੜਕਾਏ। ਬਥੇਰੀਆਂ ਬਾਂਗਾਂ ਮਾਰੀਆਂ, ਪਰ ਉਸ ਵੇਲੇ ਕੋਈ ਡਾਕਟਰ ਬੂਹਾ ਨਾ ਖੋਲ੍ਹੇ। ਆਖਰਕਾਰ ਇੱਕ ਮਨਚਲੇ ਡਾਕਟਰ ਨੇ ਹੌਸਲਾ ਕਰਕੇ ਦਰਵਾਜ਼ਾ ਖੋਲ੍ਹਿਆ। ਉਹਨੇ ਗੋਡੇ ਦੀ ਝਰੀਟ ਵੇਖੀ ਤੇ ਤਾਏ ਮਨਸਾ ਰਾਮ ਦੀ ਵਿਥਿਆ ਸੁਣੀ। ਇੱਕ ਮਿੰਨ੍ਹੀ ਜਿਹੀ ਮੁਸਕਣੀ ਨਾਲ ਉਹਨੇ ਸੂਆ ਤੱਤਾ ਕਰਕੇ ਖੋਭ ਦਿੱਤਾ। ਰਾਤ-ਜਗਾਈ ਦੀ ਖੇਚਲ ਅਤੇ ਦਵਾਈ ਦੇ ਮਿਲਾ ਕੇ ਸੱਠ ਰੁਪਏ ਰਖਵਾ ਲਏ, ਤਾਂ ਪਿੱਛੇ ਮੁੜਨ ਦਿੱਤਾ।

ਤਾਇਆ ਮਨਸਾ ਰਾਮ ਨੂੰ ਇਨ੍ਹਾਂ ਤੋਂ ਇਲਾਵਾ ਲੱਗੇ ਹੋਏ ਨਿੱਕੇ-ਮੋਟੇ ਵਹਿਮਾਂ ਦੀ ਗਿਣਤੀ ਦਾ ਅੰਤ ਨਹੀਂ। ਜੇ ਕਿਸੇ ਦਿਨ ਸੁਣ ਲਏ ਜਾਂ ਅਖ਼ਬਾਰ ਵਿੱਚ ਪੜ੍ਹ ਲਏ ਕਿ ਫਲਾਣੇ ਥਾਂ, ਬੱਸਾਂ ਦੀ ਟੱਕਰ ਹੋ ਗਈ ਜਾਂ ਰੇਲਾਂ ਭਿੜ ਗਈਆਂ ਜਾਂ ਹਵਾਈ ਜਹਾਜ਼ ਡਿੱਗ ਪਿਆ ਤਾਂ ਉਹ ਫ਼ੌਰਨ ਮੱਥੇ ਹੱਥ ਮਾਰ ਕੇ ਕਹੇਗਾ, "ਮੈਂ ਆਖਿਆ ਸੀ ਭਾਈ ਪਾਥੀਆਂ ਵਾਲਾ ਗੱਡਾ ਅੱਗਿਓਂ ਮਿਲਿਆ ਜੇ, ਨਾ ਜਾਓ; ਹੁਣ ਪਤਾ ਨਹੀਂ, ਸਾਡੇ ਪਿੰਡ ਦਾ ਫਲਾਣਾ ਆਦਮੀ ਬਚਿਆ ਕਿ ਨਹੀਂ।" ਉਹਨੂੰ ਇਹ ਵਹਿਮ ਹੈ ਕਿ ਹਾਦਸਾ ਕਿਧਰੇ ਵੀ ਹੋਵੇ, ਉਹਦੇ ਨਿਕਟ-ਵਰਤੀਆਂ ਜਾਂ ਮੁਹੱਲੇਦਾਰਾਂ ਵਿੱਚੋਂ ਕੋਈ ਜੇ ਮਰਿਆ ਨਹੀਂ ਤਾਂ ਫੱਟੜ ਜ਼ਰੂਰ ਹੋਇਆ ਹੋਵੇਗਾ।

ਉਹ ਸਰੀਰ ਦਾ ਤਕੜਾ ਹੈ। ਉਹਨੂੰ ਜ਼ਾਹਰਾ ਕੋਈ ਰੋਗ ਨਹੀਂ, ਸੰਤਾਪ ਨਹੀਂ। ਜ਼ਮੀਨ ਹੈ, ਮਕਾਨ ਹੈ, ਭਰਾ ਹਨ। ਉਨ੍ਹਾਂ ਦੇ ਪੁੱਤਰ-ਪੋਤਰੇ ਤਾਏ ਦੇ ਆਗਿਆਕਾਰੀ ਹਨ, ਪਰ ਜਦੋਂ ਪੁੱਛੀਏ, "ਤਾਇਆ! ਕੀ ਹਾਲ-ਚਾਲ ਨੇ?" ਤਾਂ ਉਹ ਇੱਕੋ ਸਾਹੇ ਕਹੀ ਜਾਏਗਾ, "ਪੁੱਛ ਕੁੱਛ ਨਾ, ਮੰਦੇ ਹਾਲ ਤੇ ਬਾਉਂਕੇ ਦਿਹਾੜੇ। ਨਾ ਗਰਮ ਚੀਜ਼ ਪਚਦੀ ਐ, ਨਾ ਬਾਦੀ; ਢਿੱਡ ਵਿੱਚ ਅਫ਼ਾਰਾ ਨਹੀਂ ਹਟਦਾ, ਸਿਰ ਨੂੰ ਚੱਕਰ ਆਉਂਦੇ ਨੇ। ਲੱਕ ਤੋਂ ਉੱਠਿਆ ਜਾਏ ਤਾਂ ਆਦਮੀ ਕੰਮ ਕਰੇ! ਅੱਖੀਆਂ 'ਚੋਂ ਸੇਕ ਨਿਕਲਦਾ ਈ, ਸਾਹ ਨਾਲ ਸਾਹ ਨਹੀਂ ਰਲਦਾ। ਨਾੜਾਂ ਵਿੱਚ ਜਿਵੇਂ ਕਿਸੇ ਨੇ ਸਿੱਕਾ ਢਾਲ ਛੱਡਿਆ ਈ। ਚੁਰਸਤੇ ਵਾਲੀ ਕਿੱਕਰ 'ਤੇ ਪਿਛਲਾ ਮਹੀਨਾ ਰੋਜ਼ ਮੌਲੀਆਂ ਬੱਧੀਆਂ, ਮਾਂਹ ਦੀ ਦਾਲ ਤੇ ਚੌਲਾਂ ਦਾ ਟੂਣਾ ਕੀਤਾ, ਮੱਝਾਂ ਫੇਰ ਦੁੱਧ ਨਹੀਂ ਲਾਹੁੰਦੀਆਂ। ਜੇ ਸੱਚੀਂ ਪੁੱਛੋ ਤਾਂ ਹਾਲ ਉਂ ਮਾੜਾ ਵੀ ਨਹੀਂ, ਪਰ ਚੰਗਾ ਵੀ ਕਿਵੇਂ ਆਖਾਂ? ਪਰਸੋਂ ਸੰਧੂਰ, ਤਿਲਚੌਲੀ, ਮੂੰਗੀ, ਮਸਰਾਂ ਤੇ ਚਾਕੂ ਦਾ ਟੂਣਾ ਕੀਤਾ ਭਾਈ ਪਿੰਡ ਤੋਂ ਬਲਾ ਟਲੇ, ਪਰ ਹੋਇਆ ਪਤਾ ਕੀ? ਟੂਣੇ ਲਾਗਿਓਂ ਇੱਕ ਹਾਲੀ ਲੰਘਿਆ, ਉਹਨੇ ਸੰਧੂਰ ਬਲਦਾ ਦੇ ਸਿੰਗਾਂ 'ਤੇ ਮਲ ਦਿੱਤਾ, ਦਾਲਾਂ ਦਾ ਫੱਕਾ ਮਾਰ ਲਿਆ, ਚਾਕੂ ਨੂੰ ਚਾਦਰ ਦੀ ਕੰਨੀ ਨਾਲ ਪੂੰਝ ਕੇ ਬੋਝੇ ਵਿੱਚ ਇਹ ਆਖਦਿਆਂ ਪਾ ਲਿਆ ਕਿ 'ਚਲੋ ਇਹਦੇ ਨਾਲ ਖ਼ਰਬੂਜ਼ੇ ਚੀਰਿਆ ਕਰਾਂਗੇ।' ਹੁਣ ਤੁਸੀਂ ਦੱਸੋ ਤਾਇਆ ਮਨਸਾ ਰਾਮ ਵਹਿਮ ਕਰੇ ਕਿ ਨਾ?

ਇੱਕ ਮਹੀਨਾ ਪਹਿਲੇ ਦੀ ਗੱਲ ਹੈ, ਤਾਏ ਮਨਸਾ ਰਾਮ ਨੇ ਸੁਣ ਲਿਆ ਕਿ ਇੱਕ ਬਹੁਤ ਵੱਡਾ ਆਦਮੀ ਦਿਲ ਦੀ ਹਰਕਤ ਬੰਦ ਹੋਣ ਨਾਲ ਮਰ ਗਿਆ। ਇਸ 'ਤੇ ਤਾਏ ਮਨਸਾ ਰਾਮ ਨੂੰ ਵਹਿਮ ਚੰਬੜ ਗਿਆ ਕਿ ਬੱਸ ਦਿਲ ਫੇਲ੍ਹ ਹੋਇਆ ਕਿ ਹੋਇਆ। ਮੇਰੇ ਕੋਲ ਆਇਆ। ਸੱਜੀ ਵੱਖੀ ਨੂੰ ਹੱਥ ਨਾਲ ਘੁੱਟਦਾ ਹੋਇਆ ਕਹੀ ਜਾਏ, "ਦਿਲ ਧੜਕਦਾ ਨਹੀਂ ਜਾਪਦਾ।"

ਮੇਰਾ ਹਾਸਾ ਨਿਕਲ ਗਿਆ, "ਤਾਇਆ ਮਨਸਾ ਰਾਮ ਜੀ, ਦਿਲ ਤਾਂ ਦੂਜੇ ਪਾਸੇ ਹੁੰਦਾ ਹੈ, ਸੱਜੇ ਪਾਸੇ ਕਿਵੇਂ ਧੜਕੇ? ਫੇਰ ਤਾਇਆ, ਦਿਲ ਧੜਕਣ ਬਿਨਾ ਤਾਂ ਕੋਈ ਸ਼ਾਇਰ ਜਿਊਂਦਾ ਰਹਿ ਸਕਦਾ ਹੈ, ਤਾਇਆ ਮਨਸਾ ਰਾਮ ਨਹੀਂ। ਦਿਲ ਤਾਂ ਉਹ ਘੜੀ ਹੈ ਕਿ ਟੱਕ-ਟੱਕ ਹਟੀ ਤੇ ਟਕੇ ਦੀ ਮੁੱਲ ਦੀ ਨਹੀਂ।"

ਤਾਇਆ ਮਨਸਾ ਰਾਮ ਨੂੰ ਕੁਝ ਧਰਵਾਸ ਆਇਆ ਤਾਂ ਸਹੀ, ਪਰ ਫੇਰ ਵੀ ਕਹਿਣ ਲੱਗਾ, "ਮੈਂ ਕਿਹਾ ਇਹਦਾ ਕੋਈ ਪਤਾ ਨਹੀਂ, ਅੱਜ ਨਹੀਂ ਧੜਕਣੋਂ ਹਟਿਆ ਤਾਂ ਕੱਲ੍ਹ ਹਟ ਜਾਏ, ਕਿਧਰੇ ਮੈਨੂੰ ਸ਼ਹਿਰ ਲੈ ਜਾ ਕੇ ਵੱਡੇ ਡਾਕਟਰ ਨੂੰ ਵਿਖਾ ਲਿਆਏਂ ਤਾਂ ਚੰਗਾ ਕਰੇਂ।"

ਇਉਂ ਵਹਿਮੀ ਤਾਏ ਮਨਸਾ ਰਾਮ ਨੂੰ ਜਿਹੜੀ ਬਿਮਾਰੀ ਅਜੇ ਡਾਕਟਰਾਂ ਦੇ ਵਿਚਾਰ ਵਿੱਚ ਵੀ ਨਹੀਂ ਹੁੰਦੀ, ਉਹ ਲੱਗ ਜਾਂਦੀ ਹੈ। ਕੁਝ ਮਹੀਨੇ ਪਹਿਲਾਂ ਦੀ ਗੱਲ ਹੈ, ਮੈਂ ਤਾਇਆ ਮਨਸਾ ਰਾਮ ਨੂੰ ਨਾਲ ਲੈ ਕੇ ਇੱਕ ਝਾੜ-ਝਪਾੜਾ ਕਰਨ ਵਾਲੇ ਕੋਲ ਚਲਿਆ ਗਿਆ। ਮੈਂ ਨਹੀ ਸਾਂ ਚਾਹੁੰਦਾ ਪਰ ਤਾਇਆ ਖਹਿੜੇ ਪੈ ਗਿਆ ਤਾਂ ਮੇਰੀ ਵਾਹ ਨਾ ਗਈ। ਉੱਥੇ ਪੁੱਜੇ ਤਾਂ ਮਾਂਦਰੀ ਨੇ ਜੁੜੀ ਹੋਈ ਭੀੜ ਸਾਹਮਣੇ ਤਾਏ ਵੱਲ ਇਸ਼ਾਰਾ ਕਰਕੇ ਕਿਹਾ, "ਲਓ ਭਈ, ਤੁਸੀਂ ਤਾਂ ਵੇਖਦੇ ਹੋ ਪਰ ਇਸ ਆਦਮੀ ਦਾ ਸਿਰ ਹੈ ਨਹੀਂ। ਕਿਉਂ ਭਾਈ ਆਪ ਹੀ ਦੱਸ ਤੇਰਾ ਸਿਰ ਹੈ ਕਿ ਨਹੀਂ?" ਮਨਸਾ ਰਾਮ ਨੇ ਇਹ ਸੁਣ ਕੇ ਅੱਖੀਆਂ ਮੀਟੀਆਂ ਤੇ ਬੋਲਿਆ, "ਠੀਕ ਹੈ ਮਹਾਰਾਜ, ਮੇਰਾ ਸਿਰ ਹੈ ਨਹੀਂ।" ਮੈਨੂੰ ਬੜਾ ਗੁੱਸਾ ਆਇਆ। ਮੈਂ ਕੜਕਿਆ, "ਤਾਇਆ, ਜੇ ਤੇਰਾ ਸਿਰ ਨਹੀਂ ਤਾਂ ਪੱਗ ਕਾਹਦੇ ਉੱਪਰ ਬੱਧੀ ਊ?" ਬੜੀ ਮੁਸ਼ਕਿਲ ਨਾਲ ਉਹਨੂੰ ਸਿਰ ਦੀ ਮੌਜੂਦਗੀ ਦਾ ਵਿਸ਼ਵਾਸ ਦਿਵਾਇਆ।

ਪਰਸੋਂ ਤਾਂ ਤਾਇਆ ਮਨਸਾ ਰਾਮ ਨੇ ਹੱਦ ਕਰ ਦਿੱਤੀ। ਮੇਰੇ ਕੋਲ ਨੀਵੇਂ-ਨੀਵੇਂ ਲੱਕ ਆਇਆ। ਅੱਖੀਆਂ ਜਿਵੇਂ ਪੁੱਠੀਆਂ ਕੀਤੀਆਂ ਹੋਈਆਂ, ਬੁੱਲ੍ਹ ਸੁੱਕੇ ਹੋਏ, ਬੜੀ ਮਰੀ ਹੋਈ ਆਵਾਜ਼ ਉਹਦੇ ਮੂੰਹੋਂ ਨਿਕਲੀ, "ਛੇਤੀ ਕਰੋ, ਮੈਨੂੰ ਕਿਧਰੇ ਲੈ ਚਲੋ।"

ਮੈਂ ਕਿਹਾ, "ਕਿਉਂ ਤਾਇਆ ਜੀ, ਸੁੱਖ ਤਾਂ ਹੈ?"

ਤਾਏ ਦੀ ਭਰੜਾਈ ਹੋਈ ਆਵਾਜ਼ ਆਈ, "ਮੇਰੀ ਜਾਨ ਨੂੰ ਖ਼ਤਰਾ ਹੈ। ਅੱਜ ਸ਼ਾਮ ਤੱਕ ਮੈਨੂੰ ਲਾਂਭ-ਚਾਂਭ ਨਾ ਕੀਤਾ ਗਿਆ ਤਾਂ ਮੈਂ ਸਮਝੋ ਹੈ ਨਹੀਂ। ਇਹ ਆਖਦਿਆਂ ਤਾਏ ਦੀਆਂ ਭੁੱਬਾਂ ਨਿਕਲ ਗਈਆਂ।

"ਓੜਕ ਗੱਲ ਕੀ ਏ, ਤਾਇਆ?"

"ਗੱਲ ਕੀ ਏ, ਸ਼ਿੰਗਾਰੂ ਹੁਰਾਂ ਨੇ ਕੱਲ੍ਹ ਦੀ ਮਾਰ-ਖੰਢੀ ਬੱਕਰੀ ਮੇਰੇ ਮਗਰ ਲਾਈ ਹੋਈ ਨਹੀਂ ਵੇਖੀ ਤੂੰ? ਉਹਦੇ ਸਿੰਗਾਂ ਨਾਲ ਛੁਰੀਆਂ ਬੰਨ੍ਹ ਛੱਡੀਆਂ ਨੇ ਮੇਰੇ ਵੈਰੀਆਂ ਨੇ।"

ਮੈਂ ਬਥੇਰਾ ਮੱਥਾ ਮਾਰਿਆ ਭਈ ਬੱਕਰੀ ਨੇ ਆਦਮੀ ਨੂੰ ਕੀ ਮਾਰਨਾ! ਪਰ ਤਾਇਆ ਮਨਸਾ ਰਾਮ ਅਜੇ ਤੱਕ ਨਹੀਂ ਮੰਨਿਆ ਤੇ ਮੰਨੇ ਵੀ ਕਿਵੇਂ? ਹੋਰ ਹਰ ਬਿਮਾਰੀ ਦਾ ਇਲਾਜ ਹੈ, ਪਰ ਵਹਿਮ ਕੌਣ ਹਟਾਏ!

# ਕੀ 'ਹਿੰਦੂ' ਪਹਿਲੇ 'ਪੰਜ ਪਿਆਰੇ' ਸਨ?

***1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਜਿਨ੍ਹਾਂ ਪਹਿਲੇ 'ਪੰਜ ਪਿਆਰਿਆਂ' ਨੂੰ ਖੰਡੇ ਬਾਟੇ ਦੀ ਪਾਹੁਲ ਦੇ ਕੇ ਖਾਲਸਾ ਸਾਜਿਆ ਸੀ, ਉਸ ਨੂੰ ਧਿਆਨਗੋਚਰੇ ਰੱਖਦਿਆਂ ਕੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਬਾਰੇ ਕਈ ਮਨਘੜਤ ਗੱਲਾਂ ਅੰਕਿਤ ਕਰ ਕੇ ਨਵਾਂ ਹੀ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ? ਜੇ ਹਿੰਦੂਆਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜਿਆ ਸੀ ਤਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 1699 ਦੀ ਵਿਸਾਖੀ ਤੱਕ ਗੁਰੂ ਕਾਲ ਦੀ ਘਾਲਣਾ ਨਾਲ ਤਿਆਰ ਕੀਤੇ ਸਿੱਖ ਕਿੱਥੇ ਸਨ? ਇਹ ਸਵਾਲ ਲੇਖਕ ਸ. ਗੁਰਚਰਨਜੀਤ ਸਿੰਘ ਲਾਂਬਾ ਨੇ ਆਪਣੇ ਇਸ ਲੇਖ ਵਿੱਚ ਉਠਾਏ ਹਨ ਅਤੇ ਨਾਲ ਹੀ ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿੱਤਾ ਹੈ ਕਿ ਇਸ ਦੀ ਵਿਚਾਰ ਜ਼ਰੂਰੀ ਹੈ ਤਾਂ ਜੋ ਸਹੀ ਤੱਥ ਪੇਸ਼ ਕੀਤੇ ਜਾ ਸਕਣ। ਇਹ ਲੇਖ ਪਾਠਕਾਂ ਦੀ ਜਾਣਕਾਰੀ ਹਿੱਤ ਇੱਕ ਪ੍ਰਤੀਕਰਮ ਵਜੋਂ ਛਾਪ ਰਹੇ ਹਾਂ, ਜੋ ਕਿ ਸ. ਤਰਲੋਚਨ ਸਿੰਘ ਨਾਂ ਦੇ ਲੇਖਕ ਵਲੋਂ ਹਿੰਦੀ ਦੇ ਇੱਕ ਅਖਬਾਰ ਵਿੱਚ ਛਪਵਾਇਆ ਗਿਆ ਹੈ।***

**ਗੁਰਚਰਨਜੀਤ ਸਿੰਘ ਲਾਂਬਾ**
santispaih@gmial.com



"ਪਾਂਚ ਹਿੰਦੂ ਹੀ ਪਹਲੇ 'ਪੰਜ ਪਿਆਰੇ' ਸਜੇ ਥੇ।" ਇਸ ਸਿਰਲੇਖ ਵਾਲਾ ਇੱਕ ਬਹੁਤ ਹੀ ਵਿਵਾਦਤ ਅਤੇ ਅਣਲੋੜੀਂਦਾ ਲੇਖ ਸ. ਤਰਲੋਚਨ ਸਿੰਘ ਦੇ ਨਾਮ ਹੇਠ ਵੱਡੀ ਗਿਣਤੀ ਵਿੱਚ ਗਸ਼ਤ ਕਰ ਰਿਹਾ ਹੈ। ਇਸ ਨੇ ਪੰਥਕ ਹਲਕਿਆਂ ਵਿੱਚ ਹਲਚਲ ਪੈਦਾ ਕੀਤੀ ਹੈ, ਪਰ ਧਾਰਮਿਕ ਅਤੇ ਇਤਿਹਾਸਕ ਪੱਖੋਂ ਇਹ ਸਰਾਸਰ ਬੇ-ਬੁਨਿਆਦ ਤੇ ਗ਼ਲਤ ਲੇਖ ਹੈ। ਇਹ ਕਿਉਂ ਅਤੇ ਕਿਸ ਮਕਸਦ ਨਾਲ ਲਿਖਿਆ ਜਾਂ ਲਿਖਵਾਇਆ ਗਿਆ ਹੈ, ਕਿਹਾ ਨਹੀਂ ਜਾ ਸਕਦਾ? ਪਰ ਜੇ ਇਸ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ ਤਾਂ ਇਹ ਭਵਿੱਖ ਵਿੱਚ ਕਈ ਭਰਮ ਭੁਲੇਖੇ ਪੈਦਾ ਕਰਨ ਦਾ ਕਾਰਨ ਬਣ ਸਕਦਾ ਹੈ, ਕਿਉਂਕਿ ਕਿਸੇ ਸਿੱਖ ਵੱਲੋਂ ਲਿਖਿਆ ਅਤੇ ਪ੍ਰਸਾਰਿਆ ਗਿਆ ਹੈ। ਇਸ ਵਿੱਚ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਬਾਰੇ ਕਈ ਮਨਘੜਤ ਗੱਲਾਂ ਅੰਕਿਤ ਕਰ ਕੇ ਨਵਾਂ ਹੀ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਲਈ ਇਸ ਦੀ ਵਿਚਾਰ ਜ਼ਰੂਰੀ ਹੈ ਤਾਂ ਕਿ ਸਹੀ ਤੱਥ ਪੇਸ਼ ਕੀਤੇ ਜਾ ਸਕਣ।

ਸਿੱਖ ਪੰਥ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ। ਇਸ ਕ੍ਰਿਸ਼ਮੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਲਮਬਧ ਕੀਤਾ,

ਤਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥
ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥4॥
ਤਿਨ ਇਹ ਕਲ ਮੋ ਧਰਮ ਚਲਾਯੋ॥
ਸਭ ਸਾਧਨ ਕੋ ਰਾਹੁ ਬਤਾਯੋ॥
ਜੋ ਤਾ ਕੇ ਮਾਰਗ ਮਹਿ ਆਏ॥
ਤੇ ਕਬਹੂੰ ਨਹਿ ਪਾਪ ਸੰਤਾਏ॥5॥

ਉਪਰੰਤ ਨੌਂ ਗੁਰੂ ਸਾਹਿਬਾਨ ਨੇ ਇਸ ਮਹਿਲ ਨੂੰ ਸੁਦ੍ਰਿੜ ਕੀਤਾ। ਫ਼ਿਰ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ ਦੇ ਕੇ ਇਸ ਨੂੰ ਸੰਪੂਰਨ ਕੀਤਾ ਅਤੇ ਇਸ ਤਰ੍ਹਾਂ ਗੁਰੂ ਪੰਥ ਵਿੱਚ ਤਬਦੀਲ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲਾਂ ਹੀ ਸਿੱਖ ਅਤੇ ਸਿੱਖੀ ਪੂਰੀ ਤਰ੍ਹਾਂ ਸੁਦ੍ਰਿੜ ਅਤੇ ਸੰਸਥਾਗਤ ਹੋ ਚੁਕੇ ਸਨ। ਹੁਣ ਜੇ ਹਿੰਦੂਆਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜਿਆ ਸੀ ਤਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 1699 ਦੀ ਵਿਸਾਖੀ ਤੱਕ ਗੁਰੂ ਕਾਲ ਦੀ ਘਾਲਣਾ ਨਾਲ ਤਿਆਰ ਕੀਤੇ ਸਿੱਖ ਕਿੱਥੇ ਸਨ? ਇਸ ਲੇਖ ਮੁਤਾਬਿਕ ਤਾਂ 1469 ਤੋਂ 1699 ਤਕ ਦੀ ਸਾਰੀ ਘਾਲਣਾ ਹੀ ਅਲੋਪ ਕਰ ਦਿੱਤੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਸੀਸ ਭੇਟ ਕਰਨ ਵਾਲੇ ਮਹਾਨ ਸੂਰਬੀਰ ਪੰਜ ਪਿਆਰੇ ਗੁਰੂ ਕੇ ਅਨਿਨ ਸਿੱਖ ਸਨ। ਉਨ੍ਹਾਂ ਨੂੰ ਹਿੰਦੂ ਕਹਿਣਾ ਮਹਾਨ ਯੋਧਿਆਂ ਨੂੰ ਸਿੱਖੀ ਤੋਂ ਮਹਿਰੂਮ ਕਰਨਾ ਅਤੇ ਬਹੁਤ ਵੱਡੀ ਧਾਰਮਿਕ ਅਵੱਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਤਾਂ ਪਹਿਲੇ ਜਾਮੇ ਵਿੱਚ ਹੀ ਸਿੱਖ ਬਣਨ ਲਈ ਸ਼ਰਤ ਰੱਖ ਦਿੱਤੀ ਸੀ,

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥20॥
(ਮ. 1, ਅੰਗ 1412)

ਇਸ ਤਰ੍ਹਾਂ ਜਿਹੜੇ ਵੀ ਗੁਰੂ ਸਾਹਿਬ ਦੇ ਮਾਰਗ 'ਤੇ ਆਏ, ਉਹ ਗੁਰੂ ਕੇ ਸਿੱਖ ਸਨ ਅਤੇ ਉਨ੍ਹਾਂ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ,

ਸੁਣੀ ਪੁਕਾਰਿ ਦਾਤਾਰ ਪ੍ਰਭੁ
ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ
ਚਰਣਾਮ੍ਰਿਤੁ ਸਿਖਾਂ ਪੀਲਾਇਆ।

ਬਿਲਕੁਲ ਇਸੇ ਤਰਜ਼ 'ਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਚਨ ਨੂੰ ਨੰਗੀ ਸ੍ਰੀ ਸਾਹਿਬ ਲੈ ਕੇ ਸਿੱਖਾਂ ਦੇ ਸਿਰ ਦੀ ਮੰਗ ਕੀਤੀ ਸੀ ਕਿ ਜੋ ਵੀ ਇਸ ਪ੍ਰੇਮ ਦੇ ਮਾਰਗ 'ਤੇ ਤੁਰਨਾ ਚਾਹੁੰਦੇ ਹਨ, ਜੋ ਵੀ ਪਿਆਰੇ ਅਖਵਾਉਣਾ ਚਾਹੁੰਦੇ ਹਨ, ਉਹ ਆਪਣਾ ਸੀਸ ਭੇਟ ਕਰਨ। ਇਸ ਤਰ੍ਹਾਂ ਚਰਣਾਮ੍ਰਿਤ ਤੋਂ ਖੰਡੇ ਦੀ ਪਾਹੁਲ ਦਾ ਸਫ਼ਰ ਤੈਅ ਪਾਇਆ ਗਿਆ।

ਇੱਥੇ ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਸੀ ਅਤੇ ਸਿੱਖ ਸੰਗਤਾਂ ਹੀ ਜੁੜੀਆਂ ਸਨ।

ਦੋਹਰਾ- ਭਯੋ ਮੇਲ ਜਬਿ ਅਨੰਦਪੁਰਿ ਚਹੁਦਿਸ਼ਿ ਤੇ ਸਿਖ ਆਇ॥
ਭਈ ਭੀਰ ਦੀਰਘ ਤਹਾਂ ਦਰਸ ਚਾਹਿ ਅਧਿਕਾਇ॥1॥ ਰੁਤ 3, ਅਧਿਆਇ 17

ਇਸ ਮੁਕਾਮ ਤਕ ਪਹੁੰਚਣ ਲਈ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ ਅਤੇ ਥਾਂ ਥਾਂ ਧਰਮਸਾਲਾ ਅਤੇ ਸੰਗਤਾਂ ਕਾਇਮ ਕੀਤੀਆਂ। ਜਿਵੇਂ ਛੋਟੀ ਸੰਗਤ, ਬੜੀ ਸੰਗਤ, ਕੱਚੀ ਸੰਗਤ, ਪੱਕੀ ਸੰਗਤ ਆਦਿ ਅਤੇ ਇਹ ਸਿਲਸਿਲਾ ਬਾਅਦ ਵਿੱਚ ਵੀ ਗੁਰੂ ਕਾਲ ਵਿੱਚ ਜਾਰੀ ਰਿਹਾ। ਇਨ੍ਹਾਂ ਸੰਗਤਾਂ ਨੂੰ ਪੱਕੇ ਤੌਰ 'ਤੇ ਧੁਰੇ ਨਾਲ ਜੋੜਨ ਲਈ ਗੁਰੂ ਅਮਰਦਾਸ ਜੀ ਨੇ ਮੰਜੀਆਂ ਸਥਾਪਤ ਕੀਤੀਆਂ ਅਤੇ ਮਸੰਦ ਥਾਪੇ।

ਗੁਰੂ ਸਾਹਿਬ ਦੇ ਮਾਰਗ ਨੂੰ ਅਪਣਾਉਣ ਵਾਲੇ ਸਿੱਖ ਅਖਵਾਏ। ਇਹ ਸ਼ਬਦ ਸਿੱਖ ਕਿਸੇ ਵੇਦ, ਪੁਰਾਣ, ਸ਼ਾਸਤ੍ਰ ਵਿੱਚ ਨਹੀਂ ਸੀ; ਪਰ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਕੇ ਸਿੱਖ, ਗੁਰਸਿੱਖ, ਗੁਰਬਾਣੀ, ਗੁਰ ਇਤਿਹਾਸ ਅਤੇ ਸਿੱਖ ਪਰੰਪਰਾ ਵਿੱਚ ਇਹ ਲਫ਼ਜ਼ ਪੂਰੀ ਤਰ੍ਹਾਂ ਮਕਬੂਲ ਹੋ ਗਿਆ।

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ॥ (ਮ. 3, ਅੰਗ 920)
ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ॥
(ਮ. 3, ਅੰਗ 602)
ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੋ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
(ਮ. 4, ਅੰਗ 306)

ਗੁਰੂ ਨਾਨਕ ਦੇਵ ਜੀ ਵਲੋਂ ਲਾਏ ਗੁਰਸਿੱਖੀ ਦੇ ਬੂਟੇ ਦੀ ਮਹਿਕ ਇੰਨੀ ਫੈਲ ਚੁੱਕੀ ਸੀ ਕਿ ਭਾਈ ਮਨੀ ਸਿੰਘ ਜੀ ਦੁਆਰਾ ਰਚਿਤ ਸਿੱਖਾਂ ਦੀ ਭਗਤ ਮਾਲਾ ਵਿੱਚ ਕਰੀਬ ਦੋ ਸੌ ਸਿੱਖਾਂ ਦਾ ਜ਼ਿਕਰ ਹੈ ਅਤੇ ਹਰ ਇੱਕ ਨੂੰ ਭਾਈ ਲਫ਼ਜ਼ ਨਾਲ ਸੰਬੋਧਨ ਕੀਤਾ ਗਿਆ ਹੈ। ਇਸੇ ਤਰ੍ਹਾਂ ਗੁਰੂ ਹਰਗੋਬਿੰਦ ਜੀ, ਗੁਰੂ ਤੇਗ ਬਾਹਾਦੁਰ ਜੀ ਦੇ ਹੁਕਮਨਾਮੇ ਮੌਜੂਦ ਹਨ, ਜਿਨ੍ਹਾਂ ਵਿੱਚ ਗੁਰੂ ਸਾਹਿਬ ਨੇ ਗੁਰਸਿੱਖਾਂ ਦੇ ਨਾਮ ਅੰਕਿਤ ਹਨ। ਹੋਰ ਤਾਂ ਹੋਰ ਗੁਰੂ ਹਰਗੋਬਿੰਦ ਜੀ ਨੇ ਆਪਣੇ ਹੁਕਮਨਾਮੇ ਵਿੱਚ ਸਿੱਖਾਂ ਬਾਰੇ ਲਿਖਿਆ ਹੈ ਕਿ ਤੁਸੀਂ ਮੇਰਾ ਖਾਲਸਾ ਹੋ। ਖਾਲਸਾ ਉਸ ਜ਼ਮੀਨ ਨੂੰ ਕਿਹਾ ਜਾਂਦਾ ਹੈ, ਜੋ ਸਿੱਧੀ ਬਾਦਸ਼ਾਹ ਦੇ ਅਧੀਨ ਹੋਵੇ ਅਤੇ ਜਿਸ 'ਤੇ ਕੋਈ ਮਾਲੀਆ, ਟੈਕਸ ਜਾਂ ਲਗਾਨ ਨਾ ਹੇਵੇ।

ਇਹ ਗੱਲ ਨਿਰਵਿਵਾਦਤ ਰੂਪ ਵਿੱਚ ਸਹੀ ਹੈ ਕਿ ਸ਼ੁਰੂ ਸ਼ੁਰੂ ਵਿੱਚ ਸਿੱਖੀ ਦੀ ਪਨੀਰੀ ਵਿੱਚ ਵੱਡਾ ਯੋਗਦਾਨ ਦੇਣ ਵਾਲੇ ਹਿੰਦੂ ਹੀ ਸਨ। ਪਰ ਉਹ ਸਿੰਘ ਸਜੇ ਸਨ, ਸਿੱਖਾਂ ਦੀਆਂ ਕੁਰਬਾਨੀਆਂ, ਆਚਰਣ ਅਤੇ ਦੂਸਰਿਆਂ ਲਈ ਆਪਾਂ ਵਾਰਨ ਦੇ ਜਜ਼ਬੇ ਤੋਂ ਪ੍ਰਭਾਵਤ ਹੋ ਕੇ। ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਇੱਕ ਵਾਰ ਸਿੰਘ ਸਜ ਜਾਣ ਤੋਂ ਬਾਅਦ ਸਿੱਖੀ ਦਾ ਤਿਆਗ ਕਰਨ ਵਾਲਾ ਪਤਿਤ ਹੁੰਦਾ ਹੈ, ਸਹਿਜਧਾਰੀ ਜਾਂ ਹਿੰਦੂ ਨਹੀਂ।

ਇਸ ਤੋਂ ਜ਼ਿਆਦਾ ਮਹੱਤਵਪੂਰਨ ਗੱਲ ਇਹ ਹੈ ਕਿ ਜਿਵੇਂ ਇਸਲਾਮ, ਮਸੀਹੀ ਜਾਂ ਯਹੂਦੀ ਧਰਮਾਂ ਦਾ ਮੁੱਢ ਅਤੇ ਸ੍ਰੋਤ, ਉਨ੍ਹਾਂ ਦੀਆਂ ਧਾਰਮਿਕ ਪੁਸਤਕਾਂ, ਉਨ੍ਹਾਂ ਦੇ ਪੈਗੰਬਰ ਵੀ ਸਾਂਝੇ ਹਨ, ਪਰ ਉਨ੍ਹਾਂ ਦੀ ਅੱਡਰੀ ਹਸਤੀ 'ਤੇ ਕਦੀ ਵਿਵਾਦ ਨਹੀਂ ਹੋਇਆ। ਦੂਸਰੇ ਪਾਸੇ ਸਿੱਖ ਅਤੇ ਹਿੰਦੂ ਧਰਮ ਗ੍ਰੰਥ ਵੱਖ ਵੱਖ ਹਨ। ਪਰ ਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਪੁਰਾਤਨ ਮਿਥਿਹਾਸਕ ਪਾਤਰਾਂ ਨੂੰ ਅੰਕਿਤ ਕੀਤਾ। ਪੌਰਾਣਿਕ ਗਾਥਾਵਾਂ ਦੇ ਹਵਾਲੇ ਦਿੱਤੇ, ਪਰ ਸ਼ਰਤ ਸਿਰਫ਼ ਇੱਕ ਸੀ ਕਿ ਸਭ ਦਾ ਕਰਤਾ ਪੁਰਖ ਅਤੇ ਪੂਜਣਯੋਗ ਹਸਤੀ ਜਾਂ ਸਤੁਤੀ ਕੇਵਲ ਇੱਕ ਦੀ ਹੀ ਹੈ।

ਗੁਰੂ ਕਾਲ ਦੌਰਾਨ ਹੀ ਸਿੱਖ ਪੰਥ ਦੇ ਨਿਆਰੇਪਨ ਨੂੰ ਗੁਰੂ ਸਾਹਿਬਾਨ ਨੇ ਨਿਰਣਾਇਕ ਤੌਰ 'ਤੇ ਪਰਪੱਕ ਕਰ ਦਿੱਤਾ ਸੀ। ਮਸ਼ਹੂਰ ਲੇਖਕ ਖੁਸ਼ਵੰਤ ਸਿੰਘ ਨੇ ਆਪਣੀ ਪੁਸਤਕ ਦੀ ਸਿੱਖਸ ਵਿੱਚ ਅੰਕਿਤ ਕੀਤਾ ਹੈ,

The folowing that Nanak had created in his life time could at best be described as a group dissenting from both Hinduism and Islam.

(ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿੱਚ ਹੀ ਜਿਹੜੇ ਪੈਰੋਕਾਰ ਬਣਾਏ ਸਨ, ਉਨ੍ਹਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਉਹ ਲੋਕ ਸਨ ਜਿਨ੍ਹਾਂ ਨੇ ਆਪਣੇ ਆਪ ਨੂੰ ਇਲਸਾਮ ਅਤੇ ਹਿੰਦੂ ਮਤ ਤੋਂ ਵੱਖ ਕਰ ਲਿਆ ਸੀ।)

ਗੁਰੂ ਦੇਵ ਜੀ ਨੇ ਆਪਣਾ ਨਿਸ਼ਾਨਾ ਸਪਸ਼ਟ ਕੀਤਾ,

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥੧॥

ਇਸ ਮਹਾਂ ਵਾਕ ਨੂੰ ਗੁਰੂ ਸਾਹਿਬਾਨ ਨੇ ਅਮਲੀ ਰੂਪ ਵਿੱਚ ਤਨ 'ਤੇ ਹੰਢਾਇਆ। ਬਾਬਰ ਦੇ ਹਮਲੇ ਵੇਲੇ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮੁਸਲਮਾਨ ਔਰਤਾਂ ਤੇ ਹੁੰਦੇ ਜ਼ੁਲਮਾਂ ਨੂੰ ਵੇਖ ਕੇ ਹਾਅ ਦਾ ਨਾਅਰਾ ਮਾਰਿਆ,

ਮੁਸਲਮਾਨੀਆ ਪੜਹਿ ਕਤੇਬਾ
ਕਸ਼ਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ
ਏਹਿ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ॥1॥
(ਮ. 1, ਅੰਗ 723)

ਇੰਨਾ ਹੀ ਨਹੀਂ, ਗੁਰੂ ਤੇਗ ਬਹਾਦੁਰ ਜੀ ਨੇ ਤਾਂ ਤਿਲਕ ਅਤੇ ਜੰਞੂ ਦੀ ਰਾਖੀ ਖਾਤਰ ਆਪਣੇ ਸੀਸ ਦਾ ਬਲੀਦਾਨ ਦੇ ਦਿੱਤਾ। ਬਾਅਦ ਵਿੱਚ ਗੁਰੂ ਕੇ ਖਾਲਸੇ ਨੇ ਇਸ ਪਿਰਤ ਨੂੰ ਜਾਨਾਂ ਹੂਲ ਕੇ ਜਾਰੀ ਰਖਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤੇ, ਜਾ ਤੇ ਛੂਟ ਗਯੋ ਭ੍ਰਮ ਉਰ ਕਾ, ਤਿਸ ਆਗੈ ਹਿੰਦੂ ਕਿਆ ਤੁਰਕਾ॥ ਇਸ ਤਰ੍ਹਾਂ ਬਿਨਾ ਕਿਸੇ ਭੇਦ ਭਾਵ ਦੇ ਕੇਵਲ ਇਨਸਾਨੀਅਤ ਦੇ ਨਾਤੇ ਆਪਾ ਵਾਰਨ ਦਾ ਇਤਿਹਾਸ ਰਚਿਆ; ਪਰ ਇਸ ਦੇ ਨਾਲ ਹੀ ਆਪਣੀ ਨਿਆਰੀ ਹਸਤੀ ਨੂੰ ਵੀ ਕਾਇਮ ਰਖਿਆ। ਗੁਰਵਾਕ ਹੈ,

ਭੈਰਉ ਮਹਲਾ ੫॥
ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥੧॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥੪॥
ਕਹੁ ਕਬੀਰ ਇਹੁ ਕੀਆ ਵਖਾਨਾ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥੫॥੩॥

ਸੋ ਇਹ ਕਹਿਣਾ ਕਿ ਪਹਿਲੇ ਪੰਜ ਪਿਆਰੇ ਹਿੰਦੂ ਸਨ, ਸਰਾਸਰ ਗ਼ਲਤ ਹੈ ਅਤੇ ਕਿਸੇ ਵਿਸ਼ੇਸ਼ ਮਕਸਦ ਨਾਲ ਕਹੀ ਗਈ ਹੈ। ਇਹ ਪੰਥਕ ਪਿੜ ਵਿੱਚ ਉਤੇਜਨਾ ਪੈਦਾ ਕਰਨ ਸਿੱਖ ਹੋਂਦ 'ਤੇ ਪ੍ਰਹਾਰ ਕਰਨ ਵਾਲਾ ਬਿਆਨ ਹੈ। ਅੰਮ੍ਰਿਤ ਦਾ ਅਧਿਕਾਰੀ ਹਰ ਪ੍ਰਾਣੀ ਮਾਤਰ ਹੈ, ਪਰ ਅੰਮ੍ਰਿਤ ਛਕਣ ਲਈ ਕੁਝ ਬੁਨਿਆਦੀ ਸ਼ਰਤਾਂ ਹਨ, ਜਿਨ੍ਹਾਂ ਵਿੱਚ ਸਭ ਤੋਂ ਪਹਿਲੀ ਹੈ, ਉਸ ਦਾ ਸਾਬਤ ਸੂਰਤ ਹੋਣਾ। ਇਸ ਲਈ ਗੈਰ ਸਿੱਖ ਤੋਂ ਸਿੰਘ ਸਜਣ ਵਿਚਕਾਰ ਇੱਕ ਪੜਾਅ ਸਿੱਖ ਹੋਣ ਦਾ ਹੈ। ਹਿੰਦੂ ਤੋਂ ਸਿੰਘ ਸਜਣ ਲਈ ਕੁਝ ਮਹੀਨੇ ਦਾ ਸਮਾਂ ਲਗਦਾ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲਾਂ ਗੁਰੂ, ਸਿੱਖ, ਸੰਗਤ, ਗੁਰਬਾਣੀ, ਗੁਰੂ ਗ੍ਰੰਥ ਸਾਹਿਬ, ਕਥਾ-ਕੀਰਤਨ, ਸਿੱਖ ਮਰਯਾਦਾ, ਸਚਿਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਨਿਸ਼ਾਨ, ਨਗਾਰੇ, ਲੰਗਰ ਆਦਿ ਸਾਰੇ ਸਿਧਾਂਤ, ਪਰੰਪਰਾਵਾਂ ਪੱਕੇ ਪੈਰੀ ਹੋ ਚੁੱਕੀਆਂ ਸਨ। ਅੰਮ੍ਰਿਤ ਪ੍ਰਾਪਤੀ ਦਾ ਰਾਹ ਤਟ ਫਟ ਨਹੀਂ ਹੁੰਦਾ। ਇਸ ਲਈ ਦ੍ਰਿੜ ਇਰਾਦੇ, ਤਿਆਰੀ ਅਤੇ ਸਮੇਂ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਗੁਰਮਤਿ ਅਤੇ ਗੁਰਸਿੱਖੀ ਨੂੰ ਦ੍ਰਿੜ ਹੋ ਚੁੱਕੇ ਪੰਜ ਪਿਆਰਿਆਂ 'ਤੇ ਹੀ ਅੰਮ੍ਰਿਤ ਦੀ ਇਲਾਹੀ ਦਾਤ ਦੀ ਬਖਸ਼ਿਸ਼ ਹੋਈ। ਇਸ ਤੋਂ ਸਪਸ਼ਟ ਹੈ ਕਿ ਗੁਰੂ ਕਲਗੀਧਰ ਪਿਤਾ ਨੇ ਗੁਰ ਸੰਗਤ ਨੂੰ ਖਾਲਸਾ ਬਣਾਇਆ। ਸੋ ਗੁਰੂ ਤੋਂ ਸਿੱਖ ਬਣੇ, ਸਿੱਖ ਤੋਂ ਸੰਗਤਾਂ ਬਣੀਆਂ ਅਤੇ ਸੰਗਤ ਤੋਂ ਖਾਲਸਾ। ਗੁਰ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ



## पांच हिन्दू ही पहले 'पंज प्यारे' सजे थे

हम कई वर्षों से एक आवाज सुन रहे हैं कि सिख धर्म को हिन्दुओं से खतरा है। जो ग्रुप इस प्रचार में लगा हुआ है वह इतिहास को बिगाड़ कर ऐसे ढंग से पेश कर रहा है कि उनके तर्क को वजन मिले। जब कोई विद्वान या प्रचारक इस विषय पर बोलता है तो साफ शब्दों में हिन्दू कौम को सिखों की दुश्मन घोषित करता है। पहले जब यह बात शुरू हुई थी तो ब्राह्मणवाद को मुख्य मुद्दा बनाया गया था। ब्राह्मणवाद को सिख असूलों के विरुद्ध माना गया। कई बार तो ये प्रवक्ता ब्राह्मणों को ही बुरा-भला कहते रहे। हम यह भूल गए कि अनेक ब्राह्मणों ने सिख धर्म को अपनाया था। जिन कश्मीरी पंडितों की फरियाद पर गुरु तेग बहादुर जी ने अपनी कुर्बानी दी, वे पंडित सिख बन गए।

कश्मीर विशेष कर पुंछ क्षेत्र में सारी आबादी ब्राह्मणों से बने सिखों की है। हमें भूलना नहीं चाहिए कि सभी ग्रंथी पहले इन्हीं क्षेत्रों से आते थे और वे ब्राह्मण थे। दरबार साहिब अमृतसर के हैड ग्रंथी ज्ञानी भूपिन्द्र सिंह भी ब्राह्मण थे। बड़े-बड़े विद्वान और योद्धा ब्राह्मण सिख बने।

सिख धर्म जात-पात से ऊपर है तो हमारे नेता किस मुंह से ब्राह्मणों की निंदा करते हैं। एक गंगू ब्राह्मण की कथा सुन कर हम सारे ब्राह्मण समुदाय को बदनाम करते हैं। अपराध तो हर जाति का आदमी करता है। सिखों में भी कुछ गद्दार रहे हैं तो क्या हम सभी सिखों को बुरा कह सकते हैं। मेरा पहला अनुरोध यह है कि केवल गंगू शब्द इस्तेमाल किया जाए या हम गंगू नौकर कह सकते हैं। मैंने बहुत समय पहले एक लेख पढ़ा था जिसमें यह कहानी बनाई गई थी कि गंगू को मुगल बादशाह ने ईनाम के तौर पर यू.पी. में बहुत बड़ी जमीन दी और वह इलाहाबाद में जा बसा।

गुरु अर्जुन देव जी की कुर्बानी का आदेश बादशाह जहांगीर देता है। यह बात तुजके जहांगीरी में दर्ज है, कोई भी पढ़ सकता है लेकिन हर कोई चंदू को कुर्बानी का कारण बता कर मुगल सरकार को दोष मुक्त करता है। इतिहास बिगाड़ने के जिम्मेदार हम खुद ही बन रहे हैं। कुछ समय पहले किसी ने यह भी लिखा था कि गुरु तेग बहादुर जी की कुर्बानी का औरंगजेब को पता ही नहीं था। हमें इन नई साजिशों को समझने की कोशिश करनी चाहिए।

हम लेख के मुख्य मुद्दे पर नजर मारें कि यह सच नहीं कि सभी सिख हिन्दू धर्म से आए हैं। कई मुसलमान या ईसाई धर्म से भी सिख बने हैं? हिन्दू हमारी पनीरी रही है। सारा इतिहास पढ़ें तो कहीं भी पंजाब, अफगानिस्तान, सिंध, कश्मीर में पूरी संगत हिन्दुओं की ही थी और वह गुरु महाराज को इष्ट मानती थी और नजराने पेश करती थी। फिर जब 1699 में गुरु गोबिंद सिंह जी ने खालसा पंथ की स्थापना की तो पूरे भारत से 5 हिन्दू ही 'पंज प्यारे' सजे थे और उन्होंने सिख धर्म अपनाया था। नादिरशाह और अब्दाली के जुल्मों से बचाने के लिए सिखों की सहायता कौन करता था? एक बार तो पूरे सिखों को खत्म करने की घोषणा कर दी गई थी। जब बोता सिंह की बहादुरी की कथा सुनते हैं, उस समय सिख कहां से आए? हिन्दू ही सिख बने और सिख धर्म की चढ़त मची।

मैं पाकिस्तान में जन्मा हूं। हमारे सारे क्षेत्र में सारे हिन्दू सहजधारी सिख थे। सारा सिंध क्षेत्र गुरु नानक देव जी को मानता था। आज दिल्ली में नजर मारें तो आपको पता चलेगा कि बहुत सारे हिन्दू परिवार गुरुद्वारा साहिब में अखंड साहिब के भोग डलवाते हैं। बंगला साहिब में रोजाना की उपस्थिति में देखो कितने हिन्दू परिवार आते हैं। क्या बिगाड़ा है हमारा हिन्दुओं ने?

क्या हिन्दू सिख युवकों को या स्कूलों में विद्यार्थियों को पतित होने का प्रचार करते हैं? क्या कहीं सुना है कि कोई हिन्दू किसी सिख को अपना धर्म छोड़कर हिन्दू बनने के लिए प्रेरित कर रहा है? ईसाई मत वाले हर जगह धर्म परिवर्तन के प्रयास में रहते हैं।

जब 1947 में भारत स्वतंत्र हुआ और सिख उजड़ कर यहां आए तो हिन्दुओं ने ही उनकी सहायता की। सिख भारत के प्रत्येक कोने में जा बसे। वहां अपना कामकाज शुरू किया। खेती के फार्म बनाए, गुरुद्वारे बनाए। सिखों के पुनर्वास के लिए हिन्दुओं ने ही आगे बढ़कर सहायता की पर जब पंजाब में कुछ खून-खराबा हुआ, झगड़े बढ़े तो बहुत सारे लोग हमें बेगाना समझने लगे पर फिर भी पंजाब के बाहर सिखों के प्रति कोई घृणा नहीं है। आमतौर पर यह तर्क दिया जाता है कि कई हिन्दू लीडर सिखों को हिन्दू धर्म का अंग समझते हैं। यह एक ऐसा सवाल है जिसे बारीकी से समझने की आवश्यकता है।

आर.एस.एस. वाले प्रत्येक शाखा में गुरु गोबिंद सिंह जी की फोटो रखते हैं। उनके शबद गायन करते हैं। वह सिखों को सत्कार सहित अपना मानते हैं। इससे हमारा क्या बिगड़ता है? क्या वे हमें सिख धर्म छोड़ने को कहते हैं या गुरु ग्रंथ साहिब के प्रति कुछ गलत कहते हैं? क्या वे पतित होने की सलाह देते हैं?

मैंने लिखती रूप में आर.एस.एस. से बयान लिया था कि सिख एक अलग धर्म है तथा वह उसे मानते हैं। फिर हम उनकी क्यों निंदा करते हैं? कई मुसलमान हमें अपना भाई कहते हैं तो क्या हम उन्हें ऐसा कहने से मना कर दें?

एक मामला है संविधान की धारा 25 का। यह संविधान 1950 में लागू हुआ। उस समय जिसने यह ड्राफ्ट किया उसकी जानकारी के अभाव के कारण एक सब क्लाज डाली गई, मुख्य धारा में कुछ नहीं है। दूसरे मत में धार्मिक स्थानों में आने-जाने संबंधी बातें दर्ज हैं। उसमें सिख, जैनी व बौद्धों को हिन्दुओं से जोड़ दिया गया। विधानकार डा. अम्बेदकर थे। इस धारा के कारण हम यह अर्थ नहीं निकाल सकते कि संविधान वाले सिखों के विरुद्ध थे? उनका कोई इरादा हमारे विपरीत नहीं था। संविधान में शोध करने वाली कमेटी ने इस मद को बदलने की सिफारिश कर दी है।

मैंने भी पार्लियामैंट में इसके बारे में प्रस्ताव रखा हुआ है। मेरे प्रस्ताव के समर्थन में आर.एस.एस. और विश्व हिन्दू परिषद के अध्यक्ष ने मुझे लिख कर भी दिया हुआ है। यह परिवर्तन भारत सरकार ने करना है। इसमें हिन्दुओं का कोई दोष नहीं। पंजाब में राजनीतिक झगड़ों को सामने रखकर कई बार हिन्दुओं और सिखों में तकरार भी होती रही है परन्तु यह कभी बड़े रूप में नहीं हुई। दोनों ओर से गैर-जिम्मेदार लोग छोटी-छोटी बात पर झगड़ पड़ते हैं।

सभी तथ्य समझने की आवश्यकता है। कई लेखक तो बहाने ढूंढते हैं। गुरबाणी में सारे पिछोकड़ दर्ज हैं। कहीं भी किसी का विरोध नहीं। सिखों में कुछ ऐसे लोग भी हैं जो अरदास पर एतराज कर रहे हैं। गुरु के शब्दों पर सवालिया निशान लगा रहे हैं और हिन्दुओं के प्रति दुश्मनी प्रकट करने के लिए मनघढ़ंत कहानियां बना रहे हैं। ऐसा क्यों? हमारा उद्देश्य क्या है?

दरअसल कमजोरियां तो हमारे अपने समाज में हैं। हमारे बच्चे पतित हो रहे हैं। हम उस ओर तो ध्यान ही नहीं देते। हाकी, फुटबाल और कबड्डी आदि खेलने वाले सिख खिलाड़ी बहुत कम नजर आते हैं। क्या यह हिन्दुओं ने किया है? कभी सोचो और बिना मतलब के अपने दुश्मन पैदा न करो। सहजधारी सिखों को वांछित सत्कार और अधिकार दें। इससे हमारा भाईचारा और बढ़ेगा। गुरु नानक देव जी के 'नामलेवा' करोड़ों हैं, उनकी कदर करो। उन्हें गुरु की बख्शीश से वंचित न रखो। मेरे आग्रह पर विचार करें।

त्रिलोचन सिंह (एम.पी.)

**ਹਿੰਦੀ ਅਖਬਾਰ ਵਿੱਚ ਛਪੇ ਤਰਲੋਚਨ ਸਿੰਘ ਦੇ ਲੇਖ ਦੀ ਕਾਤਰ**

## 'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ'

# ਰਾਇ ਬਲਵੰਡ ਤੇ ਰਾਇ ਸੱਤਾ ਜੀ




ਰਾਇ ਬਲਵੰਡ ਤੇ ਰਾਇ ਸੱਤਾ ਜੀ ਦੇ ਕਾਲਪਨਿਕ ਚਿੱਤਰ

**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਵਲੋਂ ਖੋਜ ਕਰ ਕੇ ਤਿਆਰ ਕੀਤੀ ਗਈ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਲੇਖਕ ਹੁਣ ਤੱਕ 19 ਪੁਸਤਕਾਂ ਲਿਖ ਚੁੱਕਾ ਹੈ। ਅਸੀਂ ਸੁਹਿਰਦ ਪਾਠਕਾਂ ਲਈ "ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੂੰ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਅੰਕ ਵਿੱਚ ਰਾਇ ਬਲਵੰਡ ਤੇ ਰਾਇ ਸੱਤਾ ਜੀ ਦਾ ਵੇਰਵਾ ਹੈ...**

**ਅਲੀ ਰਾਜਪੁਰਾ**
**ਫੋਨ:+91-9417679302**



ਰਾਇ ਬਲਵੰਡ ਤੇ ਸੱਤਾ ਦਾ ਪਿਛੋਕੜ ਦੁਆਬੇ ਦੇ ਮਸ਼ਹੂਰ ਸ਼ਹਿਰ ਬੰਗਾ (ਨਵਾਂ ਸ਼ਹਿਰ) ਦਾ ਸੀ। ਉਂਝ ਇਹ ਖਡੂਰ ਸਾਹਿਬ ਰਹਿਣ ਲੱਗੇ ਸਨ। ਇਹ ਮੀਰ ਆਲਮ ਘਰਾਣੇ ਨਾਲ ਸਬੰਧਤ ਸਨ ਤੇ ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ 'ਚ ਕੀਰਤਨ ਕਰਿਆ ਕਰਦੇ ਸਨ। ਇਨ੍ਹਾਂ ਨੇ ਗੁਰੂ ਜੀ ਦੇ ਦਰਬਾਰ 'ਚ ਲੰਮਾ ਸਮਾਂ ਕੀਰਤਨ ਦੀ ਸੇਵਾ ਨਿਭਾਈ। ਕੁਝ ਸਾਖੀਆਂ 'ਚ ਇਸ ਤਰ੍ਹਾਂ ਜ਼ਿਕਰ ਮਿਲਦਾ ਹੈ ਕਿ 'ਸੱਤਾ' ਦੀ ਲੜਕੀ ਦਾ ਵਿਆਹ ਸੀ। ਉਨ੍ਹਾਂ ਨੇ ਵਿਆਹ ਠਾਠ-ਬਾਠ ਨਾਲ ਕਰਨ ਦੀ ਸਲਾਹ ਕੀਤੀ ਤੇ ਗੁਰੂ ਜੀ ਕੋਲ਼ ਬੇਨਤੀ ਲੈ ਕੇ ਗਏ ਕਿ ਇੱਕ ਦਿਨ ਦਾ ਚੜ੍ਹਾਵਾ ਉਹ ਲੈ ਲੈਣਗੇ ਤੇ ਉਨ੍ਹਾਂ ਦਾ ਵਿਆਹ ਦਾ ਕਾਰਜ ਸੁਖਾਲਾ ਸਿਰੇ ਚੜ੍ਹ ਜਾਵੇਗਾ। ਇਨ੍ਹਾਂ ਦੀ ਗੱਲ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਉਹ ਵਿਆਹ ਦੀ ਚਿੰਤਾ ਨਾ ਕਰਨ...। ਤੁਸੀਂ ਗੁਰੂ ਘਰ ਦੇ ਲੜ ਲੱਗੇ ਹੋਏ? ਤੁਹਾਨੂੰ ਕਿਸ ਚੀਜ਼ ਦਾ ਘਾਟਾ ਹੈ...?" ਪਰ ਦੋਵੇਂ ਭਰਾਵਾਂ ਦੇ ਚਿੱਤ ਨੂੰ ਕੋਈ ਚੈਨ ਨਹੀਂ ਪਿਆ, ਜਿਸ ਨੂੰ ਗੁਰੂ ਸਾਹਿਬ ਜਾਣ ਗਏ ਸਨ।

ਗੁਰੂ ਜੀ ਨੇ ਫੇਰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਕੁਦਰਤ ਦੀ ਹੋਣੀ ਤੋਂ ਅਣਜਾਣ ਸਨ। ਜਦੋਂ ਉਹ ਆਪਣੀ ਜ਼ਿੱਦ 'ਤੇ ਅੜੇ ਰਹੇ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਚੜ੍ਹਾਵਾ ਲੈਣ ਦੀ ਹਾਮੀ ਭਰ ਦਿੱਤੀ। ਅਗਲੇ ਦਿਨ ਉਨ੍ਹਾਂ ਨੇ ਕੀਰਤਨ ਕਰਨਾ ਅਰੰਭ ਕੀਤਾ। ਉਨ੍ਹਾਂ ਦੀ ਸੁਰਤ ਮਾਇਆ 'ਚ ਹੋਣ ਕਰਕੇ ਲੈਅ ਟੁੱਟ ਗਈ, ਰਾਗ ਬਦਲ ਗਏ। ਉਨ੍ਹਾਂ ਦੀ ਇਕਾਗਰਤਾ ਭੰਗ ਹੋ ਚੁੱਕੀ ਸੀ, ਬਾਣੀ ਗਾਉਂਦਿਆਂ ਕਈ ਊਣਤਾਈਆਂ ਰਹਿ ਗਈਆਂ ਤੇ ਚੜ੍ਹਾਵਾ ਵੀ ਉਨ੍ਹਾਂ ਦੀ ਕਿਆਸਅਰਾਈ ਤੋਂ ਕਿਤੇ ਘੱਟ ਹੋਇਆ। ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਗੁਰੂ ਜੀ ਨੇ ਕੀਤੇ ਬਚਨਾਂ ਅਨੁਸਾਰ ਚੜ੍ਹਾਵਾ ਲੈ ਜਾਣ ਦੀ ਆਗਿਆ ਦੇ ਦਿੱਤੀ। ਗੁਰੂ ਜੀ ਨੇ ਉਨ੍ਹਾਂ ਨੂੰ ਦਿੱਤੇ ਬਚਨ ਪੁਗਾਉਣ ਲਈ ਕਿਹਾ।

ਅਗਲੇ ਦਿਨ ਆਸਾ ਕੀ ਵਾਰ ਦਾ ਕੀਰਤਨ ਹੋਣਾ ਸੀ। ਉਨ੍ਹਾਂ ਨੇ ਦਰਬਾਰ ਵਿਚ ਨਾ ਜਾਣ ਦਾ ਫ਼ੈਸਲਾ ਕਰ ਲਿਆ। ਜਦੋਂ ਉਹ ਦਰਬਾਰ ਵਿਚ ਹਾਜ਼ਰ ਨਾ ਹੋਏ ਤਾਂ ਗੁਰੂ ਜੀ ਨੇ ਆਪਣੇ ਸਿੱਖ ਰਾਹੀਂ ਬੁਲਾਵਾ ਭੇਜਿਆ, ਪਰ ਉਨ੍ਹਾਂ ਨੇ ਆਉਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਨੇ ਫੇਰ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਉਹ ਰਬਾਬੀਆਂ ਨੂੰ ਸਤਿਕਾਰ ਸਹਿਤ ਦਰਬਾਰ ਵਿਚ ਲਿਆਉਣ, ਪਰ ਰਾਇ ਬਲਵੰਡ ਤੇ ਸੱਤਾ ਜੀ ਨੇ ਹੰਕਾਰੀ ਆਵਾਜ਼ ਨਾਲ ਕਿਹਾ ਕਿ ਉਹ ਗੁਰੂ ਦੇ ਦਰਬਾਰ 'ਚ ਹੁਣ ਕੀਰਤਨ ਨਹੀਂ ਕਰਨਗੇ।

ਭਾਈ ਗੁਰਦਾਸ ਜੀ ਨੂੰ ਖ਼ਾਲੀ ਪਰਤਿਆ ਦੇਖ ਗੁਰੂ ਜੀ ਆਪ ਚਲੇ ਗਏ, ਪਰ ਉਹ ਦੋਵੇਂ ਭਰਾ ਟੱਸ ਤੋਂ ਮੱਸ ਨਾ ਹੋਏ। ਉਨ੍ਹਾਂ ਨੇ ਖੜ੍ਹੇ ਹੋ ਕੇ ਜਾਂ ਝੁਕ ਕੇ ਗੁਰੂ ਜੀ ਦਾ ਸਤਿਕਾਰ ਕਰਨਾ ਵੀ ਮੁਨਾਸਿਬ ਨਾ ਸਮਝਿਆ। ਗੁਰੂ ਜੀ ਨੇ ਨਿਮਰਤਾ ਸਹਿਤ ਉਨ੍ਹਾਂ ਨੂੰ ਦਰਬਾਰ ਵਿਚ ਚੱਲਣ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਹੰਕਾਰ ਨਾਲ ਭਰਿਆਂ ਨੇ ਕਹਿ ਦਿੱਤਾ ਕਿ ਉਹ ਦਰਬਾਰ ਵਿਚ ਨਹੀਂ ਜਾਣਗੇ ਭਾਵੇਂ ਉਹ ਕਿਸੇ ਤੋਂ ਵੀ ਕੀਰਤਨ ਕਰਵਾ ਲੈਣ। ਉਤੋਂ ਇਹ ਬੋਲ ਸੁਣਾਇਆ, "ਅਸੀਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮ ਦਾਸ ਜੀ ਤੱਕ ਗੁਰੂ ਬਣਾਉਂਦੇ ਆਏ ਹਾਂ, ਜੇ ਅਸੀਂ ਕੀਰਤਨ ਨਾ ਕਰਦੇ, ਇਨ੍ਹਾਂ ਨੂੰ ਗੁਰੂ ਕਿਸ ਨੇ ਮੰਨਣਾ ਸੀ...?"

ਗੁਰੂ ਜੀ ਨੂੰ ਉਨ੍ਹਾਂ ਦੇ ਇਨ੍ਹਾਂ ਬੋਲਾਂ ਨੇ ਸੱਟ ਮਾਰੀ। ਗੁਰੂ ਜੀ ਵਾਪਿਸ ਪਰਤ ਆਏ। ਉਨ੍ਹਾਂ ਨੇ ਹੁਕਮ ਕੀਤਾ ਕਿ ਅੱਜ ਤੋਂ ਬਾਅਦ ਗੁਰੂ ਘਰ ਵਿਚ ਸਿੱਖ ਕੀਰਤਨ ਕਰਿਆ ਕਰਨਗੇ। ਸਮਾਂ ਆਪਣੀ ਤੋਰ ਤੁਰਦਾ ਗਿਆ। ਦੋਵੇਂ ਭਰਾਵਾਂ ਨੂੰ ਕੋਹੜ ਫੁੱਟ ਪਿਆ। ਲੋਕ ਉਨ੍ਹਾਂ ਤੋਂ ਮੂੰਹ ਫੇਰਨ ਲੱਗੇ। ਉਨ੍ਹਾਂ ਦੀ ਦਸ਼ਾ ਦਿਨੋ-ਦਿਨ ਭੈੜੀ ਹੁੰਦੀ ਗਈ। ਉਹ ਬਹੁਤ ਪਛਤਾ ਰਹੇ ਸਨ। ਮੁੜ ਗੁਰੂ ਦੇ ਦਰਬਾਰ ਵਿਚ ਜਾਣ ਦਾ ਹੌਸਲਾ ਨਹੀਂ ਸੀ ਪੈ ਰਿਹਾ। ਉਨ੍ਹਾਂ ਨੂੰ ਲਾਹੌਰ ਵਿਚ ਭਾਈ ਲੱਧਾ ਜੀ ਮਿਲੇ ਤੇ ਰਾਇ ਬਲਵੰਡ ਤੇ ਸੱਤਾ ਜੀ ਨੇ ਸਾਰੀ ਵਿੱਥਿਆ ਦੱਸੀ ਤੇ ਕਿਹਾ ਕਿ ਉਹ ਗੁਰੂ ਜੀ ਕੋਲ਼ ਜਾ ਕੇ ਉਹ ਉਨ੍ਹਾਂ ਦੀ ਭੁੱਲ ਬਖਸ਼ਾ ਦੇਣ। ਭਾਈ ਲੱਧਾ ਜੀ ਨੇ ਗੁਰੂ ਜੀ ਨੂੰ ਉਨ੍ਹਾਂ ਦੀ ਦਸ਼ਾ ਬਾਰੇ ਜਾਣੂੰ ਕਰਵਾਇਆ ਤੇ ਕਿਹਾ ਕਿ ਉਨ੍ਹਾਂ ਨੂੰ ਖ਼ਿਮਾ ਕਰ ਦੇਣ। ਗੁਰੂ ਜੀ ਨੇ ਕਿਹਾ ਕਿ ਉਨ੍ਹਾਂ ਨੇ ਗੁਰੂ ਦਾ ਨਿਰਾਦਰ ਕੀਤਾ ਹੈ, ਜਿਵੇਂ-ਜਿਵੇਂ ਗੁਰੂ ਦਾ ਜੱਸ ਗਾਉਣਗੇ ਤਿਉਂ-ਤਿਉਂ ਉਨ੍ਹਾਂ ਦਾ ਕੋਹੜ ਕੱਟਿਆ ਜਾਵੇਗਾ...। ਇਨ੍ਹਾਂ ਭਰਾਵਾਂ ਵੱਲੋਂ ਲਿਖੀ ਰਾਮਕਲੀ ਕੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 966 ਅੰਗ 'ਤੇ (8 ਪਉੜੀਆਂ) ਦਰਜ ਹੈ।

ਨਾਉ ਕਰਤਾ ਕਾਦਰੁ ਕਰੇ
ਕਿਉ ਬੋਲੁ ਹੋਵੈ ਜੋਖੀਵਦੈ॥

## ਕੀ ਹਿੰਦੂ ਪਹਿਲੇ ਪੰਜ ਪਿਆਰੇ ਸਨ?

ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥1॥ (ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ , ਭਾਈ ਗੁਰਦਾਸ ਦੋਇਮ)। ਧਰਮ ਦੇ ਖੇਤਰ ਵਿੱਚ ਇੱਕ ਨੁਕਤਾ ਅਹਿਮ ਹੈ ਕਿ ਆਪਣਾ ਛੱਡੋ ਨਾ, ਦੂਜੇ ਦਾ ਛੇੜੋ ਨਾ।

ਮੇਰੇ ਤਾਇਆ ਜੀ, ਸੂਬੇਦਾਰ ਮੇਜਰ ਹਰਬੰਸ ਸਿੰਘ ਫੌਜ ਵਿੱਚ ਸਨ। ਉਨ੍ਹਾਂ ਦੀ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਉਹ ਹਿੰਦੂਆਂ ਨੂੰ ਸਿੱਖ ਬਣਾਉਂਦੇ ਹਨ। ਕਮਾਂਡਰ ਅੰਗਰੇਜ਼ ਸੀ। ਉਸਨੇ ਸ਼ਿਕਾਇਤ ਕਰਤਾ ਨੂੰ ਸਵਾਲ ਕੀਤਾ ਕਿ ਇੱਕ ਹਿੰਦੂ ਨੂੰ ਸਿੱਖ ਬਣਾਉਣ ਲਈ ਘਟੋ ਘਟ ਕਿਤਨਾ ਸਮਾਂ ਚਾਹੀਦਾ ਹੈ। ਜਵਾਬ ਸੀ, ਤਿੰਨ ਮਹੀਨੇ। ਅੰਗਰੇਜ਼ ਨੇ ਪੁਛਿਆ ਕਿ ਇੱਕ ਸਿੱਖ ਨੂੰ ਹਿੰਦੂ ਬਣਾਉਣ ਲਈ ਕਿਤਨਾ ਸਮਾਂ ਚਾਹੀਦਾ ਹੈ। ਜਵਾਬ ਸੀ, ਇੱਕ ਮਿੰਟ। ਕਮਾਂਡਰ ਨੇ ਕਿਹਾ ਕਿ ਕੀ ਹਰਬੰਸ ਸਿੰਘ ਕੋਲ ਕੋਈ ਐਸੀ ਥਾਂ ਹੈ, ਜਿੱਥੇ ਉਹ ਕਿਸੇ ਬੰਦੇ ਨੂੰ ਤਿੰਨ ਮਹੀਨੇ ਆਪਣੇ ਕਬਜ਼ੇ ਵਿੱਚ ਰੱਖ ਸਕੇ?

ਇਕ ਬਹੁਤ ਹੀ ਮਹੱਤਵ ਪੂਰਣ ਗਵਾਹੀ ਹੈ। ਸੰਮਤ 1756 ਦੀ ਪਾਵਨ ਵੈਸਾਖੀ ਵਾਲੇ ਦਿਨ ਜਦੋਂ ਗੁਰੂ ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕੀਤੀ ਤਾਂ ਉਸ ਸਮੇਂ ਉਨ੍ਹਾਂ ਨੇ ਕਿਸੇ ਵੀ ਆਮ ਸਿਰ ਦੀ ਮੰਗ ਨਹੀਂ ਕੀਤੀ, ਬਲਕਿ ਆਵਾਜ਼ ਦਿੱਤੀ ਕਿ ਮੈਨੂੰ ਜ਼ਰੂਰਤ ਆ ਪਈ ਹੈ। ਕੀ ਕੋਈ ਮੇਰਾ ਬਹੁਤ ਪਿਆਰਾ ਸਿੱਖ ਹੈ, ਜੋ ਇਸੇ ਵੇਲੇ ਮੈਨੂੰ ਅਪਣਾ ਸੀਸ ਦੇ ਦੇਵੇ। ਇੱਥੇ ਗੁਰੂ ਜੀ ਨੇ ਕਿਸੇ ਸਿੱਖ ਦੇ ਸਿਰ ਦੀ ਮੰਗ ਕੀਤੀ। ਭਾਈ ਸੰਤੋਖ ਸਿੰਘ ਜੀ ਗਵਾਹੀ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਕਿਹਾ,

ਕੋ ਸਿਖ ਪ੍ਰਿਯ ਮੁਝ ਦੇਇ ਸੁ ਦਾਨਾ। ਕਰਹਿ ਕਾਜ ਅਰਪਹਿ ਨਿਜ ਪ੍ਰਾਨਾ।
ਦੇਹ ਅਹੰ ਕਹੁ ਤਜਿ ਕਰਿ ਦੂਰ।
ਧੀਰਜ ਥਰਿ ਦੇ ਸੀਸ ਹਜੂਰ॥36॥
(ਰੁੱਤ 3, ਅਧਿਆਇ 17)

ਇਕ ਵਾਰ ਫ਼ਿਰ ਆਵਾਜ਼ ਆਈ,
ਅਤਿ ਪ੍ਰਿਯ ਸਿਖ ਅਹੈ ਕੋ ਮੇਰਾ?
ਅਪਨੋ ਸੀਸ ਦੇਹਿ ਇਸ ਬੇਰਾ ।
ਕਾਰਜ ਪਰ੍ਯੋ ਆਨ ਇਸ ਕਾਲਾ।
ਪੂਰਵ ਹਿ ਸਿਰ ਦੇ ਅਬਹਿ ਬਿਸਾਲਾ॥33॥
(ਰੁੱਤ 3, ਅੰਸੂ 17)

ਇਸੇ ਤਰ੍ਹਾਂ ਤੀਸਰੀ ਵਾਰ ਵੀ ਗੁਰੂ ਸਾਹਿਬ ਜੀ ਨੇ ਸਿੱਖ ਦੇ ਸਿਰ ਦੀ ਮੰਗ ਕੀਤੀ।

ਧੁਨਿ ਊਚੀ ਪੁਨ ਗੁਰੂ ਉਚਾਰਾ।
ਔਰ ਦੇਇ ਸਿਰ ਕੋ ਸਿਖ ਪ੍ਯਾਰਾ॥
ਕਾਰਜ ਪਰ੍ਯੋ ਆਨ ਕਰਿ ਮੇਰਾ।
ਸਿਰ ਦੀਨੇ ਬਿਨ ਹੋਹਿ ਨ ਹੇਰਾ॥3॥
(ਰੁੱਤ 3, ਅੰਸੂ 18)

ਯਾਨਿ ਵਾਰ ਵਾਰ ਸਿੱਖ ਦੇ ਸਿਰ ਦੀ ਮੰਗ ਕੀਤੀ ਸੀ। ਉਪਰੰਤ ਜਿਹੜਾ ਖਾਲਸਾ ਗੁਰੂ ਸਾਹਿਬ ਨੇ ਸਾਜਿਆ ਸੀ, ਉਸਦਾ ਜ਼ਿਕਰ ਭਾਈ ਗੁਰਦਾਸ ਦੋਇਮ ਜੀ ਵਾਰ 41 ਵਿੱਚ ਕਰਦੇ ਹਨ,

ਨਿਜ ਪੰਥ ਚਲਾਇਓ ਖਾਲਸਾ। ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਕਰ ਖੜਗ ਕੋ ਸਭ ਦੁਸਟ ਪਛਾਰਾ॥
ਸੀਲ ਜਤ ਕੀ ਕਛ ਪਹਰਿ ਪਕੜਿਓ ਹਥਿਆਰਾ।
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ।...
ਇਉ ਤੀਸਰ ਮਜਹਬ ਖਾਲਸਾ, ਉਪਜਿਓ ਪਰਧਾਨਾ।
ਜਿਨਿ ਗੁਰ ਗੋਬਿੰਦ ਕੇ ਹੁਕਮ ਸਿਉ, ਗਹ ਖੜਗ ਦਿਖਾਨਾ।

ਇਤਿਹਾਸ ਗਵਾਹ ਹੈ ਕਿ ਬਾਅਦ ਵਿੱਚ ਘੱਲੂਘਾਰਿਆਂ ਵੇਲੇ ਵੀ ਕੇਸਾਂ ਵਾਲੇ ਸਿੱਖਾਂ ਦੇ ਸਿਰਾਂ ਦੇ ਮੁੱਲ ਹੀ ਅੱਸੀ ਅੱਸੀ ਰੁਪਏ ਪੈਂਦੇ ਸਨ। ਕਿਸੇ ਹੋਰ ਆਮ ਸਿਰ ਦੇ ਨਹੀਂ।

ਉਕਤ ਵਿਵਾਦਤ ਲੇਖ ਵਿੱਚ ਇੱਕ ਹੋਰ ਹਾਸੋ ਹੀਣੀ ਗੱਲ ਲਿਖੀ ਗਈ ਹੈ, ਨਾਦਿਰਸ਼ਾਹ ਔਰ ਅਬਦਾਲੀ ਕੇ ਜੁਲਮੋਂ ਸੇ ਬਚਾਨੇ ਕੇ ਲਿਏ ਸਿਖੋਂ ਕੀ ਸਹਾਇਤਾ ਕੌਨ ਕਰਤਾ ਥਾ? ਇਹ ਤਾਂ ਸਾਰੇ ਦੇ ਸਾਰੇ ਸਿੱਖ ਇਤਿਹਾਸ ਨੂੰ ਕਲੰਕਤ ਕਰਨ ਵਾਲੀ ਹਰਕਤ ਹੈ। ਨਾਦਰ ਦੇ ਹਮਲਿਆਂ ਬਾਰੇ ਉਸ ਸਮੇਂ ਮਸ਼ਹੂਰ ਲੋਕ ਅਖਾਣ ਸੀ, ਛਈ ਰੰਨ ਗਈ ਬਸਰੇ, ਮੋੜੀਂ ਮੋੜੀਂ ਭਾਈ ਕਛ ਵਾਲਿਆ। ਅਤੇ ਭਾਗੇ ਜਾ ਰਹੇ ਦੁੱਰਾਨੀ ਕੀ ਸਲਵਾਰ ਜਹਾਂ ਉਲਝਾਨੀ ਥੀ। ਨਾਦਰ ਦਾ ਜ਼ਿਕਰ ਕੀਤਾ ਹੈ ਤਾਂ ਪੰਥ ਪ੍ਰਕਾਸ਼ ਵਿੱਚ ਉਸਦੇ ਹਵਾਲੇ ਨਾਲ ਲਿਖਿਆ ਹੈ, ਉਸਨੇ ਪੁਛਿਆ ਕਿ ਸਿੱਖ ਸਭ ਤੋਂ ਵੱਧ ਕਿਹੜੀ ਗੱਲ 'ਤੇ ਖ਼ਫਾ ਹੁੰਦੇ ਹਨ। ਤਾਂ ਲਾਹੌਰ ਦੇ ਸੂਬੇਦਾਰ ਨੇ ਕਿਹਾ ਸੀ ਕਿ ਹਿੰਦੂ ਕਹੇ ਤੇ ਖਿਝਤ ਵਧੇਰਾ। ਮੁਗਲਾਂ, ਦੁੱਰਾਨੀਆਂ, ਰੰਘੜਾਂ, ਪਠਾਣਾਂ, ਪਹਾੜੀ ਹਿੰਦੂ ਰਾਜਿਆਂ ਨਾਲ ਹੱਕ ਅਤੇ ਇਨਸਾਫ਼ ਲਈ ਖਾਲਸੇ ਨੇ ਲੋਹਾ ਲਿਆ। ਅਗਰ ਇਹ ਨਾ ਹੁੰਦਾ ਤਾਂ ਭਾਈ ਸੰਤੋਖ ਸਿੰਘ ਇਹ ਨਾ ਲਿਖਦੇ,

ਛਾਇ ਜਾਤੇ ਏਕਤਾ ਅਨੇਕਤਾ ਬਿਲਾਇ ਜਾਤੀ,
ਹੋਵਤੀ ਕੁਚੀਲਤਾ ਕਿਤਾਬਿਨ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ,
ਬਰਨ ਗਰੱਕ ਜਾਤੇ ਸਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,
ਰੀਤਿ ਮਿਟ ਜਾਤੀ ਕਥਾ ਬੇਦਨਿ ਪੁਰਾਨ ਕੀ।
ਸ੍ਰੀ ਗੁਰੂ ਗੁਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤਿ ਨ ਹੋਤੀ ਜਉ ਪੈ ਕਰੁਨਾ ਨਿਧਾਨ ਕੀ॥27॥
(ਰੁਤਿ 5, ਅਧਿਆਇ 52)

ਪਰ ਇਹ ਕੁਰਬਾਨੀਆਂ ਸਿੱਖਾਂ ਨੇ ਕਿਸੇ 'ਤੇ ਅਹਿਸਾਨ ਲਈ ਨਹੀਂ ਕੀਤੀਆਂ। ਇਹ ਉਨ੍ਹਾਂ ਦਾ ਧਾਰਮਿਕ ਫ਼ਰਜ ਅਤੇ ਗੁਰੂ ਸਾਹਿਬ ਦੇ ਅੰਮ੍ਰਿਤ ਦੀ ਹੀ ਬਰਕਤ ਸੀ ਕਿ ਸੋਮਨਾਥ ਦੇ ਮੰਦਰ ਦੇ ਦਰਵਾਜੇ ਗਜ਼ਨੀ ਤੋਂ ਵਾਪਸ ਲਿਆਂਦੇ ਗਏ ਅਤੇ ਅਬਦਾਲੀ ਦੇ ਚੰਗੁਲ 'ਚੋਂ ਭਾਰਤ ਦੀ ਅਜ਼ਮਤ ਨੂੰ ਆਜ਼ਾਦ ਕਰਾ ਕੇ ਉਨ੍ਹਾਂ ਦੇ ਘਰੀਂ ਸੁਰਖਿਅਤ ਪਹੁੰਚਾਇਆ ਗਿਆ। ਧਾਰਮਿਕ ਤੌਰ 'ਤੇ ਵਿਚਾਰਿਆ ਜਾਏ ਤਾਂ ਸਾਰੀ ਮਾਨਵਤਾ ਦਾ ਮਾਲਕ, ਖਾਲਕ, ਸਿਰਜਣਹਾਰ ਕੇਵਲ ਇੱਕ ਹੀ ਹੈ, ਜਿਸਨੂੰ ਕਿਸੇ ਨੇ ਵਸੁਧੇਵ ਕੁਟੰਬਕਮ ਅਤੇ ਕਿਸੇ ਨੇ ਰੱਬੁਲ ਆਲਮੀਨ ਕਹਿ ਦਿੱਤਾ। ਗੁਰਬਾਣੀ ਦਾ ਫੁਰਮਾਨ ਹੈ,

ਹਿੰਦੂ ਤੁਰਕ ਕਹਾ ਤੇ ਆਏ
ਕਿਨਿ ਏਹ ਰਾਹ ਚਲਾਈ॥
ਦਿਲ ਮਹਿ ਸੋਚਿ ਬਿਚਾਰਿ ਕਵਾਦੇ
ਭਿਸਤ ਦੋਜਕ ਕਿਨਿ ਪਾਈ॥1॥ ਆਸਾ

ਇਸ ਲਈ ਮਸਲਾ ਕੇਵਲ ਲਿਖਣ, ਪੜ੍ਹਨ, ਬੋਲਣ ਅਤੇ ਪ੍ਰਚਾਰਨ ਦਾ ਨਹੀਂ, ਬਲਕਿ ਮੰਨਣ ਅਤੇ ਮੰਨ ਕੇ ਅਮਲ ਕਰਨ ਦਾ ਹੈ।

ਇਸ ਵਿਵਾਦਤ ਲੇਖ ਵਿੱਚ ਇੱਕ ਹੋਰ ਸੰਵਿਧਾਨਕ ਨੁਕਤੇ ਧਾਰਾ 25 ਦਾ ਜ਼ਿਕਰ ਕੀਤਾ ਗਿਆ ਹੈ। ਇਹ ਦੁਖਦੀ ਰਗ ਵਾਲੀ ਧਾਰਾ ਸਿੱਖਾਂ ਨੂੰ ਹਿੰਦੂ ਗਰਦਾਨਦੀ ਹੈ ਅਤੇ ਸਿੱਖਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਮੁਨਕਰ ਹੈ। ਸੁਘੜ ਲਿਖਾਰੀ ਨੇ ਸਿੱਖ ਕੌਮ ਦੀ ਇਸ ਅਹਿਮ ਮੰਗ ਨੂੰ ਬਹੁਤ ਹੀ ਨਿਗੂਣਾ ਜਿਹਾ ਦਰਸਾ ਕੇ ਲਿਖਿਆ ਹੈ, ਉਸਮੇਂ ਸਿੱਖ, ਜੈਨੀ ਵਾ ਬੋਧੋਂ ਕੋ ਹਿੰਦੂ? ਸੇ ਜੋੜ ਦਿਯਾ ਗਯਾ। ਵਿਧਾਨਕਾਰ ਡਾ. ਅੰਬੇਦਕਰ ਥੇ। ਇਸ ਧਾਰਾ ਕੇ ਕਾਰਣ ਹਮ ਯੇ ਅਰਥ ਨਹੀਂ ਨਿਕਾਲ ਸਕਤੇ ਕਿ ਸੰਵਿਧਾਨ ਵਾਲੇ ਸਿਖੋਂ ਕੇ ਵਿਰੁੱਧ ਥੇ? ਉਨਕਾ ਕੋਈ ਇਰਾਦਾ ਹਮਾਰੇ ਵਿਪਰੀਤ ਨਹੀਂ ਥਾ। ਸੰਵਿਧਾਨ ਮੇਂ ਸ਼ੋਧ ਕਰਨੇ ਵਾਲੀ ਕਮੇਟੀ ਨੇ ਇਸ ਮਦ ਕੋ ਬਦਲਨੇ ਕੀ ਸਿਫਾਰਿਸ਼ ਕਰ ਦੀ ਹੈ। ਪੰਚਾਂ ਦਾ ਕਿਹਾ ਸਿਰ ਮੱਥੇ। ਪਰਨਾਲਾ ਉੱਥੇ ਦਾ ਉੱਥੇ।

ਇਹ ਠੀਕ ਹੈ ਕਿ ਦੋ ਦਹਾਕੇ ਪਹਿਲਾਂ ਦੇ ਪ੍ਰਧਾਨ ਮੰਤਰੀ ਕਾਰਜ ਕਾਲ ਵਿੱਚ ਸਰਕਾਰ ਵਲੋਂ ਨਿਯੁਕਤ ਵੈਂਕਟਾਚਲੀਆ ਕਮੀਸ਼ਨ ਨੇ ਧਾਰਾ 25 ਵਿੱਚ ਸੋਧ ਦੀ ਸਿਫਾਰਿਸ਼ ਕੀਤੀ ਸੀ, ਪਰ ਸਵਾਲ ਹੈ ਕਿ ਇਸ ਨਿਗੂਣੀ ਜਿਹੀ ਮੰਗ ਨੂੰ ਵੀ ਲਾਗੂ ਕਰਨ ਲਈ ਸਰਕਾਰ ਨੂੰ ਕਿਤਨੇ ਦਹਾਕੇ ਹੋਰ ਚਾਹੀਦੇ ਹਨ? ਕਾਰਨ ਸਪਸ਼ਟ ਹੈ ਕਿ ਸਿੱਖਾਂ ਨੂੰ ਧਾਰਮਿਕ ਤੌਰ 'ਤੇ ਆਜ਼ਾਦ ਨਹੀਂ ਹੋਣ ਦੇਣਾ।

ਇਸ ਵਿਵਾਦਤ ਲੇਖ ਵਿੱਚ ਵੱਡਾ ਦਾਅਵਾ ਕੀਤਾ ਗਿਆ ਹੈ ਕਿ, ਮੈਨੇ (ਤਰਲੋਚਨ ਸਿੰਘ) ਲਿਖਤੀ ਰੂਪ ਮੇਂ ਆਰ।ਐਸ।ਐਸ। ਸੇ ਬਯਾਨ ਲਿਯਾ ਥਾ ਕਿ ਸਿੱਖ ਏਕ ਅਲਗ ਧਰਮ ਹੈ ਤਥਾ ਵਹ ਉਸੇ ਮਾਨਤੇ ਹੈਂ। ਕਈ ਮੁਸਲਮਾਨ ਹਮੇਂ ਅਪਨਾ ਭਾਈ ਕਹਿਤੇ ਹੈਂ ਤੋਂ ਕਯਾ ਹਮ ਉਨਹੇਂ ਐਸਾ ਕਹਿਨੇ ਸੇ ਮਨਾ ਕਰ ਦੇਂ? ਜ਼ਬਾਨੀ ਕਲਾਮੀ ਤਾਂ ਠੀਕ ਹੈ। ਪਰ ਕੀ ਆਰ। ਐਸ। ਐਸ। ਵਲੋਂ ਐਸੀ ਕੋਈ ਲਿਖਤ ਹੈ? ਜੇ ਹੈ ਤਾਂ ਉਸਨੂੰ ਸਾਂਝੀ ਕਰਨ ਵਿੱਚ ਦਿੱਕਤ ਕੀ ਹੈ? ਬਾਵਜੂਦ ਇਸਦੇ ਸਵਾਲ ਇਹ ਹੈ ਕਿ ਕੀ ਇਸ ਲੇਖਕ ਨੂੰ ਸਾਵਰਕਰ ਅਤੇ ਹੋਰ ਹਮ ਖਿਆਲ ਲਿਖਾਰੀਆਂ ਦੀਆਂ ਲਿਖਤਾਂ ਨਜ਼ਰ ਨਹੀਂ ਆਉਂਦੀਆਂ, ਜਿਨ੍ਹਾਂ ਵਿੱਚ ਸਿੱਖਾਂ ਨੂੰ ਸਪਸ਼ਟ ਤੌਰ 'ਤੇ ਹਿੰਦੂ ਲਿਖਿਆ ਜਾਂਦਾ ਹੈ।

ਦੂਸਰੀ ਗੱਲ ਜੇ ਮੁਸਲਮਾਨ, ਹਿੰਦੂ, ਜੈਨੀ, ਬੋਧੀ, ਈਸਾਈ ਜਾਂ ਕੋਈ ਹੋਰ ਵੀ ਸਿੱਖਾਂ ਨੂੰ ਆਪਣਾ ਭਰਾ ਕਹਿੰਦੇ ਹਨ ਤਾਂ ਸਿੱਖਾਂ ਨੂੰ ਉਸ 'ਤੇ ਇਤਰਾਜ਼ ਕਿਉਂ ਹੋਏਗਾ! ਗੁਰੂ ਸਾਹਿਬਾਨ ਵਲੋਂ ਬਖਸ਼ੀ ਸਿੱਖਾਂ ਦੀ ਆਜ਼ਾਦ ਧਾਰਮਿਕ ਹਸਤੀ ਹੈ, ਪਰ ਜੇ ਮੁਸਲਮਾਨ ਵੀ ਸਿੱਖਾਂ ਨੂੰ ਮੁਸਲਮਾਨ ਕਹਿਣਗੇ ਤਾਂ ਨਿਸ਼ਚਿਤ ਤੌਰ 'ਤੇ ਇਸ ਉਤੇ ਇਤਰਾਜ਼ ਹੋਏਗਾ। ਸਿੱਖ ਲਈ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਸਪਸ਼ਟ ਹੁਕਮ ਹੈ,

ਜਬ ਲਗ ਖਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨ ਕਰਉਂ ਇਨ ਕੀ ਪ੍ਰਤੀਤ॥

ਅੰਤ ਵਿੱਚ ਪ੍ਰਿੰਸੀਪਲ ਗੰਗਾ ਸਿੰਘ ਦਾ ਕਥਨ ਬਹੁਤ ਹੀ ਮਾਕੂਲ ਹੈ ਕਿ ਹਿੰਦੂ ਅਤੇ ਸਿੱਖ ਗਾਂ ਤੇ ਮੱਝ ਦੀ ਨਿਆਈਂ ਕਿੱਲੇ ਨਾਲ ਬੱਧੇ ਹੋਏ ਇੱਕ ਖੁਰਲੀ ਵਿਚੋਂ ਪੱਠੇ ਖਾਈ ਜਾਣ। ਜੇ ਇਹ ਇਸ ਬਹਿਸ ਵਿੱਚ ਪੈ ਗਏ ਕਿ ਮੱਝ ਗਾਂ ਕਿਉਂ ਨਹੀਂ ਅਤੇ ਗਾਂ ਕਿਉਂ ਗਾਂ ਹੈ, ਤਾਂ ਸ਼ਾਇਦ ਖੁਰਲੀ ਹੀ ਨਾ ਸਾਹਮਣਿਓਂ ਚੁੱਕੀ ਜਾਏ।

■ ਅਲੀ ਨੇ ਆਪਣੇ ਕਰੀਅਰ ਵਿੱਚ 61 ਮੈਚ ਖੇਡੇ, ਜਿਸ ਵਿੱਚ 56 ਜਿੱਤਾਂ ਤੇ 5 ਹਾਰਾਂ ਸ਼ਾਮਿਲ ਹਨ। ਅਲੀ ਨੇ 37 ਵਾਰ ਨਾਕਆਊਟ ਦੁਆਰਾ ਜਿੱਤ ਪ੍ਰਾਪਤ ਕਰ ਵਿਸ਼ਵ ਰਿਕਾਰਡ ਆਪਣੇ ਨਾਮ ਕੀਤਾ।

***

■ ਅਲੀ ਨੇ 1981 ਵਿੱਚ ਮੁੱਕੇਬਾਜ਼ੀ ਤੋਂ ਸੰਨਿਆਸ ਲੈਣ ਤੋਂ ਬਾਅਦ ਧਰਮ, ਪਰਉਪਕਾਰ ਅਤੇ ਮਨੁੱਖਤਾ ਦੀ ਸੇਵਾ ਵੱਲ ਧਿਆਨ ਕੇਂਦਰਤ ਕੀਤਾ। ਉਸ ਦਾ ਕਹਿਣਾ ਸੀ, "ਜੋ ਸੇਵਾ ਤੁਸੀਂ ਦੂਜਿਆਂ ਲਈ ਕਰਦੇ ਹੋ, ਉਹ ਕਿਰਾਇਆ ਹੈ, ਜੋ ਤੁਸੀਂ ਧਰਤੀ 'ਤੇ ਆਪਣੇ ਸਵਰਗਾਂ ਵਿਚਲੇ ਕਮਰੇ ਲਈ ਅਦਾ ਕਰਦੇ ਹੋ।"


## ਖੇਡਾਂ ਦਾ ਪਿੜ



ਪ੍ਰੋ. ਬਲਜਿੰਦਰ ਸਿੰਘ
ਫੋਨ: 91-98150-40500

## ਵਿਸ਼ਵ ਚੈਂਪੀਅਨ ਮੁੱਕੇਬਾਜ਼

# ਮੁਹੰਮਦ ਅਲੀ ਨੂੰ ਯਾਦ ਕਰਦਿਆਂ



ਬੇਸ਼ੱਕ ਮੇਰੀ ਪ੍ਰੋਫੈਸ਼ਨਲ ਖੇਡ ਅਥਲੈਟਿਕਸ ਰਹੀ ਹੈ, ਪਰ ਮੇਰੀ ਜ਼ਿੰਦਗੀ ਦਾ ਆਦਰਸ਼ ਮਹਾਨ ਮੁੱਕੇਬਾਜ਼ ਮੁਹੰਮਦ ਅਲੀ ਰਿਹਾ ਹੈ। ਉਸ ਵੱਲੋਂ ਜ਼ਿੰਦਗੀ ਵਿਚ ਕੀਤੇ ਸੰਘਰਸ਼ਾਂ ਅਤੇ ਉਸ ਦੇ ਵਿਚਾਰਾਂ ਨੇ ਮੈਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ। ਦੁਨੀਆਂ 'ਤੇ ਇੱਕ ਤੋਂ ਵੱਧ ਕੇ ਇੱਕ ਮਹਾਨ ਖਿਡਾਰੀ ਹੋਏ ਹਨ, ਪਰ ਮੁੱਕੇਬਾਜ਼ ਮੁਹੰਮਦ ਅਲੀ ਨੂੰ 1999 ਵਿੱਚ 20ਵੀਂ ਸਦੀ ਦਾ ਮਹਾਨ ਖਿਡਾਰੀ ਹੋਣ ਦਾ ਮਾਣ ਪ੍ਰਾਪਤ ਹੈ। ਅਲੀ ਤਿੰਨ ਵਾਰ ਲਾਈਨਅਲ ਚੈਂਪੀਅਨਸ਼ਿਪ ਜਿੱਤਣ ਵਾਲਾ ਸੰਸਾਰ ਦਾ ਇਕਲੌਤਾ ਹੈਵੀਵੇਟ ਚੈਂਪੀਅਨ ਮੁੱਕੇਬਾਜ਼ ਸੀ। ਉਸ ਨੇ ਇਹ ਖਿਤਾਬ 1964, 1974 ਅਤੇ 1978 ਵਿੱਚ ਜਿੱਤਿਆ। ਉਹ ਜਿੰਨਾ ਤੇਜ਼ ਤਰਾਰ ਬਾਕਸਿੰਗ ਰਿੰਗ ਦੇ ਅੰਦਰ ਸੀ, ਉਨਾ ਹੀ ਐਕਟਿਵ ਉਹ ਰਿੰਗ ਦੇ ਬਾਹਰ ਵੀ ਸੀ। ਉਸ ਦਾ ਸੁਭਾਅ ਤਿੱਤਲੀ ਵਰਗਾ ਚੰਚਲ ਰਿਹਾ, ਪਰ ਰਿੰਗ ਅੰਦਰ ਉਸ ਦੇ ਮੁੱਕਿਆਂ ਦੀ ਤਾਕਤ ਮਧੂਮੱਖੀ ਦੇ ਡੰਗ ਤੋਂ ਘੱਟ ਨਹੀਂ ਸੀ, ਜੋ ਚੰਗੇ ਭਲਿਆਂ ਦੇ ਚੌਖਟੇ ਸੁਜਾਅ ਕੇ ਰੱਖ ਦਿੰਦੀ ਸੀ। ਉਹ ਫਿਜ਼ਾ ਵਿੱਚ ਉੱਡਦੀ ਆਜ਼ਾਦ ਤਿੱਤਲੀ ਵਾਂਗੂ ਕਦੇ ਇੱਕ ਜਗ੍ਹਾ 'ਤੇ ਨਹੀਂ ਸੀ ਟਿਕਿਆ। ਅਲੀ ਜ਼ਿੰਦਗੀ ਨੂੰ ਵਹਿੰਦੇ ਪਾਣੀ ਦੀ ਤਰ੍ਹਾਂ ਜਿਉਣਾ ਚਾਹੁੰਦਾ ਸੀ। ਉਸ ਨੂੰ ਜ਼ਿੰਦਗੀ ਵਿੱਚ ਖੜੋਤ ਪਸੰਦ ਨਹੀਂ ਸੀ, ਉਸ ਦਾ ਮੰਨਣਾ ਸੀ ਕਿ ਜਿਹੜਾ ਵਿਅਕਤੀ 50 ਸਾਲ ਦੀ ਉਮਰ ਵਿੱਚ ਦੁਨੀਆਂ ਨੂੰ ਉਸੇ ਤਰ੍ਹਾਂ ਦੇਖਦਾ ਹੈ, ਜਿਵੇਂ ਉਸ ਨੇ 20 ਸਾਲ ਦੀ ਉਮਰ ਵਿੱਚ ਦੇਖਿਆ ਸੀ, ਇਸ ਦਾ ਮਤਲਬ ਉਸ ਨੇ ਆਪਣੀ ਜ਼ਿੰਦਗੀ ਦੇ 30 ਸਾਲ ਬਰਬਾਦ ਕਰ ਦਿੱਤੇ ਹਨ। ਉਹ ਬੜਬੋਲਾ ਵੀ ਬਹੁਤ ਸੀ, ਜਿਸ ਕਰਕੇ ਉਸ ਨੂੰ ਲੁਇਸਵਿਲ ਦਾ 'ਲਿੱਪ' ਕਿਹਾ ਜਾਂਦਾ ਸੀ।

ਕੈਸੀਅਸ ਮਾਰਸੇਲਸ ਕਲੇਅ ਜੂਨੀਅਰ ਦਾ ਜਨਮ 17 ਜਨਵਰੀ 1942 ਨੂੰ ਲੁਇਸਵਿਲ, ਕੈਂਟਕੀ (ਅਮਰੀਕਾ) ਵਿੱਚ ਹੋਇਆ ਸੀ। ਉਸ ਦਾ ਨਾਮ ਉਸ ਦੇ ਪਿਤਾ ਕੈਸੀਅਸ ਮਾਰਸੇਲਸ ਕਲੇਅ ਸੀਨੀਅਰ ਦੇ ਨਾਮ 'ਤੇ ਰੱਖਿਆ ਗਿਆ ਸੀ, ਉਹ ਜੰਮਦਾ ਹੀ ਭਲਵਾਨਾਂ ਦੀ ਮੁਦਗਲ ਵਰਗਾ ਸੀ। ਉਹ ਆਪਣੇ ਹਾਣਦਿਆਂ ਤੋਂ ਉਮਰਦਰਾਜ਼ ਲਗਦਾ ਸੀ, ਜਿਸ ਕਾਰਨ ਅਕਸਰ ਹੀ ਮੁਹੰਮਦ ਅਲੀ ਦੇ ਮਾਪੇ ਚਾਈਲਡ ਕੰਸੇਸ਼ਨਲ ਟਿਕਟ ਪਿੱਛੇ ਬੱਸ ਕੰਡਕਟਰ ਨਾਲ ਬਹਿਸ ਕਰਦੇ ਰਹਿੰਦੇ ਸਨ।

ਕੈਸੀਅਸ ਕਲੇਅ ਨੂੰ ਸਭ ਤੋਂ ਪਹਿਲਾਂ ਲੁਇਸਵਿਲ ਦੇ ਇੱਕ ਪੁਲਿਸ ਅਧਿਕਾਰੀ ਅਤੇ ਮੁੱਕੇਬਾਜ਼ੀ ਕੋਚ ਜੋਅ ਮਾਰਟਿਨ ਨੇ ਮੁੱਕੇਬਾਜ਼ੀ ਵੱਲ ਪ੍ਰੇਰਿਆ ਸੀ। ਉਸ ਨੇ 12 ਸਾਲ ਦੀ ਉਮਰ ਵਿੱਚ ਮੁੱਕੇਬਾਜ਼ ਵਜੋਂ ਸਿਖਲਾਈ ਲੈਣੀ ਸ਼ੁਰੂ ਕੀਤੀ। ਉਹਦਾ ਪਹਿਲਾ ਪ੍ਰੋਫੈਸ਼ਨਲ ਮੁਕਾਬਲਾ ਟੂਨੀ ਹੰਸੇਕਰ ਨਾਲ ਹੋਇਆ ਸੀ। 18 ਸਾਲ ਦੀ ਉਮਰ ਵਿੱਚ ਉਸ ਨੇ 1960 ਦੀਆਂ ਰੋਮ ਓਲੰਪਿਕਸ ਵਿਖੇ ਲਾਈਟ ਹੈਵੀਵੇਟ ਸ਼੍ਰੇਣੀ ਵਿੱਚ ਸੋਨ ਤਮਗਾ ਜਿੱਤਿਆ, ਪਰ ਨਸਲੀ ਵਿਤਕਰੇ ਦੇ ਚਲਦਿਆਂ ਗੁੱਸੇ ਵਿੱਚ ਆਏ ਕੈਸੀਅਸ ਕਲੇਅ ਨੇ ਆਪਣਾ ਓਲੰਪਿਕਸ ਸੋਨ ਤਮਗਾ 'ਓਹਾਇਓ' ਨਦੀ ਵਿੱਚ ਸੁੱਟ ਦਿੱਤਾ, ਜਦੋਂ ਉਸ ਨੂੰ ਅਤੇ ਉਸ ਦੇ ਇੱਕ ਦੋਸਤ ਨੂੰ 'ਰੰਗਭੇਦ' ਕਾਰਨ ਇੱਕ ਰੈਸਟੋਰੈਂਟ ਨੇ ਡਿਨਰ ਪਰੋਸਨ ਤੋਂ ਇਨਕਾਰ ਕਰ ਦਿੱਤਾ ਸੀ। ਓਲੰਪਿਕ ਚੈਂਪੀਅਨ ਕੈਸੀਅਸ ਕਲੇਅ ਨੂੰ ਇਸ ਨਸਲੀ ਵਿਤਕਰੇ ਨੇ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਸੀ। ਨਸਲੀ ਵਿਤਕਰੇ ਦੀਆਂ ਮਾਨਸਿਕ ਚੋਟਾਂ ਕਾਰਨ ਉਸ ਨੇ ਇਸਲਾਮ ਧਰਮ ਨੂੰ ਕਬੂਲਿਆ ਅਤੇ ਉਹ ਮੁਸਲਮਾਨ ਬਣ ਗਿਆ।

ਕੈਸੀਅਸ ਕਲੇਅ ਨੇ ਆਪਣੇ ਜੀਵਨ ਦਾ ਪਹਿਲਾ ਹੈਵੀਵੇਟ ਮੈਚ ਮਹਿਜ 22 ਸਾਲ ਦੀ ਉਮਰ ਵਿੱਚ ਸੋਨੀ ਲਿਸਟਨ ਖਿਲਾਫ਼ ਜਿੱਤਿਆ। ਇਹ ਮੈਚ 25 ਫਰਵਰੀ 1964 ਨੂੰ ਮਿਆਮੀ, ਫਲੋਰੀਡਾ ਵਿਖੇ ਖੇਡਿਆ ਗਿਆ। 22 ਸਾਲਾ ਕੈਸੀਅਸ ਕਲੇਅ ਨੇ ਸੱਤਵੇਂ ਦੌਰ ਦੇ ਤਕਨੀਕੀ ਨਾਕਆਊਟ ਵਿੱਚ ਵਿਸ਼ਵ ਹੈਵੀਵੇਟ ਮੁੱਕੇਬਾਜ਼ੀ ਚੈਂਪੀਅਨ ਸੋਨੀ ਲਿਸਟਨ ਨੂੰ ਹਰਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਸੇ ਸਾਲ, ਉਸ ਨੇ ਆਪਣਾ ਮਾਪਿਆਂ ਦਾ ਦਿੱਤਾ ਨਾਮ 'ਕੈਸੀਅਸ ਮਾਰਸੇਲਸ ਕਲੇਅ ਜੂਨੀਅਰ' ਤਿਆਗ ਦਿੱਤਾ ਅਤੇ ਰਸਮੀ ਤੌਰ 'ਤੇ ਮੁਹੰਮਦ ਅਲੀ ਦੇ ਰੂਪ ਵਿੱਚ ਜਾਣਿਆ ਜਾਣ ਲੱਗਾ।

ਆਪਣੇ ਮੁੱਕੇਬਾਜ਼ੀ ਸਫ਼ਰ ਵਿੱਚ ਮੁਹੰਮਦ ਅਲੀ ਅਤੇ ਕਲੀਵਲੈਂਡ ਵਿਲੀਅਮਜ਼ 14 ਨਵੰਬਰ 1966 ਨੂੰ ਹਿਊਸਟਨ, ਟੈਕਸਸ ਵਿੱਚ ਹੋਏ ਇੱਕ ਮੁੱਕੇਬਾਜ਼ੀ ਮੈਚ ਵਿੱਚ ਇੱਕ ਦੂਜੇ ਨਾਲ ਭਿੜੇ। ਅਲੀ ਨੇ ਤੀਜੇ ਦੌਰ ਵਿੱਚ ਤਕਨੀਕੀ ਨਾਕਆਊਟ ਰਾਹੀਂ ਬਾਊਟ ਨੂੰ ਜਿੱਤਿਆ। ਮਾਈਕ ਟਾਇਸਨ ਸਮੇਤ ਕਈ ਮਾਹਰ ਅਤੇ ਮੁੱਕੇਬਾਜ਼ ਇਸ ਲੜਾਈ ਵਿਚ ਅਲੀ ਦੇ ਪ੍ਰਦਰਸ਼ਨ ਨੂੰ ਉਸ ਦੇ ਮੁੱਕੇਬਾਜ਼ੀ ਕਰੀਅਰ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਮੰਨਦੇ ਹਨ। ਇਹ ਉਹ ਮੁਕਾਬਲਾ ਵੀ ਸੀ, ਜਿਸ ਵਿੱਚ ਅਲੀ ਨੇ ਆਪਣੇ ਮਸ਼ਹੂਰ ਫੁੱਟਵਰਕ 'ਅਲੀ ਸ਼ਫਲ' ਨੂੰ ਇਜਾਦ ਕਰ ਦੁਨੀਆਂ ਦੇ ਨਾਮ ਕੀਤਾ ਸੀ।

ਵਿਸ਼ਵ ਪ੍ਰਸਿੱਧ ਮੁੱਕੇਬਾਜ਼ ਮੁਹੰਮਦ ਅਲੀ ਨੇ ਆਪਣੇ ਆਦਰਸ਼ਾਂ, ਧਾਰਮਿਕ ਵਿਸ਼ਵਾਸਾਂ ਅਤੇ ਵੀਅਤਨਾਮ ਯੁੱਧ ਦੇ ਨੈਤਿਕ ਵਿਰੋਧ ਦੇ ਕਾਰਨ 1966 ਵਿੱਚ ਫੌਜ ਵਿੱਚ ਭਰਤੀ ਹੋਣ ਤੋਂ ਇਨਕਾਰ ਕਰ ਦਿੱਤਾ, ਜਿਸ ਦੇ ਚਲਦਿਆਂ ਉਸ ਨੂੰ ਦੇਸ਼ ਵਿਰੋਧੀ ਮੰਨਿਆ ਗਿਆ ਅਤੇ ਉਸ ਤੋਂ ਸਾਰੇ ਮੁੱਕੇਬਾਜ਼ੀ ਦੇ ਖਿਤਾਬ ਖੋਹ ਲਏ ਗਏ। ਉਸ ਵਿਰੁੱਧ ਮੁਕੱਦਮਾ ਚੱਲਿਆ ਤੇ ਅਦਾਲਤ ਨੇ ਉਸ ਨੂੰ ਪੰਜ ਸਾਲ ਲਈ ਜੇਲ੍ਹ ਵਿੱਚ ਡੱਕ ਦਿੱਤਾ। ਉਸ ਨੂੰ ਦਸ ਹਜ਼ਾਰ ਡਾਲਰ ਜੁਰਮਾਨਾ ਵੀ ਭਰਨਾ ਪਿਆ। ਇਸ ਸਜ਼ਾ ਨੇ ਚੜ੍ਹਦੀ ਜਵਾਨੀ ਦੇ ਗੋਲਡਨ ਪੀਰੀਅਡ ਵਿਚ ਅਲੀ ਨੂੰ ਪੰਜ ਸਾਲ ਬਾਕਸਿੰਗ ਦੇ ਰਿੰਗ ਤੋਂ ਦੂਰ ਰੱਖਿਆ, ਪਰ ਉਸ ਨੇ ਹਾਰ ਨਹੀਂ ਮੰਨੀ। 26 ਅਕਤੂਬਰ 1970 ਨੂੰ ਤੀਜੇ ਦੌਰ ਵਿੱਚ ਅਟਲਾਂਟਾ ਵਿੱਚ ਜੈਰੀ ਕੁਆਰੀ ਨੂੰ ਹਰਾ ਕੇ ਰਿੰਗ ਵਿੱਚ ਮੁੜ ਵਾਪਸੀ ਦਾ ਬਿਗੁਲ ਵਜਾਇਆ, ਪਰ 8 ਮਾਰਚ 1971 ਵਿੱਚ ਜੋਅ ਫਰੇਜ਼ਰ ਨੇ ਨਿਊ ਯਾਰਕ ਦੇ ਮੈਡੀਸਨ ਸਕੁਏਅਰ ਗਾਰਡਨ ਵਿਖੇ 15 ਰਾਊਂਡ ਤੱਕ ਚੱਲੀ 'ਫਾਈਟ ਆਫ ਦੀ ਸੈਂਚੁਰੀ' ਵਿੱਚ ਮੁਹੰਮਦ ਅਲੀ ਨੂੰ ਪਹਿਲੀ ਵਾਰ ਹਰਾ ਕੇ ਉਲਟ-ਫੇਰ ਕਰ ਦਿੱਤਾ।

ਅਲੀ ਦੇ ਮਸ਼ਹੂਰ ਹੈਵੀਵੇਟ ਮੁਕਾਬਲਿਆਂ ਵਿਚੋਂ ਇੱਕ ਮੁਕਾਬਲਾ 30 ਅਕਤੂਬਰ 1974 ਨੂੰ ਜਿਓਰਜ ਫੋਰਮੈਨ ਖਿਲਾਫ਼ ਹੋਇਆ, ਜਿਸ ਦਾ ਨਾਂ 'ਰੰਬਲ ਇਨ ਦਾ ਜੰਗਲ' ਰੱਖਿਆ ਗਿਆ। ਇਹ ਮੁਕਾਬਲਾ ਮੱਧ ਅਫ਼ਰੀਕਾ ਦੇ ਜ਼ਾਅਰੇ ਵਿੱਚ ਹੋਇਆ। ਅਲੀ, ਜੋ ਉਸ ਸਮੇਂ 32 ਸਾਲਾਂ ਦਾ ਸੀ, ਰਿੰਗ ਵਿੱਚ ਪਿੱਛੇ ਹਟ ਡਿਫੈਂਸਿਵ ਖੇਡ ਰਿਹਾ ਸੀ। ਉਸ ਦੀ ਗਤੀ ਅਤੇ ਬਲੌਕਿੰਗ ਵੀ ਪਹਿਲਾਂ ਵਾਂਗ ਨਹੀਂ ਸੀ ਦਿਖ ਰਹੀ। ਦੂਜੇ ਪਾਸੇ ਜਿਓਰਜ ਫੋਰਮੈਨ ਮਹਾਨ ਹੈਵੀਵੇਟ ਮੁੱਕੇਬਾਜ਼ਾਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ, ਉਹ ਆਪਣੀ ਚੜ੍ਹਦੀ ਜਵਾਨੀ ਵਿੱਚ ਸੀ। ਫੋਰਮੈਨ, ਜੋ ਜੋਅ ਫਰੇਜ਼ਰ ਅਤੇ ਕੇਨ ਨੌਰਟਨ ਦੇ ਖਿਲਾਫ ਕੇਵਲ 2 ਗੇੜਾਂ ਵਿੱਚ ਜਿੱਤ ਦਰਜ ਕਰਕੇ ਆਇਆ ਸੀ, ਅਲੀ ਉਤੇ ਭਾਰੀ ਪੈਂਦਾ ਦਿੱਖ ਰਿਹਾ ਸੀ, ਪਰ ਅਲੀ ਨੇ 8ਵੇਂ ਗੇੜ ਵਿੱਚ ਉਸ ਨੂੰ ਹਰਾ ਦਿੱਤਾ ਤੇ ਇੱਕ ਵਾਰ ਫਿਰ ਵਿਸ਼ਵ ਦਾ ਹੈਵੀਵੇਟ ਚੈਂਪੀਅਨ ਬਣ ਗਿਆ। ਇਹ ਮੁਕਾਬਲਾ ਦੇਖਣ ਲਈ 60,000 ਲੋਕਾਂ ਨੇ ਹਾਜ਼ਰੀ ਭਰੀ ਸੀ।

'ਥ੍ਰੀਲਾ ਇਨ ਮਨੀਲਾ' ਸਮੋਕਿਨ ਜੋਅ ਫਰੇਜ਼ਰ ਦੇ ਖਿਲਾਫ ਤੀਜਾ ਅਤੇ ਆਖਰੀ ਮੁਕਾਬਲਾ ਸੀ, ਜੋ ਪਹਿਲੀ ਅਕਤੂਬਰ 1975 ਨੂੰ ਹੋਣਾ ਤੈਅ ਹੋਇਆ। ਅਲੀ ਨੇ ਫਰੇਜ਼ਰ ਦੇ ਹੱਥੋਂ 8 ਮਾਰਚ 1971 ਨੂੰ 'ਫਾਈਟ ਆਫ਼ ਦਾ ਸੈਂਚੁਰੀ' ਵਿੱਚ ਆਪਣੀ ਪਹਿਲੀ ਹਾਰ ਦਾ ਸਵਾਦ ਚੱਖਿਆ ਹੋਇਆ ਸੀ, ਪਰ 28 ਜਨਵਰੀ 1974 ਨੂੰ ਨਿਊ ਯਾਰਕ ਦੇ ਮੈਡੀਸਨ ਸਕੁਏਅਰ ਗਾਰਡਨ ਵਿਖੇ ਹੋਏ 'ਸੁਪਰ ਫਾਈਟ 2' ਦੇ ਮੁਕਾਬਲੇ ਵਿੱਚ ਮਹਿਜ 12 ਰਾਊਂਡਾਂ ਵਿੱਚ ਹੀ ਅਲੀ ਨੇ ਜੋਅ ਫਰੇਜ਼ਰ ਵੱਲੋਂ ਪਾਈ ਭਾਜੀ ਮੋੜ ਦਿੱਤੀ ਸੀ। ਇਹ ਦੇਖਣ ਲਈ ਕਿ ਕੌਣ ਬਿਹਤਰ ਹੈ, 'ਥ੍ਰੀਲਾ ਇਨ ਮਨੀਲਾ' ਤੀਸਰੀ ਅਤੇ ਆਖਰੀ ਲੜਾਈ ਸੀ। ਭਾਵੇਂ ਦੋਵੇਂ ਮੁੱਕੇਬਾਜ਼ਾਂ ਦਾ ਫਿਟਨੈੱਸ ਲੈਵਲ ਪਹਿਲਾਂ ਵਰਗਾ ਨਹੀਂ ਸੀ, ਪਰ ਇਸ ਮੁਕਾਬਲੇ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਦੋਹਾਂ ਮੁੱਕੇਬਾਜ਼ਾਂ ਨੇ 14ਵੇਂ ਗੇੜ ਤੱਕ ਹਿੰਮਤ ਦਿਖਾਈ, ਪਰ ਅੰਤ ਵਿੱਚ ਜੋਅ ਫ਼ਰੇਜ਼ਰ ਨੇ ਹੱਥ ਖੜ੍ਹੇ ਕਰ ਦਿੱਤੇ। ਬਹੁਤੇ ਲੋਕ ਇਹ ਨਹੀਂ ਜਾਣਦੇ ਕਿ ਬੁਰੀ ਤਰ੍ਹਾਂ ਥਕਾਵਟ ਨਾਲ ਚੂਰ ਹੋਇਆ ਅਲੀ ਵੀ ਮੈਚ ਛੱਡਣ ਨੂੰ ਤਿਆਰ ਬੈਠਾ ਸੀ। ਕਿਸਮਤ ਵਜੋਂ ਜੋਅ ਨੇ ਕੁੱਝ ਸੈਕਿੰਡ ਪਹਿਲਾਂ ਹੀ ਢੇਰੀ ਢਾਹ ਲਈ। ਦੋਵੇਂ ਬਹੁਤ ਬਹਾਦਰੀ ਨਾਲ ਲੜੇ ਅਤੇ ਇਸ ਖ਼ੂਨੀ ਲੜਾਈ ਪਿਛੋਂ ਉਨ੍ਹਾਂ ਦੋਹਾਂ ਨੂੰ ਹਸਪਤਾਲ ਲਿਜਾਣਾ ਪਿਆ। ਇਸ ਮੁਕਾਬਲੇ ਨੇ ਅਲੀ ਦੇ ਇੱਕ ਮਹਾਨ ਮੁੱਕੇਬਾਜ਼ ਹੋਣ 'ਤੇ ਮੋਹਰ ਲਾ ਦਿੱਤੀ ਸੀ।

ਉਮਰ ਦੇ 36ਵੇਂ ਸਾਲ ਵਿੱਚ ਅਲੀ ਨੂੰ ਲਿਓਨ ਸਪਿੰਕਸ ਨੇ ਇੱਕ ਪੇਸ਼ੇਵਰ ਮੁੱਕੇਬਾਜ਼ੀ ਮੈਚ ਲਈ ਚੁਣੌਤੀ ਦਿੱਤੀ, ਜੋ ਅਲੀ ਨੇ ਖਿੜ੍ਹੇ ਮੱਥੇ ਪ੍ਰਵਾਨ ਕਰ ਲਈ। ਇਹ ਹੈਵੀਵੇਟ ਚੈਂਪੀਅਨਸ਼ਿਪ ਮੁਕਾਬਲਾ 15 ਫਰਵਰੀ 1978 ਨੂੰ ਲਾਸ ਵੇਗਸ, ਨੇਵਾਡਾ ਵਿੱਚ ਖੇਡਿਆ ਗਿਆ। ਇਸ ਨੂੰ ਲਿਓਨ ਸਪਿੰਕਸ ਨੇ ਆਪਣੇ ਨਾਮ ਕੀਤਾ, ਪਰ ਅਲੀ ਆਪਣੇ ਸੁਭਾਅ ਮੁਤਾਬਿਕ ਕਿਸੇ ਦੀ ਪਾਈ ਭਾਜੀ ਨੂੰ ਨਹੀਂ ਸੀ ਰੱਖਦਾ। ਅਲੀ ਨੇ ਲਿਓਨ ਸਪਿੰਕਸ ਨੂੰ 15 ਸਤੰਬਰ 1978 ਵਾਲੇ ਦਿਨ ਨਿਊ ਓਰਲੀਨਜ਼ ਵਿੱਚ ਹਰਾ ਕੇ ਆਪਣਾ ਦਬਦਬਾ ਕਾਇਮ ਰੱਖਿਆ। ਇਹ ਮੈਚ ਡਬਲਯੂ. ਬੀ. ਏ. ਅਤੇ ਲਾਈਨਲ ਹੈਵੀਵੇਟ ਚੈਂਪੀਅਨਸ਼ਿਪ ਲਈ ਖੇਡਿਆ ਗਿਆ ਸੀ।

ਮੁਹੰਮਦ ਅਲੀ ਨੇ ਪ੍ਰੋਫੈਸ਼ਨਲ ਮੁੱਕੇਬਾਜ਼ੀ ਨੂੰ 1981 ਵਿੱਚ ਅਲਵਿਦਾ ਆਖ ਦਿੱਤਾ ਸੀ। ਉਸ ਵੇਲੇ ਅਲੀ ਦੀ ਉਮਰ 39 ਸਾਲ ਦੀ ਸੀ। ਮੁੱਕੇਬਾਜ਼ੀ ਤੋਂ ਸੰਨਿਆਸ ਲੈਣ ਤੋਂ ਪਹਿਲਾਂ ਅਲੀ ਨੇ ਕਰੀਅਰ ਵਿੱਚ 61 ਮੈਚ ਖੇਡੇ, ਜਿਸ ਵਿੱਚ 56 ਜਿੱਤਾਂ ਤੇ 5 ਹਾਰਾਂ ਸ਼ਾਮਿਲ ਹਨ। ਅਲੀ ਨੇ 37 ਵਾਰ ਨਾਕਆਊਟ ਰਾਹੀਂ ਜਿੱਤ ਪ੍ਰਾਪਤ ਕਰ ਵਿਸ਼ਵ ਰਿਕਾਰਡ ਆਪਣੇ ਨਾਂ ਕੀਤਾ।

ਅਲੀ ਆਪਣੀ ਭੜਕਾਊ ਬਿਆਨਬਾਜ਼ੀ ਲਈ ਮਸ਼ਹੂਰ ਸੀ। ਉਹ ਆਪਣੇ ਬਿਆਨਾਂ ਵਿੱਚ ਤੁਕਬੰਦੀ ਕਰਦਾ ਅਤੇ ਸ਼ਾਇਰਾਨਾ ਅੰਦਾਜ਼ ਵਿੱਚ ਗੱਲਬਾਤ ਕਰਿਆ ਕਰਦਾ ਸੀ। ਉਹ ਆਪਣੇ ਆਪ ਨੂੰ ਮਹਾਨ ਦੱਸਦਾ ਅਤੇ ਉਸ ਵੱਲੋਂ ਅਕਸਰ ਭਵਿੱਖਵਾਣੀ ਕੀਤੀ ਜਾਂਦੀ ਸੀ ਕਿ ਉਹ ਕਿਸ ਰਾਊਂਡ ਵਿੱਚ ਆਪਣੇ ਵਿਰੋਧੀ ਨੂੰ ਨਾਕਆਊਟ ਕਰੇਗਾ। ਉਸ ਵੱਲੋਂ ਕਹੀਆਂ ਗੱਲਾਂ ਅੱਜ ਵੀ ਉਭਰਦੇ ਖਿਡਾਰੀਆਂ 'ਚ ਨਵੀਂ ਊਰਜਾ ਦਾ ਸੰਚਾਰ ਕਰ ਰਹੀਆਂ ਹਨ।

ਮੁੱਕੇਬਾਜ਼ੀ ਤੋਂ ਹਟ ਕੇ ਅਲੀ ਨੇ ਦੋ ਸਟੂਡੀਓ ਐਲਬਮਾਂ ਵੀ ਬਣਾਈਆਂ ਸਨ। ਪਹਿਲੀ ਸੀ, 'ਆਈ ਐਮ ਦੀ ਗ੍ਰੇਟੈਸਟ' (1963) ਅਤੇ ਦੂਜੀ ਸੀ, 'ਦਾ ਐਡਵੈਂਚਰਜ਼ ਆਫ ਅਲੀ ਐਂਡ ਹਿਜ਼ ਗੈਂਗ ਬਨਾਮ ਮਿਸਟਰ ਟੂਥ ਡਿਕੇ' (1976)। ਦੋਹਾਂ ਐਲਬਮਾਂ ਨੂੰ ਗ੍ਰੈਮੀ ਐਵਾਰਡ ਨਾਮਜ਼ਦਗੀਆਂ ਪ੍ਰਾਪਤ ਹੋਈਆਂ। ਉਸ ਨੇ ਇੱਕ ਅਭਿਨੇਤਾ ਅਤੇ ਲੇਖਕ ਵਜੋਂ ਵੀ ਯੋਗਦਾਨ ਪਾਇਆ। ਉਸ ਦੁਆਰਾ ਦੋ ਸਵੈ-ਜੀਵਨੀਆਂ ਵੀ ਲਿਖੀਆਂ ਗਈਆਂ।

ਮੁਹੰਮਦ ਅਲੀ ਇੱਕ ਮਹਾਨ ਮੁੱਕੇਬਾਜ਼ ਹੋਣ ਦੇ ਨਾਤੇ ਇੱਕ ਚੰਗਾ ਇਨਸਾਨ ਵੀ ਸੀ, ਜਿਸ ਕਰਕੇ ਉਹ ਲੱਖਾਂ ਲੋਕਾਂ ਦਾ ਆਦਰਸ਼ ਬਣਿਆ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਹਾਰ ਦੀ ਜਿੱਤ

**ਸੁਦਰਸ਼ਨ**



ਮਾਂ ਨੂੰ ਆਪਣੇ ਪੁੱਤ ਅਤੇ ਕਿਸਾਨ ਨੂੰ ਆਪਣੇ ਲਹਿਲਹਾਉਂਦੇ ਖੇਤ ਵੇਖ ਕੇ ਜੋ ਆਨੰਦ ਆਉਂਦਾ ਹੈ, ਉਹੀ ਆਨੰਦ ਬਾਬਾ ਭਾਰਤੀ ਨੂੰ ਆਪਣਾ ਘੋੜਾ ਵੇਖ ਕੇ ਆਉਂਦਾ ਸੀ। ਰੱਬ ਦੀ ਬੰਦਗੀ ਤੋਂ ਜੋ ਸਮਾਂ ਬਚਦਾ, ਘੋੜੇ 'ਤੇ ਲਾ ਦਿੰਦੇ। ਘੋੜਾ ਬਹੁਤ ਸੋਹਣਾ ਤੇ ਸੁਡੌਲ ਸੀ। ਉਹਦੇ ਜੋੜ ਦਾ ਘੋੜਾ ਸਾਰੇ ਇਲਾਕੇ ਵਿੱਚ ਨਹੀਂ ਸੀ। ਬਾਬਾ ਭਾਰਤੀ ਉਹਨੂੰ ਸੁਲਤਾਨ ਕਹਿ ਕੇ ਬੁਲਾਉਂਦੇ, ਆਪਣੇ ਹੱਥ ਨਾਲ ਖਰਖਰਾ ਕਰਦੇ, ਆਪ ਦਾਣਾ ਖਵਾਉਂਦੇ ਅਤੇ ਵੇਖ-ਵੇਖ ਕੇ ਖੁਸ਼ ਹੁੰਦੇ ਰਹਿੰਦੇ। ਉਨ੍ਹਾਂ ਨੇ ਰੁਪਏ-ਪੈਸੇ, ਮਾਲ-ਅਸਬਾਬ, ਜ਼ਮੀਨ ਆਦਿ ਸਭ ਕੁਝ ਛੱਡ ਦਿੱਤਾ। ਇੱਥੋਂ ਤੱਕ ਕਿ ਉਨ੍ਹਾਂ ਨੂੰ ਸ਼ਹਿਰੀ ਜ਼ਿੰਦਗੀ ਨਾਲ ਵੀ ਨਫਰਤ ਹੋ ਗਈ। ਹੁਣ ਪਿੰਡ ਦੇ ਬਾਹਰ ਇੱਕ ਛੋਟੇ ਜਿਹੇ ਮੰਦਿਰ ਵਿੱਚ ਰਹਿੰਦੇ ਅਤੇ ਰੱਬ ਦੀ ਬੰਦਗੀ ਕਰਦੇ ਸਨ। 'ਮੈਂ ਸੁਲਤਾਨ ਦੇ ਬਿਨਾ ਨਹੀਂ ਰਹਿ ਸਕਣਾ', ਉਨ੍ਹਾਂ ਨੂੰ ਇੰਜ ਜਾਪਣ ਲੱਗ ਪਿਆ ਸੀ। ਉਹ ਉਸ ਦੀ ਚਾਲ ਦੇ ਦੀਵਾਨੇ ਸਨ। ਕਹਿੰਦੇ, "ਇਉਂ ਚਲਦੈ ਜਿਵੇਂ ਮੋਰ ਘਟਾ ਨੂੰ ਵੇਖ ਕੇ ਨੱਚ ਰਿਹਾ ਹੋਵੇ।" ਜਦੋਂ ਤੱਕ ਸ਼ਾਮ ਵੇਲੇ ਸੁਲਤਾਨ ਉੱਤੇ ਚੜ੍ਹ ਕੇ ਅੱਠ-ਦਸ ਮੀਲ ਦਾ ਚੱਕਰ ਨਾ ਲਾ ਲੈਂਦੇ, ਉਨ੍ਹਾਂ ਨੂੰ ਚੈਨ ਨਾ ਆਉਂਦਾ।

ਖੜਗ ਸਿੰਘ ਉਸ ਇਲਾਕੇ ਦਾ ਮਸ਼ਹੂਰ ਡਾਕੂ ਸੀ। ਲੋਕ ਉਸ ਦਾ ਨਾਂ ਸੁਣ ਕੇ ਕੰਬਦੇ ਸਨ। ਹੌਲੀ-ਹੌਲੀ ਸੁਲਤਾਨ ਦੀ ਸ਼ੋਭਾ ਉਸ ਤੱਕ ਵੀ ਪੁੱਜ ਗਈ। ਉਸ ਦਾ ਦਿਲ ਉਸ ਨੂੰ ਵੇਖਣ ਲਈ ਬੇਚੈਨ ਹੋ ਗਿਆ। ਉਹ ਇੱਕ ਦਿਨ ਦੁਪਹਿਰ ਵੇਲੇ ਬਾਬਾ ਭਾਰਤੀ ਕੋਲ ਅੱਪੜਿਆ ਅਤੇ ਨਮਸਕਾਰ ਕਰ ਕੇ ਬੈਠ ਗਿਆ। ਬਾਬਾ ਭਾਰਤੀ ਨੇ ਪੁੱਛਿਆ, "ਖੜਗ ਸਿੰਘ, ਕੀ ਹਾਲ ਏ?"

ਖੜਗ ਸਿੰਘ ਨੇ ਸਿਰ ਝੁਕਾ ਕੇ ਜਵਾਬ ਦਿੱਤਾ, "ਤੁਹਾਡੀ ਦਇਆ ਏ।"

"ਦੱਸੋ, ਏਧਰ ਕਿਵੇਂ ਆਏ?"

"ਸੁਲਤਾਨ ਦੀ ਤਾਂਘ ਖਿੱਚ ਲਿਆਈ।"

"ਕਮਾਲ ਦਾ ਜਾਨਵਰ ਹੈ। ਵੇਖੋਗੇ ਤਾਂ ਖੁਸ਼ ਹੋ ਜਾਓਗੇ।"

"ਮੈਂ ਵੀ ਬਹੁਤ ਵਡਿਆਈ ਸੁਣੀ ਏ।"

"ਉਹਦੀ ਚਾਲ ਤੁਹਾਡਾ ਮਨ ਮੋਹ ਲਵੇਗੀ!"

"ਕਹਿੰਦੇ ਹਨ, ਵੇਖਣ ਨੂੰ ਬੜਾ ਸੋਹਣਾ ਹੈ।"

"ਕੀ ਕਹਿਣਾ! ਜਿਹੜਾ ਉਹਨੂੰ ਇੱਕ ਵਾਰ ਵੇਖ ਲੈਂਦਾ ਏ, ਉਹਦੇ ਦਿਲ 'ਚ ਵਸ ਜਾਂਦਾ ਏ।"

"ਬਹੁਤ ਦਿਨਾਂ ਦੀ ਇੱਛਾ ਸੀ, ਅੱਜ ਮੌਜੂਦ ਹੋ ਸਕਿਆ ਹਾਂ।"

ਬਾਬਾ ਭਾਰਤੀ ਅਤੇ ਖੜਗ ਸਿੰਘ ਤਬੇਲੇ ਵਿੱਚ ਪੁੱਜੇ। ਬਾਬੇ ਨੇ ਘੋੜਾ ਵਿਖਾਇਆ ਮਾਣ ਨਾਲ, ਖੜਗ ਸਿੰਘ ਨੇ ਵੇਖਿਆ ਹੈਰਾਨੀ ਨਾਲ। ਉਹਨੇ ਸੈਂਕੜੇ ਘੋੜੇ ਵੇਖੇ ਸਨ, ਪਰ ਅਜਿਹਾ ਬਾਂਕਾ ਘੋੜਾ ਉਹਦੀਆਂ ਅੱਖਾਂ ਅੱਗੇ ਕਦੇ ਨਹੀਂ ਲੰਘਿਆ ਸੀ। ਸੋਚਣ ਲੱਗਾ, ਕਿਸਮਤ ਦੀ ਗੱਲ ਹੈ। ਅਜਿਹਾ ਘੋੜਾ ਖੜਗ ਸਿੰਘ ਦੇ ਕੋਲ ਹੋਣਾ ਚਾਹੀਦਾ ਹੈ। ਇਸ ਸਾਧੂ ਨੂੰ ਅਜਿਹੀ ਚੀਜ਼ ਦਾ ਕੀ ਫਾਇਦਾ? ਕੁਝ ਦੇਰ ਤੱਕ ਹੈਰਾਨੀ ਨਾਲ ਚੁਪਚਾਪ ਖੜ੍ਹਾ ਰਿਹਾ। ਇਸ ਦੇ ਬਾਅਦ ਉਸ ਦੇ ਦਿਲ ਵਿੱਚ ਹਿਲਜੁਲ ਹੋਣ ਲੱਗੀ। ਬੱਚਿਆਂ ਵਾਲੀ ਬੇਚੈਨੀ ਨਾਲ ਬੋਲਿਆ, "ਪਰ ਬਾਬਾ ਜੀ, ਇਸ ਦੀ ਚਾਲ ਨਹੀਂ ਵੇਖੀ ਤਾਂ ਕੀ ਵੇਖਿਆ?"

ਦੂਜੇ ਦੇ ਮੂੰਹੋਂ ਤਾਰੀਫ ਸੁਣਨ ਲਈ ਉਨ੍ਹਾਂ ਦਾ ਦਿਲ ਕਾਹਲਾ ਪੈ ਗਿਆ। ਘੋੜੇ ਨੂੰ ਖੋਲ੍ਹ ਕੇ ਬਾਹਰ ਗਏ। ਘੋੜਾ ਹਵਾ ਵਾਂਗ ਉੱਡਣ ਲੱਗਾ। ਉਹਦੀ ਚਾਲ ਵੇਖ ਕੇ ਖੜਗ ਸਿੰਘ ਦੇ ਦਿਲ ਉੱਤੇ ਸੱਪ ਲਿਟਣ ਲੱਗਾ। ਉਹ ਡਾਕੂ ਸੀ ਅਤੇ ਜੋ ਚੀਜ਼ ਉਹਨੂੰ ਪਸੰਦ ਆ ਜਾਵੇ, ਉਸ ਉੱਤੇ ਉਹ ਆਪਣਾ ਹੱਕ ਸਮਝਦਾ ਸੀ। ਉਹਦੇ ਕੋਲ ਤਾਕਤ ਸੀ ਅਤੇ ਆਦਮੀ ਵੀ। ਜਾਂਦੇ-ਜਾਂਦੇ ਉਸ ਨੇ ਕਿਹਾ, "ਬਾਬਾ ਜੀ, ਮੈਂ ਇਹ ਘੋੜਾ ਤੁਹਾਡੇ ਕੋਲ ਨਹੀਂ ਰਹਿਣ ਦੇਵਾਂਗਾ।"

ਬਾਬਾ ਭਾਰਤੀ ਡਰ ਗਏ। ਹੁਣ ਉਨ੍ਹਾਂ ਨੂੰ ਰਾਤ ਨੂੰ ਨੀਂਦ ਨਾ ਆਉਂਦੀ। ਸਾਰੀ ਰਾਤ ਤਬੇਲੇ ਦੀ ਰਾਖੀ ਵਿੱਚ ਲੰਘਣ ਲੱਗੀ। ਹਰ ਪਲ ਖੜਗ ਸਿੰਘ ਦਾ ਡਰ ਲੱਗਾ ਰਹਿੰਦਾ, ਪਰ ਕਈ ਮਹੀਨੇ ਲੰਘ ਗਏ ਅਤੇ ਉਹ ਨਾ ਆਇਆ। ਇੱਥੋਂ ਤੱਕ ਕਿ ਬਾਬਾ ਭਾਰਤੀ ਕੁਝ ਅਵੇਸਲੇ ਹੋ ਗਏ ਅਤੇ ਇਸ ਡਰ ਨੂੰ ਸੁਪਨੇ ਦੇ ਡਰ ਵਾਂਗ ਝੂਠ ਸਮਝਣ ਲੱਗੇ। ਸ਼ਾਮ ਦਾ ਸਮਾਂ ਸੀ। ਬਾਬਾ ਭਾਰਤੀ ਸੁਲਤਾਨ ਦੀ ਪਿੱਠ ਉੱਤੇ ਸਵਾਰ ਹੋ ਕੇ ਘੁੰਮਣ ਜਾ ਰਹੇ ਸਨ। ਇਸ ਵੇਲੇ ਉਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਸੀ, ਮੂੰਹ ਉੱਤੇ ਖੁਸ਼ੀ। ਕਦੇ ਘੋੜੇ ਦੇ ਸਰੀਰ ਨੂੰ ਵੇਖਦੇ, ਕਦੇ ਉਸ ਦੇ ਰੰਗ ਨੂੰ ਅਤੇ ਮਨ ਵਿੱਚ ਫੁੱਲੇ ਨਾ ਸਮਾਉਂਦੇ। ਅਚਾਨਕ ਇੱਕ ਪਾਸਿਓਂ ਆਵਾਜ਼ ਆਈ, "ਓ ਬਾਬਾ, ਇਸ ਕੰਗਲੇ ਦੀ ਸੁਣ ਕੇ ਜਾਇਓ।"

ਆਵਾਜ਼ ਵਿੱਚ ਲਾਚਾਰੀ ਸੀ। ਬਾਬੇ ਨੇ ਘੋੜਾ ਰੋਕ ਲਿਆ। ਵੇਖਿਆ, ਇੱਕ ਅਪਾਹਜ ਰੁੱਖ ਦੀ ਛਾਂਵੇਂ ਪਿਆ ਕਰਾਹ ਰਿਹਾ ਹੈ। ਬੋਲੇ, "ਕਿਉਂ, ਤੈਨੂੰ ਕੀ ਦੁੱਖ ਹੈ?"

ਅਪਾਹਜ ਨੇ ਹੱਥ ਜੋੜ ਕੇ ਕਿਹਾ, "ਬਾਬਾ, ਮੈਂ ਦੁਖਿਆਰਾ ਹਾਂ। ਮੇਰੇ ਉੱਤੇ ਤਰਸ ਕਰੋ। ਰਾਮਾਵਾਲਾ ਇੱਥੋਂ ਤਿੰਨ ਮੀਲ ਹੈ, ਮੈਂ ਉੱਥੇ ਜਾਣਾ ਹੈ। ਘੋੜੇ ਉੱਤੇ ਚੜ੍ਹਾ ਲਓ, ਰੱਬ ਤੁਹਾਡਾ ਭਲਾ ਕਰੇਗਾ।"

"ਉੱਥੇ ਤੁਹਾਡਾ ਕੌਣ ਹੈ?"

"ਦੁਰਗਾ ਦੱਤ ਵੈਦ ਦਾ ਨਾਂ ਤੁਸੀਂ ਸੁਣਿਆ ਹੋਵੇਗਾ। ਮੈਂ ਉਨ੍ਹਾਂ ਦਾ ਸੌਤੇਲਾ ਭਰਾ ਹਾਂ।"

ਬਾਬਾ ਭਾਰਤੀ ਨੇ ਘੋੜੇ ਤੋਂ ਉਤਰ ਕੇ ਅਪਾਹਜ ਨੂੰ ਘੋੜੇ ਉੱਤੇ ਚੜ੍ਹਾਇਆ ਅਤੇ ਆਪ ਉਸ ਦੀ ਲਗਾਮ ਫੜ ਕੇ ਹੌਲੀ-ਹੌਲੀ ਤੁਰਨ ਲੱਗੇ। ਅਚਾਨਕ ਉਨ੍ਹਾਂ ਨੂੰ ਇੱਕ ਝਟਕਾ ਜਿਹਾ ਲੱਗਾ ਅਤੇ ਲਗਾਮ ਹੱਥੋਂ ਛੁਟ ਗਈ। ਉਨ੍ਹਾਂ ਦੀ ਹੈਰਾਨੀ ਦਾ ਠਿਕਾਣਾ ਨਾ ਰਿਹਾ, ਜਦੋਂ ਉਨ੍ਹਾਂ ਨੇ ਵੇਖਿਆ ਕਿ ਅਪਾਹਜ ਘੋੜੇ ਦੀ ਪਿੱਠ ਉੱਤੇ ਤਣਿਆ ਬੈਠਾ ਹੈ ਅਤੇ ਘੋੜੇ ਨੂੰ ਭਜਾਈ ਲਈ ਜਾ ਰਿਹਾ ਹੈ। ਉਨ੍ਹਾਂ ਦੇ ਮੂੰਹੋਂ ਡਰ, ਹੈਰਾਨੀ ਅਤੇ ਨਿਰਾਸ਼ਾ ਦੀ ਮਿਲੀ-ਜੁਲੀ ਚੀਕ ਨਿਕਲੀ। ਉਹ ਅਪਾਹਜ ਡਾਕੂ ਖੜਗ ਸਿੰਘ ਸੀ। ਬਾਬਾ ਭਾਰਤੀ ਕੁਝ ਸਮਾਂ ਚੁਪ ਰਹੇ ਅਤੇ ਫਿਰ ਕੁਝ ਫੈਸਲਾ ਕਰ ਕੇ ਪੂਰੇ ਜ਼ੋਰ ਨਾਲ ਉੱਚੀ ਬੋਲੇ, "ਜਰਾ ਠਹਿਰ ਜਾਹ।"

ਖੜਗ ਸਿੰਘ ਨੇ ਆਵਾਜ਼ ਸੁਣ ਕੇ ਘੋੜਾ ਰੋਕ ਲਿਆ ਅਤੇ ਉਹਦੀ ਧੌਣ ਉੱਤੇ ਪਿਆਰ ਨਾਲ ਹੱਥ ਫੇਰਦਿਆਂ ਕਿਹਾ, "ਬਾਬਾ ਜੀ, ਇਹ ਘੋੜਾ ਹੁਣ ਨਹੀਂ ਦੇਵਾਂਗਾ।"

"ਪਰ ਇੱਕ ਗੱਲ ਸੁਣ ਕੇ ਜਾਵੀਂ।" ਖੜਗ ਸਿੰਘ ਰੁਕ ਗਿਆ।

ਬਾਬਾ ਭਾਰਤੀ ਨੇ ਨੇੜੇ ਜਾ ਕੇ ਉਸ ਵੱਲ ਇਉਂ ਵੇਖਿਆਲ, ਜਿਵੇਂ ਬੱਕਰਾ ਕਸਾਈ ਵੱਲ ਵੇਖਦਾ ਹੈ ਅਤੇ ਕਿਹਾ, "ਇਹ ਘੋੜਾ ਤੁਹਾਡਾ ਹੋ ਚੁਕਾ ਹੈ। ਮੈਂ ਇਸ ਨੂੰ ਵਾਪਸ ਕਰਨ ਲਈ ਨਹੀਂ ਕਹਾਂਗਾ; ਪਰ ਖੜਗ ਸਿੰਘ, ਸਿਰਫ ਇੱਕ ਬੇਨਤੀ ਕਰਦਾ ਹਾਂ, ਇਸ ਨੂੰ ਨਾਮਨਜ਼ੂਰ ਨਾ ਕਰੀਂ, ਨਹੀਂ ਤਾਂ ਮੇਰਾ ਦਿਲ ਟੁੱਟ ਜਾਵੇਗਾ।"

"ਬਾਬਾ ਜੀ, ਹੁਕਮ ਕਰੋ। ਮੈਂ ਤੁਹਾਡਾ ਦਾਸ ਹਾਂ, ਪਰ ਘੋੜਾ ਨਹੀਂ ਦੇਵਾਂਗਾ।"

"ਹੁਣ ਘੋੜੇ ਦਾ ਨਾਂ ਨਾ ਲਓ। ਮੈਂ ਤੁਹਾਨੂੰ ਇਸ ਬਾਰੇ ਕੁਝ ਨਹੀਂ ਕਹਾਂਗਾ। ਮੇਰੀ ਬੇਨਤੀ ਸਿਰਫ ਇਹ ਹੈ ਕਿ ਇਸ ਘਟਨਾ ਬਾਰੇ ਕਿਸੇ ਨੂੰ ਦੱਸੀਂ ਨਾ।"

ਖੜਗ ਸਿੰਘ ਦਾ ਮੂੰਹ ਹੈਰਾਨੀ ਨਾਲ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ। ਉਹਦਾ ਵਿਚਾਰ ਸੀ ਕਿ ਉਹਨੂੰ ਘੋੜੇ ਨੂੰ ਲੈ ਕੇ ਇੱਥੋਂ ਭੱਜਣਾ ਪਵੇਗਾ, ਪਰ ਬਾਬਾ ਭਾਰਤੀ ਨੇ ਆਪ ਉਸ ਨੂੰ ਕਿਹਾ ਕਿ ਇਸ ਘਟਨਾ ਬਾਰੇ ਕਿਸੇ ਨੂੰ ਦੱਸੀਂ ਨਾ। ਇਸ ਦਾ ਕੀ ਮਤਲਬ ਹੋ ਸਕਦਾ ਹੈ? ਖੜਗ ਸਿੰਘ ਨੇ ਬਹੁਤ ਸੋਚਿਆ, ਬਹੁਤ ਸਿਰ ਮਾਰਿਆ, ਪਰ ਕੁਝ ਸਮਝ ਨਾ ਸਕਿਆ। ਹਾਰ ਕੇ ਉਹਨੇ ਆਪਣੀਆਂ ਅੱਖਾਂ ਬਾਬਾ ਭਾਰਤੀ ਦੇ ਮੂੰਹ ਉੱਤੇ ਟਿਕਾਈਆਂ ਅਤੇ ਪੁੱਛਿਆ, "ਬਾਬਾ ਜੀ, ਇਸ ਵਿੱਚ ਤੁਹਾਨੂੰ ਕੀ ਡਰ ਹੈ?"

ਸੁਣ ਕੇ ਬਾਬਾ ਭਾਰਤੀ ਨੇ ਜਵਾਬ ਦਿੱਤਾ, "ਲੋਕਾਂ ਨੂੰ ਜੇ ਇਸ ਘਟਨਾ ਦਾ ਪਤਾ ਲੱਗ ਗਿਆ ਤਾਂ ਉਹ ਦੀਨ-ਦੁਖੀਆਂ ਉੱਤੇ ਵਿਸ਼ਵਾਸ ਨਹੀਂ ਕਰਨਗੇ।" ਇਹ ਕਹਿੰਦਿਆਂ ਉਨ੍ਹਾਂ ਨੇ ਸੁਲਤਾਨ ਵਲੋਂ ਮੂੰਹ ਇੰਜ ਮੋੜ ਲਿਆ, ਜਿਵੇਂ ਉਨ੍ਹਾਂ ਦਾ ਉਸ ਨਾਲ ਕਦੇ ਕੋਈ ਸੰਬੰਧ ਹੀ ਨਾ ਰਿਹਾ ਹੋਵੇ।


ਬਾਬਾ ਭਾਰਤੀ ਤਾਂ ਚਲੇ ਗਏ, ਪਰ ਉਨ੍ਹਾਂ ਦੇ ਸ਼ਬਦ ਖੜਗ ਸਿੰਘ ਦੇ ਕੰਨਾਂ 'ਚ ਉਸੇ ਤਰ੍ਹਾਂ ਗੂੰਜ ਰਹੇ ਸਨ। ਸੋਚਣ ਲੱਗਾ, ਕਿੰਨੇ ਉੱਚੇ ਵਿਚਾਰ ਹਨ, ਕਿੰਨਾ ਪਵਿਤਰ ਭਾਵ ਹੈ! ਉਨ੍ਹਾਂ ਨੂੰ ਇਸ ਘੋੜੇ ਨਾਲ ਪ੍ਰੇਮ ਸੀ, ਇਸ ਨੂੰ ਵੇਖ ਕੇ ਉਨ੍ਹਾਂ ਦਾ ਮੂੰਹ ਫੁੱਲ ਵਾਂਗ ਖਿੜ ਜਾਂਦਾ ਸੀ। ਕਹਿੰਦੇ ਸਨ, ਇਸ ਦੇ ਬਿਨਾ ਮੈਂ ਰਹਿ ਨਹੀਂ ਸਕਾਂਗਾ। ਇਸ ਦੀ ਰਾਖੀ ਵਿੱਚ ਉਹ ਕਈ ਰਾਤ ਸੁੱਤੇ ਨਹੀਂ। ਭਜਨ-ਭਗਤੀ ਨਹੀਂ ਕੀਤੀ, ਰਾਖੀ ਕਰਦੇ ਰਹੇ; ਪਰ ਅੱਜ ਉਨ੍ਹਾਂ ਦੇ ਮੂੰਹ ਉੱਤੇ ਦੁੱਖ ਦੀ ਲਕੀਰ ਵੀ ਨਹੀਂ ਦਿਸਦੀ ਸੀ। ਉਨ੍ਹਾਂ ਨੂੰ ਸਿਰਫ ਇਹ ਖਿਆਲ ਸੀ ਕਿ ਕਿਤੇ ਲੋਕ ਦੀਨ-ਦੁਖੀਆਂ ਉੱਤੇ ਵਿਸ਼ਵਾਸ ਕਰਨਾ ਨਾ ਛੱਡ ਦੇਣ। ਅਜਿਹਾ ਮਨੁੱਖ, ਮਨੁੱਖ ਨਹੀਂ ਦੇਵਤਾ ਹੈ।

ਰਾਤ ਦੇ ਹਨੇਰੇ ਵਿੱਚ ਖੜਗ ਸਿੰਘ ਬਾਬਾ ਭਾਰਤੀ ਦੇ ਮੰਦਿਰ ਅੱਪੜਿਆ। ਚਾਰੇ ਪਾਸੇ ਚੁੱਪ ਸੀ। ਆਕਾਸ਼ ਵਿੱਚ ਤਾਰੇ ਟਿਮਟਿਮਾ ਰਹੇ ਸਨ। ਥੋੜ੍ਹੀ ਦੂਰ ਪਿੰਡ ਦੇ ਕੁੱਤੇ ਭੌਂਕ ਰਹੇ ਸਨ। ਮੰਦਿਰ ਵਿੱਚ ਕੋਈ ਸ਼ਬਦ ਸੁਣਾਈ ਨਹੀਂ ਦਿੰਦਾ ਸੀ। ਖੜਗ ਸਿੰਘ ਨੇ ਸੁਲਤਾਨ ਦੀ ਵਾਗ ਫੜੀ ਹੋਈ ਸੀ। ਉਹ ਹੌਲੀ-ਹੌਲੀ ਤਬੇਲੇ ਦੇ ਫਾਟਕ ਕੋਲ ਅੱਪੜਿਆ। ਫਾਟਕ ਚੌਪਾਟ ਖੁੱਲ੍ਹਾ ਪਿਆ ਸੀ। ਕਿਸੇ ਵੇਲੇ ਉੱਥੇ ਬਾਬਾ ਭਾਰਤੀ ਆਪ ਡਾਂਗ ਲੈ ਕੇ ਪਹਿਰਾ ਦਿੰਦੇ ਸਨ, ਪਰ ਅੱਜ ਉਨ੍ਹਾਂ ਨੂੰ ਕਿਸੇ ਚੋਰੀ, ਕਿਸੇ ਡਾਕੇ ਦਾ ਡਰ ਨਹੀਂ ਸੀ। ਖੜਗ ਸਿੰਘ ਨੇ ਅੱਗੇ ਵਧ ਕੇ ਸੁਲਤਾਨ ਨੂੰ ਉਹਦੀ ਜਗ੍ਹਾ ਬੰਨ੍ਹ ਦਿੱਤਾ ਅਤੇ ਬਾਹਰ ਆ ਕੇ ਚੁਪਚਾਪ ਫਾਟਕ ਬੰਦ ਕਰ ਦਿੱਤਾ। ਇਸ ਵੇਲੇ ਉਸ ਦੀਆਂ ਅੱਖਾਂ ਵਿੱਚ ਨੇਕੀ ਦੇ ਹੰਝੂ ਸਨ।

ਰਾਤ ਦਾ ਤੀਜਾ ਪਹਿਰ ਲੰਘ ਗਿਆ ਸੀ। ਚੌਥਾ ਪਹਿਰ ਸ਼ੁਰੂ ਹੁੰਦੇ ਹੀ ਬਾਬਾ ਭਾਰਤੀ ਨੇ ਆਪਣੀ ਕੁਟੀਆ ਤੋਂ ਬਾਹਰ ਆ ਕੇ ਠੰਡੇ ਪਾਣੀ ਨਾਲ ਇਸ਼ਨਾਨ ਕੀਤਾ। ਉਸ ਦੇ ਪਿੱਛੋਂ, ਜਿਵੇਂ ਕੋਈ ਸੁਪਨੇ ਵਿੱਚ ਚੱਲ ਰਿਹਾ ਹੋਵੇ, ਉਨ੍ਹਾਂ ਦੇ ਪੈਰ ਤਬੇਲੇ ਵੱਲ ਵਧੇ, ਪਰ ਫਾਟਕ ਲਾਗੇ ਪਹੁੰਚ ਕੇ ਉਨ੍ਹਾਂ ਨੂੰ ਆਪਣੀ ਭੁੱਲ ਮਾਲੂਮ ਹੋਈ। ਨਾਲ ਹੀ ਘੋਰ ਨਿਰਾਸ਼ਾ ਨੇ ਪੈਰਾਂ ਨੂੰ ਮਣ-ਮਣ ਦੇ ਬਣਾ ਦਿੱਤਾ। ਉਹ ਉਥੇ ਹੀ ਰੁਕ ਗਏ। ਘੋੜੇ ਨੇ ਆਪਣੇ ਮਾਲਕ ਦੀ ਪੈੜ ਚਾਲ ਪਛਾਣ ਲਈ ਅਤੇ ਜ਼ੋਰ ਨਾਲ ਹਿਣਕਿਆ। ਹੁਣ ਬਾਬਾ ਭਾਰਤੀ ਹੈਰਾਨੀ ਅਤੇ ਖੁਸ਼ੀ ਨਾਲ ਭੱਜੇ ਭੱਜੇ ਅੰਦਰ ਗਏ ਅਤੇ ਆਪਣੇ ਪਿਆਰੇ ਘੋੜੇ ਦੇ ਗਲ ਲੱਗ ਕੇ ਇੰਜ ਰੋਣ ਲੱਗੇ, ਜਿਵੇਂ ਕੋਈ ਪਿਤਾ ਚਿਰਾਂ ਦੇ ਵਿਛੜੇ ਪੁੱਤ ਨੂੰ ਮਿਲ ਰਿਹਾ ਹੋਵੇ। ਵਾਰ-ਵਾਰ ਉਹਦੀ ਪਿੱਠ ਉੱਤੇ ਹੱਥ ਫੇਰਦੇ, ਵਾਰ-ਵਾਰ ਉਹਦੇ ਮੂੰਹ ਉੱਤੇ ਥਪਕੀਆਂ ਦਿੰਦੇ। ਫਿਰ ਉਹ ਪੂਰੀ ਤਸੱਲੀ ਨਾਲ ਬੋਲੇ, "ਹੁਣ ਕੋਈ ਦੀਨ-ਦੁਖੀਆਂ ਤੋਂ ਮੂੰਹ ਨਹੀਂ ਮੋੜੇਗਾ।"

# ਮੁਹੰਮਦ ਅਲੀ

ਅਲੀ ਨੇ 1981 ਵਿੱਚ ਮੁੱਕੇਬਾਜ਼ੀ ਤੋਂ ਸੰਨਿਆਸ ਲੈਣ ਤੋਂ ਬਾਅਦ ਧਰਮ, ਪਰਉਪਕਾਰ ਅਤੇ ਮਨੁੱਖਤਾ ਦੀ ਸੇਵਾ ਵੱਲ ਧਿਆਨ ਕੇਂਦਰਤ ਕੀਤਾ। ਉਸ ਦਾ ਕਹਿਣਾ ਸੀ, "ਜੋ ਸੇਵਾ ਤੁਸੀਂ ਦੂਜਿਆਂ ਲਈ ਕਰਦੇ ਹੋ, ਉਹ ਕਿਰਾਇਆ ਹੈ, ਜੋ ਤੁਸੀਂ ਧਰਤੀ 'ਤੇ ਆਪਣੇ ਸਵਰਗਾਂ ਵਿਚਲੇ ਕਮਰੇ ਲਈ ਅਦਾ ਕਰਦੇ ਹੋ।" 1984 ਵਿੱਚ ਉਹ ਬਦਕਿਸਮਤੀ ਨਾਲ ਪਾਰਕਿੰਸਨ'ਸ ਸਿੰਡਰੋਮ ਦਾ ਸ਼ਿਕਾਰ ਬਣਿਆ। ਪਾਰਕਿੰਸਨ'ਸ ਦੀ ਬਿਮਾਰੀ ਨਾਲ ਜੂਝਦੇ ਅਲੀ ਨੂੰ 2 ਜੂਨ 2016 ਵਾਲੇ ਦਿਨ ਸਕਾਟਸਡੇਲ, ਐਰੀਜ਼ੋਨਾ ਵਿੱਚ ਹਸਪਤਾਲ ਭਰਤੀ ਕਰਵਾਇਆ ਗਿਆ ਸੀ, ਜਿੱਥੇ ਉਸ ਨੇ ਸੈਪਟਿਕ ਸਟ੍ਰੋਕ ਦੇ ਚਲਦਿਆਂ ਆਪਣੇ ਅੰਤਿਮ ਸਾਹ ਲਏ।




*28 ਜਨਵਰੀ 1974 ਨੂੰ ਨਿਊ ਯਾਰਕ ਦੇ ਮੈਡੀਸਨ ਸਕੁਏਅਰ ਗਾਰਡਨ ਵਿਖੇ ਹੋਏ 'ਸੁਪਰ ਫਾਈਟ 2' ਦੇ ਮੁਕਾਬਲੇ ਵਿੱਚ ਮਹਿਜ 12 ਰਾਊਂਡਾਂ ਵਿੱਚ ਹੀ ਅਲੀ ਨੇ ਜੋਅ ਫਰੇਜ਼ਰ ਵੱਲੋਂ ਪਾਈ ਭਾਜੀ ਮੋੜ ਦਿੱਤੀ ਸੀ। ਇਹ ਦੇਖਣ ਲਈ ਕਿ ਕੌਣ ਬਿਹਤਰ ਹੈ, 'ਥ੍ਰੀਲਾ ਇਨ ਮਨੀਲਾ' ਤੀਸਰੀ ਅਤੇ ਆਖਰੀ ਲੜਾਈ ਸੀ। ਭਾਵੇਂ ਦੋਵੇਂ ਮੁੱਕੇਬਾਜ਼ਾਂ ਦਾ ਫਿੱਟਨੈੱਸ ਲੈਵਲ ਪਹਿਲਾਂ ਵਰਗਾ ਨਹੀਂ ਸੀ, ਪਰ ਇਸ ਮੁਕਾਬਲੇ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਦੋਹਾਂ ਮੁੱਕੇਬਾਜ਼ਾਂ ਨੇ 14ਵੇਂ ਗੇੜ ਤੱਕ ਹਿੰਮਤ ਦਿਖਾਈ, ਪਰ ਅੰਤ ਵਿੱਚ ਜੋਅ ਫ਼ਰੇਜ਼ਰ ਨੇ ਹੱਥ ਖੜ੍ਹੇ ਕਰ ਦਿੱਤੇ। ਬਹੁਤੇ ਲੋਕ ਇਹ ਨਹੀਂ ਜਾਣਦੇ ਕਿ ਬੁਰੀ ਤਰ੍ਹਾਂ ਥਕਾਵਟ ਨਾਲ ਚੂਰ ਹੋਇਆ ਅਲੀ ਵੀ ਮੈਚ ਛੱਡਣ ਨੂੰ ਤਿਆਰ ਬੈਠਾ ਸੀ। ਕਿਸਮਤ ਵਜੋਂ ਜੋਅ ਨੇ ਕੁੱਝ ਸੈਕਿੰਡ ਪਹਿਲਾਂ ਹੀ ਢੇਰੀ ਢਾਹ ਲਈ। ਦੋਵੇਂ ਬਹੁਤ ਬਹਾਦਰੀ ਨਾਲ ਲੜੇ ਅਤੇ ਇਸ ਖੂਨੀ ਲੜਾਈ ਤੋਂ ਬਾਅਦ ਉਨ੍ਹਾਂ ਦੋਹਾਂ ਨੂੰ ਹਸਪਤਾਲ ਲਿਜਾਣਾ ਪਿਆ। ਇਸ ਮੁਕਾਬਲੇ ਨੇ ਅਲੀ ਦੇ ਇੱਕ ਮਹਾਨ ਮੁੱਕੇਬਾਜ਼ ਹੋਣ 'ਤੇ ਮੋਹਰ ਲਾ ਦਿੱਤੀ ਸੀ।*

# PCO Milwaukee, WI *Proudly Presents*




## September 23, 2023

*(Saturday, 7pm)*
At The Waukesha Expo Center
1000 Northview Rd,
Waukesha, WI 53188



## Chief Guest

Darshan Singh
Dhaliwal

## For Tickets Contact PCO Members



Kulwant Singh
Dhillon
414-248-2792



Harvinder Singh
Lally Sidhu
414-788-9813



Satwinder Singh
Pompi
414-406-9016



Paramjit Singh
Hoti
414-333-2902



Gurpreet Singh
Bratty Gill
414-334-0047

**Punjabi Community Organization Milwaukee, WI**